

ਸ਼ਹੀਦ ਊਧਮ ਸਿੰਘ ਜੀ ਨੂੰ ਯਾਦ ਕਰਦਿਆਂ
(ਵਿਸ਼ੇਸ ਲੇਖ ਅੰਦਰ ਦੇਖੋ)

12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -12 ISSUE - 37
December 20, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



"ਗੁਰੂ ਕੇ ਬੇਟੇ"
ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ
(ਵਿਸ਼ੇਸ ਲੇਖ ਅੰਦਰ ਦੇਖੋ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


## ਰਾਸ਼ਟਰਪਤੀ ਬਾਇਡਨ ਦੇ ਕਾਫ਼ਲੇ ਨਾਲ ਕਾਰ ਟਕਰਾਈ



**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਦੇ ਡੈਲਵੇਅਰ 'ਚ ਐਤਵਾਰ ਦੀ ਰਾਤ ਨੂੰ ਰਾਸ਼ਟਰਪਤੀ ਜੋਅ ਬਾਇਡਨ ਦੇ ਕਾਫ਼ਲੇ ਨਾਲ ਕਾਰ ਟਕਰਾ ਗਈ। ਇਹ ਘਟਨਾ ਉਦੋਂ ਹੋਈ ਜਦੋਂ ਉਹ ਕੈਂਪੇਨ ਹੈੱਡਕੁਆਰਟਰ ਤੋਂ ਨਿਕਲ ਰਹੇ ਸਨ। ਸੀਕ੍ਰੇਟ ਸਰਵਿਸ ਦੇ ਏਜੰਟਾਂ ਨੇ ਡਰਾਈਵਰ ਨੂੰ ਹਿਰਾਸਤ 'ਚ ਲੈ ਲਿਆ ਹੈ। ਘਟਨਾ ਸਮੇਂ ਜਿਲ ਬਾਇਡਨ ਵੀ ਉੱਥੇ ਮੌਜੂਦ ਸਨ। ਸੀਕ੍ਰੇਟ ਸਰਵਿਸ ਵੱਲੋਂ ਇਸ ਮਾਮਲੇ 'ਚ ਹੁਣ ਤੱਕ ਕੋਈ ਟਿੱਪਣੀ ਨਹੀਂ ਕੀਤੀ ਗਈ।

ਘਟਨਾ 'ਚ ਰਾਸ਼ਟਰਪਤੀ ਤੇ ਉਨ੍ਹਾਂ ਦੀ ਪਤਨੀ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਦੋਵੇਂ ਸੁਰੱਖਿਅਤ ਹਨ। ਜੋਅ ਬਾਇਡਨ ਆਪਣੀ ਚੋਣ ਟੀਮ ਨਾਲ ਰਾਤ ਦਾ ਖਾਣਾ ਖਾਣ ਤੋਂ ਬਾਅਦ ਰਾਤ ਕਰੀਬ ਅੱਠ ਵਜੇ ਬਾਹਰ ਨਿਕਲੇ ਸਨ। ਉਹ ਪੱਤਰਕਾਰਾਂ ਵੱਲੋਂ ਪੁੱਛੇ ਗਏ ਸਵਾਲ ਦਾ ਜਵਾਬ ਹੀ ਦੇ ਰਹੇ ਸਨ ਕਿ ਸਿਲਵਰ ਰੰਗ ਦੀ ਇਕ ਸੇਡਾਨ ਕੈਂਪੇਨ ਹੈੱਡਕੁਆਰਟਰ ਦੇ ਚੌਰਾਹੇ ਨੂੰ ਘੇਰ ਕੇ ਖੜ੍ਹੀ ਕਾਫਲੇ ਦੀ ਐੱਸਯੂਵੀ ਨਾਲ ਜਾ ਟਕਰਾਈ। ਉਸ 'ਤੇ ਡੈਲਵੇਅਰ ਦੀ ਨੰਬਰ ਪਲੇਟ ਲੱਗੀ ਸੀ। ਸੀਸੀਟੀਵੀ ਫੁਟੇਜ 'ਚ ਦਿਖਾਈ ਦੇ ਰਿਹਾ ਹੈ ਕਿ ਘਟਨਾ ਤੋਂ ਬਾਅਦ ਸੀਕ੍ਰੀਟ ਸਰਵਿਸ ਏਜੰਟ ਜੋਅ ਬਾਇਡਨ ਨੂੰ ਕਾਰ ਤੱਕ ਐਸਕਾਰਟ ਕਰਦੇ ਹੋਏ ਲਿਜਾ ਰਹੇ ਹਨ। ਟੱਕਰ 'ਚ ਸੇਡਾਨ ਕਾਰ ਦਾ ਬੰਪਰ ਨੁਕਸਾਨਿਆ ਗਿਆ। ਦੇਖਦਿਆਂ ਹੀ ਦੇਖਦਿਆਂ ਸੁਰੱਖਿਆ ਮੁਲਾਜ਼ਮਾਂ ਨੇ ਸੇਡਾਨ ਕਾਰ ਨੂੰ ਘੇਰ ਲਿਆ। ਉਨ੍ਹਾਂ ਨੇ ਕਾਰ ਡਰਾਈਵਰ 'ਤੇ ਹਥਿਆਰ ਤਾਣ ਦਿੱਤੇ। ਬਾਇਡਨ ਰਾਤ 8।20 ਵਜੇ ਸੁਰੱਖਿਅਤ ਆਪਣੀ ਰਿਹਾਇਸ਼ 'ਤੇ ਪਹੁੰਚ ਗਏ ਸਨ।

## ਨਹਿਰੂ ਦੀ ਥਾਂ ਅੰਬੇਡਕਰ ਦੀ ਤਸਵੀਰ ਲਗਾਈ

**ਭੋਪਾਲ (ਬਿਊਰੋ)–** ਮੱਧ ਪ੍ਰਦੇਸ਼ ਵਿਧਾਨ ਸਭਾ ਵਿਚ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਤਸਵੀਰ ਹਟਾ ਕੇ ਉਸ ਦੀ ਥਾਂ ਡਾ. ਅੰਬੇਡਕਰ ਦੀ ਤਸਵੀਰ ਲਾਉਣ ਦੇ ਫੈਸਲੇ ਉਤੇ ਵਿਵਾਦ ਖੜ੍ਹਾ ਹੋ ਗਿਆ ਹੈ। ਇਸ 'ਤੇ ਕਾਂਗਰਸ ਨੇ ਤਿੱਖੀ ਪ੍ਰਤੀਕਿ- ਰਆ ਦਿੰਦਿਆਂ ਕਿਹਾ ਕਿ ਸੱਤਾਧਾਰੀ ਭਾਜਪਾ ਨੇ 'ਰਾਸ਼ਟਰ ਨਿਰਮਾਤਾ' ਦਾ ਅਪਮਾਨ ਕੀਤਾ ਹੈ। ਕਾਂਗਰਸ ਨੇ ਕਿਹਾ ਕਿ ਉਹ ਸਦਨ ਵਿਚ ਸੰਵਿਧਾਨ ਨਿਰਮਾਤਾ ਦੀ ਤਸਵੀਰ ਪ੍ਰਦਰਸ਼ਿਤ ਕਰਨ ਦਾ ਸਵਾਗਤ ਕਰਦੀ ਹੈ ਪਰ ਇਸ ਨੂੰ ਮਹਾਤਮਾ ਗਾਂਧੀ ਤੇ ਨਹਿਰੂ ਦੀਆਂ ਤਸਵੀਰਾਂ ਦੇ ਨਾਲ ਰੱਖਿਆ ਜਾ ਸਕਦਾ ਸੀ।

ਵਰਣਨਯੋਗ ਹੈ ਕਿ 16ਵੀਂ ਮੱਧ ਪ੍ਰਦੇਸ਼ ਵਿਧਾਨ ਸਭਾ ਦਾ ਪਹਿਲਾ ਸੈਸ਼ਨ ਸੋਮਵਾਰ ਨੂੰ ਸ਼ੁਰੂ ਹੋਇਆ ਹੈ। ਵਿਧਾਨ ਸਭਾ ਦੇ ਪ੍ਰਮੁੱਖ ਸਕੱਤਰ ਏਪੀ ਸਿੰਘ ਨੇ ਦੱਸਿਆ ਕਿ ਪਿਛਲੇ ਸੈਸ਼ਨ ਦੌਰਾਨ ਹੀ ਨਹਿਰੂ ਦੀ ਤਸਵੀਰ ਦੀ ਥਾਂ ਅੰਬੇਡਕਰ ਦੀ ਤਸਵੀਰ ਲਾਈ ਗਈ ਸੀ। ਉਨ੍ਹਾਂ ਕਿਹਾ ਕਿ ਤਤਕਾਲੀ ਸਪੀਕਰ ਗਿਰੀਸ਼ ਗੌਤਮ ਨੇ ਜੁਲਾਈ ਵਿਚ ਪਿਛਲੇ ਸੈਸ਼ਨ ਦੌਰਾਨ ਤਸਵੀਰ ਨੂੰ ਬਦਲਣ ਦਾ ਹੁਕਮ ਦਿੱਤਾ ਸੀ ਕਿਉਂਕਿ ਇਹ ਬਹੁਤ ਪੁਰਾਣੀ ਸੀ ਤੇ ਖਰਾਬ ਹੋ ਰਹੀ ਸੀ।

# ਪਾਰਲੀਮੈਂਟ 'ਚ ਵਿਰੋਧੀ ਅਤੇ ਸੱਤਾਧਾਰੀ ਧਿਰ ਵਿਚਕਾਰ ਟਕਰਾਅ ਬਰਕਰਾਰ

## ਉੱਤਰੀ ਕੋਰੀਆ ਦੇ ਸਦਨ ਵਾਂਗ ਬਣ ਰਿਹੈ ਭਾਰਤੀ ਸੰਸਦ: ਵਿਰੋਧੀ ਧਿਰ




**ਨਵੀਂ ਦਿੱਲੀ (ਬਿਊਰੋ)–** ਭਾਰਤੀ ਪਾਰਲੀਮੈਂਟ ਵਿਚ ਵਿਰੋਧੀ ਧਿਰ ਅਤੇ ਸੱਤਾਧਾਰੀ ਧਿਰ ਵਿਚਕਾਰ ਟਕਰਾਅ ਬਰਕਰਾਰ ਹੈ। ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਲੋਕ ਸਭਾ 'ਚੋਂ 49 ਸੰਸਦ ਮੈਂਬਰਾਂ ਨੂੰ ਮੁਅੱਤਲ ਕੀਤੇ ਜਾਣ ਦੀ ਕਾਰਵਾਈ ਦੀ ਆਲੋਚਨਾ ਕਰਦਿਆਂ ਕਿਹਾ ਕਿ ਸੰਸਦ ਸੰਵਿਧਾਨ ਦੀ ਕਬਰ ਬਣ ਚੁੱਕਾ ਹੈ। ਉਨ੍ਹਾਂ ਸੰਸਦ ਦੀ ਅੱਜ ਦੀ ਕਾਰਵਾਈ ਦੀ ਤੁਲਨਾ ਉੱਤਰੀ ਕੋਰੀਆ ਦੇ ਸਦਨ ਨਾਲ ਵੀ ਕੀਤੀ। ਇਸ ਕਾਰਵਾਈ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ, 'ਸੰਵਿਧਾਨ ਦੀ ਕਬਰ ਇੱਥੇ ਦਿਖਾਈ ਦੇ ਰਹੀ ਹੈ।'

ਉਨ੍ਹਾਂ ਸੰਸਦ ਦੇ ਬਾਹਰ ਕਿਹਾ, 'ਵਿਰੋਧੀ ਧਿਰ ਦੇ ਸੰਸਦ ਮੈਂਬਰ ਜਿਨ੍ਹਾਂ ਦੀ ਜ਼ਿੰਮੇਵਾਰੀ ਸਵਾਲ ਕਰਨਾ ਹੈ, ਨੂੰ ਸਵਾਲ ਕਰਨ 'ਤੇ ਹੀ ਸੰਸਦ 'ਚੋਂ ਬਾਹਰ ਸੁੱਟ ਦਿੱਤਾ ਗਿਆ ਹੈ। ਦੇਖੋ! ਇਹ ਨਵਾਂ ਭਾਰਤ ਹੈ।' ਕਾਂਗਰਸ ਦੇ ਸੰਸਦ ਮੈਂਬਰ ਕਾਰਤੀ ਚਿਦੰਬਰਮ ਨੇ ਕਿਹਾ ਕਿ ਸੰਸਦ ਜਲਦੀ ਹੀ ਉੱਤਰੀ ਕੋਰੀਆ ਦੇ ਸਦਨ ਵਾਂਗ ਹੋ ਜਾਵੇਗਾ। ਉਨ੍ਹਾਂ ਕਿਹਾ, 'ਅਸੀਂ ਉੱਤਰੀ ਕੋਰੀਆ ਦੇ ਸਦਨ ਵਾਂਗ ਬਣਨ ਜਾ ਰਹੇ ਹਾਂ ਅਤੇ ਉੱਥੋਂ ਵਰਗੀ ਇੱਕ ਹੀ ਚੀਜ਼ ਹੋਣੀ ਬਾਕੀ ਹੈ ਤੇ ਉਹ ਪ੍ਰਧਾਨ ਮੰਤਰੀ ਦੇ ਆਉਣ 'ਤੇ ਤਾੜੀਆਂ ਮਾਰਨਾ ਹੈ। ਇਹ ਇੱਕ ਸੰਕੇਤਕ ਸਦਨ ਬਣਨ ਜਾ ਰਿਹਾ ਹੈ।' ਕਾਂਗਰਸ ਦੇ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਕਿਹਾ ਕਿ ਜੋ ਵੀ ਹੋ ਰਿਹਾ ਹੈ ਉਹ ਬਹੁਤ ਹੀ ਬੇਇੱਜ਼ਤੀ ਭਰਿਆ ਹੈ।

ਉਨ੍ਹਾਂ ਕਿਹਾ, 'ਉਨ੍ਹਾਂ (ਸਰਕਾਰ) ਦੀ ਸੰਸਦੀ ਲੋਕਤੰਤਰ ਦਾ ਲੋਕਤੰਤਰੀ ਪ੍ਰਬੰਧ ਕਾਇਮ ਕਰਨ ਦੀ ਕੋਈ ਇੱਛਾ ਨਹੀਂ ਹੈ। ਉਨ੍ਹਾਂ ਦੀ ਇੱਛਾ ਸਿਰਫ਼ ਲੋਕ ਸਭਾ 'ਚੋਂ ਵਿਰੋਧੀ ਧਿਰ ਦਾ ਸਫਾਇਆ ਕਰਨ ਦੀ ਹੈ। ਇਸ ਲਈ ਅਸੀਂ ਅਜਿਹੇ ਹਾਲਾਤ ਮਹਿਸੂਸ ਕਰ ਰਹੇ ਹਾਂ ਜਿੱਥੇ ਸੰਸਦੀ ਲੋਕਤੰਤਰ ਲਈ ਕੋਈ ਸਨਮਾਨ ਨਹੀਂ ਹੈ।'

ਕਾਂਗਰਸ ਦੇ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਕਿਹਾ ਕਿ ਸੰਸਦ ਪੂਰੀ ਤਰ੍ਹਾਂ ਨਜਾਇਜ ਹੋ ਚੁੱਕਾ ਹੈ। ਉਨ੍ਹਾਂ ਕਿਹਾ, 'ਇਹ ਸਭ ਸੰਸਦ 'ਚੋਂ ਸਭ ਤੋਂ ਖਤਰਨਾਕ ਕਾਨੂੰਨ ਪਾਸ ਕਰਨ ਲਈ ਕੀਤਾ ਜਾ ਰਿਹਾ ਹੈ ਜੋ ਦੇਸ਼ ਨੂੰ ਇੱਕ ਪੁਲੀਸ ਸਟੇਟ ਵਿੱਚ ਬਦਲ ਦੇਣਗੇ।' ਉਹ ਸੰਸਦ 'ਚ ਪੇਸ਼ ਕੀਤੇ ਗਏ ਕਾਨੂੰਨਾਂ ਸਬੰਧੀ ਤਿੰਨ ਨਵੇਂ ਬਿੱਲਾਂ ਦੇ ਸੰਦਰਭ ਵਿੱਚ ਬੋਲ ਰਹੇ ਸਨ। ਉਨ੍ਹਾਂ ਕਿਹਾ, 'ਇਹ ਉਨ੍ਹਾਂ ਦਾ ਆਪਣੀ ਮਰਜ਼ੀ ਥੋਪਣ ਦਾ ਢੰਗ ਹੈ ਅਤੇ ਜੇਕਰ ਉਹ ਅਗਲੀ ਵਾਰ ਵਾਪਸ ਆਏ ਤਾਂ ਡਾ। ਬੀ।ਆਰ। ਅੰਬੇਡਕਰ ਦਾ ਸੰਵਿਧਾਨ ਖਤਮ ਹੋ ਜਾਵੇਗਾ ਤੇ ਤੁਸੀਂ ਇਸ ਦਰਵਾਜ਼ੇ ਰਾਹੀਂ ਦਾਖਲ ਨਹੀਂ ਹੋ ਸਕੋਗੇ।'

ਲੋਕ ਸਭਾ ਨੇ ਸਦਨ ਦਾ ਅਪਮਾਨ ਕਰਨ ਦੇ ਮਾਮਲੇ ਵਿੱਚ ਵਿਰੋਧੀ ਧਿਰ ਦੇ ਮੈਂਬਰਾਂ ਸੀ. ਥਾਮਸ ਅਤੇ ਏਐੱਮ ਆਰਿਫ ਨੂੰ ਸੰਸਦ ਸੈਸ਼ਨ ਦੀ ਬਾਕੀ ਮਿਆਦ ਲਈ ਮੁਅੱਤਲ ਕਰ ਦਿੱਤਾ ਹੈ। ਹੁਣ ਤੱਕ ਕੁੱਲ 97 ਲੋਕ ਸਭਾ ਮੈਂਬਰਾਂ ਨੂੰ ਮੁਅੱਤਲ ਕੀਤਾ ਜਾ ਚੁੱਕਾ ਹੈ। ਇਸ ਤੋਂ ਪਹਿਲਾਂ ਪਿਛਲੇ ਹਫਤੇ ਵੀਰਵਾਰ ਨੂੰ 13, ਸੋਮਵਾਰ ਨੂੰ 33 ਅਤੇ ਮੰਗਲਵਾਰ ਨੂੰ 49 ਮੈਂਬਰਾਂ ਨੂੰ ਮੁਅੱਤਲ ਕੀਤਾ ਗਿਆ ਸੀ।




Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SAROAY INVESTMENT REALTY



Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed



Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਦੇ ਦਸੰਬਰ ਮਹੀਨੇ ਦੇ ਪ੍ਰੋਗਰਾਮ

**December 31, 2023**

**Akhand Path Sewa by Bains Family**

Bains family will host Akhand path and Langar Sewa. Akhand Path will start on Friday, December 29, 2023 at 10:00 AM and will conclude with Bhog ceremony on Sunday morning December, 31, 2023. May Guru Sahib keep Bains family in Chardikala.

**December 31, 2023**

**Rain Sabai New Year's Celebration**

We will be celebrating New Year's Eve at Gurughar in welcoming the New Year 2024. Let us start the New Year with a prayer for love, happiness and prosperity of our Sangat.

For STALLS or any SEWA, please contact :

President Vinod Kumar at (408) 718-2506 or Chairman Ramesh Suman at (925) 366-3618

**Sangat Sewadars** www.sriguruiravidasstemple.com

| Chairman | President | General Secretary | Treasurer |
|---|---|---|---|
| Ramesh Suman | Vinod Kumar | Naresh Kumar | Sunita K Singh |
| (925) 366 3618 | (408) 718-2506 | (415) 424 9860 | (415) 233-3319 |




# KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਸਿਨਸਿਨੈਟੀ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਤੰਤੀ ਸਾਜ਼ਾਂ ਨਾਲ ਸਜਾਏ ਗਏ ਕੀਰਤਨ ਦਰਬਾਰ, ਕੱਢਿਆ ਗਿਆ ਨਗਰ ਕੀਰਤਨ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਪਹਿਲੀ ਪਾਤਸ਼ਾਹੀ ਸਰੀ ਗੁਰ ਨਾਨਕ ਸਾਹਿਬ ਜੀ ਦਾ 554ਵਾਂ ਪਰਕਾਸ਼ ਪੁਰਬ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨ ਸਿਨੈਟੀ ਵਿਖੇ ਗੁਰਦੁਆਰਾ ਗੁਰੂ ਨਾਨਕ ਸੋਸਾਇਟੀ ਆਫ ਗਰੇਟਰ ਸਿਨ ਸਿਨੈ ਟੀ ਦੀ ਸਮੂਹ ਸਾਧ ਸੰਗਤ ਵਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਪੁਰਬ ਦੇ ਸਬੰਧ ਵਿੱਚ ਤਿੰਨ ਦਿਨਾਂ ਵਿਸ਼ੇਸ਼ ਕੀਰਤਨ ਦਰਬਾਰ ਸਜਾਏ ਗਏ ਜਿਸ ਵਿੱਚ ਕੈਲੀਫੋਰਨੀਆਂ ਤੋਂ ਆਏ ਭਾਈ ਮਨਬੀਰ ਸਿੰਘ, ਭਾਈ ਗੁਰਵਿੰਦਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਜੀ ਦੇ ਜੱਥੇ ਨੇ ਗੁਰੂ ਸਾਹਿਬ ਦੇ ਵੇਲੇ ਦੇ ਤੰਤੀ ਸਾਜ਼ ਰਬਾਬ ਅਤੇ ਦਿਲਰੁਬਾ ਨਾਲ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਅਖੀਰਲੇ ਦਿਨ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੰਗਤਾਂ ਰੱਸ ਭਿੰਨੇ ਕੀਰਤਨ ਵਿੱਚ ਇੰਨੀਆਂ ਲੀਨ ਹੋ ਗਈਆਂ ਕਿ ਭਾਈ ਮਨਬੀਰ ਸਿੰਘ ਜੀ ਇਹਨਾਂ ਸਾਜ਼ਾਂ ਨਾਲ 2 ਘੰਟੇ ਤੋਂ ਵੀ ਵੱਧ ਸਮੇਂ ਲਈ ਕੀਰਤਨ ਕਰਦੇ ਰਹੇ। ਇਹਨਾਂ ਸਮਾਗਮਾਂ ਦੋ ਦੌਰਾਨ ਇਹਨਾਂ ਸਾਜ਼ਾਂ ਦੀ ਸੰਗਤ, ਖ਼ਾਸਕਰ ਬੱਚਿਆਂ ਨੂੰ ਸਿੱਖਿਆ ਦੇਣ ਲਈ ਵਰਕਸ਼ਾਪ ਦਾ ਵੀ ਪ੍ਰਬੰਧ ਕੀਤਾ ਗਿਆ। ਇਸ ਵਿੱਚ ਜੱਥੇ ਨੇ ਇਹਨਾਂ ਸਾਜ਼ਾਂ ਦੀ ਮਹੱਤਤਾ, ਇਹਨਾਂ ਨੂੰ ਕਿਵੇਂ ਵਜਾਉਣਾ ਹੈ ਬਾਰੇ ਜਾਣਕਾਰੀ ਦਿੱਤੀ। ਸਮਾਗਮਾਂ ਦੇ ਦੂਜੇ ਦਿਨ ਨਿਸ਼ਾਨ ਸਾਹਿਬ ਦੀ ਸੇਵਾ ਉਪਰੰਤ ਗੁਰੂ ਗਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਦੀ ਅਗਵਾਈ ਹੇਠ ਨਗਰ ਕੀਰਤਨ ਵੀ ਸਜਾਏ ਗਏ। ਨਗਰ ਕੀਰਤਨ ਗੁਰਦੁਆਰਾ ਸਾਹਿਬ ਦੇ ਨਾਲ ਲਗਦੀਆਂ ਕਈ ਹਾਜਰ ਅਬਾਦੀਆਂ ਵਿੱਚੋਂ ਦੀ ਲੰਗਿਆ। ਰਸਤੇ ਵਿੱਚ ਇਹਨਾਂ ਅਬਾਦੀਆਂ ਵਿੱਚ ਰਹਿੰਦੀਆਂ ਸਿੱਖ ਸੰਗਤਾਂ ਵਲੋਂ ਗਰਮ ਦੁੱਧ, ਪਾਣੀ, ਫਲਾਂ ਆਦ ਦੇ ਲੰਗਰ ਵੀ ਸੰਗਤਾਂ ਨੂੰ ਵਰਤਾਏ ਗਏ। ਅਮਰੀਕਨਾਂ ਨੇ ਵੀ ਆਪਣੇ ਘਰਾਂ ਦੇ ਬਾਹਰ ਆ ਕੇ ਸਿੱਖ ਸੰਗਤ ਨੂੰ ਗੁਰਪੁਰਬ ਦੀ ਵਧਾਈ ਦਿੱਤੀ। ਇਸ ਨਾਲ ਉਹਨਾਂ ਨੂੰ ਵੀ ਸਿੱਖਾਂ ਬਾਰੇ ਜਾਣਕਾਰੀ ਮਿਲੀ। ਸਰਦੀ ਹੋਣ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਸਿਨ ਸਿਨੈਟੀ ਦੇ ਨਾਲ ਲੱਗਦ ਸ਼ਹਿਰ ਡੇਟਨ ਅਤੇ ਕੈਨਟਿੱਕੀ ਸੂਬੇ ਤੋਂਵੀ ਸੰਗਤਾਂ ਇਸ ਵਿੱਚ ਸ਼ਾਮਲ ਹੋਈਆਂ। ਇਸ ਦੌਰਾਨ ਤਿੰਨੋ ਦਿਨ ਗੁਰੂ ਕਾ ਲੰਗਰ ਵੀ ਅਤੁਟ ਵਰਤਾਇਆ ਗਿਆ।

# ਸੈਕਰਾਮੈਂਟੋ ਦੇ ਲਾਗਲੇ ਸ਼ਹਿਰ ਗਾਲਟ ਸਿਟੀ ਦੇ ਪਰਗਟ ਸਿੰਘ ਸੰਧੂ ਦੂਜੀ ਵਾਰ ਮੇਅਰ ਬਣੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਸਥਾਨਕ ਸਿੱਖ ਆਗੂ ਪਰਗਟ ਸਿੰਘ ਸੰਧੂ ਨੂੰ ਸੈਕਰਾਮੈਂਟੋ ਦੇ ਲਾਗਲੇ ਸ਼ਹਿਰ ਗਾਲਟ ਸਿਟੀ ਦਾ ਮੇਅਰ ਚੁਣ ਲਿਆ ਗਿਆ ਹੈ, ਉਨ੍ਹਾਂ ਨੂੰ ਸਾਰੇ ਕੌਂਸਲ ਮੈਬਰਾਂ ਨੇ ਸਰਬਸੰਮਤੀ ਨਾਲ ਇਸ ਅਹੁਦੇ 'ਤੇ ਚੁਣਿਆ ਗਿਆ। ਪਰਗਟ ਸਿੰਘ ਸੰਧੂ ਪਿਛਲੇ ਲੰਮੇ ਸਮੇਂ ਤੋਂ ਅਮਰੀਕਨ ਸਿਆਸਤ ਵਿਚ ਸਰਗਰਮ ਹਨ। ਇਸ ਤੋਂ ਪਹਿਲਾਂ ਉਹ ਗਾਲਟ ਪਲੈਨਿੰਗ ਕਮਿਸ਼ਨ ਦੇ ਮੁਖੀ ਵੀ ਰਹਿ ਚੁੱਕੇ ਹਨ। ਇਸ ਤੋਂ ਬਾਅਦ ਉਹ ਅਮਰੀਕਾ ਦੇ ਪਹਿਲੇ ਸਿੱਖ ਕੌਂਸਲ ਮੈਂਬਰ ਚੁਣੇ ਗਏ। ਫਿਰ ਗਾਲਟ ਸਿਟੀ ਦੇ ਮੇਅਰ ਦੇ ਅਹੁਦੇ ਤੱਕ ਪਹੁੰਚੇ। ਪਰਗਟ ਸਿੰਘ ਸੰਧੂ ਸਥਾਨਕ ਭਾਇਚਾਰੇ ਵਿੱਚ ਕਾਫੀ ਸਤਿਕਾਰੇ ਜਾਂਦੇ ਹਨ। ਉਹ ਆਪਣੇ ਜਲੰਧਰ ਦੇ ਛੋਟੇ ਜਿਹੇ ਪਿੰਡ ਬਸ਼ੇਰਪੁਰ ਤੋਂ ਅਮਰੀਕਾ ਪਹੁੰਚੇ ਤੇ ਇਥੇ ਆ ਕੇ ਉਨ੍ਹਾਂ ਨੇ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ। ਉਨ੍ਹਾਂ ਅਮਰੀਕਾ ਵਿਚ ਰਹਿੰਦਿਆਂ 25 ਸਾਲ ਦੇ ਕਰੀਬ ਅਮਰੀਕਨ ਪੋਸਟ ਆਫਿਸ ਵਿਚ ਨੌਕਰੀ ਕੀਤੀ। ਨੌਕਰੀ ਤੋਂ ਰਿਟਾਇਰਮੈਂਟ ਲੈਣ ਉਪਰੰਤ ਉਹ ਅਮਰੀਕਨ ਰਾਜਨੀਤੀ ਵਿਚ ਕੁੱਦ ਪਏ ਅਤੇ ਉਨ੍ਹਾਂ ਕਦੇ ਵੀ ਹਾਰ ਦਾ ਮੂੰਹ ਨਹੀਂ ਦੇਖਿਆ। ਪਹਿਲੀ ਵਾਰ ਉਹ



ਦਸੰਬਰ 2019 ਵਿਚ ਗਾਲਟ ਸਿਟੀ ਦੇ ਮੇਅਰ ਨਿਯੁਕਤ ਕੀਤੇ ਗਏ ਸਨ। ਉਪਰੰਤ ਉਹ ਸਿਟੀ ਦੇ ਵਾਈਸ ਮੇਅਰ ਰਹੇ ਅਤੇ ਹੁਣ ਫਿਰ ਤੋਂ ਗਾਲਟ ਸਿਟੀ ਦੇ ਮੇਅਰ ਚੁਣੇ ਗਏ ਹਨ। ਪਰਗਟ ਸਿੰਘ ਸੰਧੂ ਗਾਲਟ ਸਿਟੀ ਤੋਂ ਇਲਾਵਾ ਸਿੱਖ ਭਾਈਚਾਰੇ ਦੀਆਂ ਗਤੀਵਿਧੀਆਂ 'ਚ ਵੀ ਵੱਧ-ਚੜ੍ਹ ਕੇ ਹਿੱਸਾ ਲੈਂਦੇ ਹਨ। ਉਹ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਅਤੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਦੇ ਮੁੱਖ ਪ੍ਰਬੰਧਕ ਵੀ ਹਨ।

# ਜੇ 'ਆਪ' ਨਾਲ ਗੱਠਜੋੜ ਹੋਇਆ ਤਾਂ ਕਾਂਗਰਸ ਹੋਂਦ ਗੁਆ ਬੈਠੇਗੀ: ਜਾਖੜ

**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਜੇਕਰ ਆਮ ਆਦਮੀ ਪਾਰਟੀ ਅਤੇ ਕਾਂਗਰਸ ਦਾ ਗੱਠਜੋੜ ਹੋ ਜਾਂਦਾ ਹੈ ਤਾਂ 2027 ਵਿੱਚ ਕਾਂਗਰਸ ਲੜਾਈ ਤੋਂ ਬਾਹਰ ਹੋ ਜਾਵੇਗੀ। ਸ੍ਰੀ ਜਾਖੜ ਨੇ ਭਾਜਪਾ ਵੱਲੋਂ ਅਕਾਲੀ ਦਲ ਨਾਲ ਗੱਠਜੋੜ ਸਬੰਧੀ ਚੱਲ ਰਹੀਆਂ ਅਫਵਾਹਾਂ ਬਾਰੇ ਕਿਹਾ ਕਿ ਗੱਠਜੋੜ ਬਾਰੇ ਫੈਸਲਾ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਹੀ ਲੈਣਾ ਹੈ। ਭਾਜਪਾ ਦੇ ਸੂਬਾ ਪ੍ਰਧਾਨ ਦਾ ਕਹਿਣਾ ਹੈ ਕਿ ਤਿੰਨ ਰਾਜਾਂ 'ਚ ਹਾਰਨ ਤੋਂ ਬਾਅਦ ਕਾਂਗਰਸ ਅਤੇ 'ਆਪ' ਵਿਚਾਲੇ ਗੱਠਜੋੜ ਦੀਆਂ ਸੰਭਾਵਨਾਵਾਂ ਵਧ ਰਹੀਆਂ ਹਨ। ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਇਸ ਗੱਠਜੋੜ ਦਾ ਕਿੰਨਾ ਕੁ ਅਸਰ ਹੋਵੇਗਾ, ਇਹ ਸਮਾਂ ਹੀ ਦੱਸੇਗਾ ਪਰ ਕਾਂਗਰਸ 2027 ਵਿੱਚ ਚੋਣ ਮੈਦਾਨ ਵਿਚੋਂ ਬਾਹਰ ਹੋ ਜਾਵੇਗੀ।




# ਉਪ ਰਾਸਟਰਪਤੀ ਦੀ ਨਾਲ ਲਾਹੁਣ ਦੇ ਮਾਮਲੇ 'ਚ ਟੀਐੱਮਸੀ ਦੇ ਸੰਸਦ ਮੈਂਬਰ ਖ਼ਿਲਾਫ਼ ਪੁਲਿਸ ਨੂੰ ਸ਼ਿਕਾਇਤ

**ਨਵੀਂ ਦਿੱਲੀ-** ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਕਲਿਆਣ ਬੈਨਰਜੀ ਖ਼ਿਲਾਫ਼ ਸੰਸਦ ਕੰਪਲੈਕਸ ਵਿਚ ਉਪ ਪ੍ਰਧਾਨ ਜਗਦੀਪ ਧਨਖੜ ਦੀ ਨਕਲ ਲਾਹੇ ਜਾਣ 'ਤੇ ਵਕੀਲ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਸੱਤਾਧਾਰੀ ਭਾਜਪਾ ਦੀ ਸਖ਼ਤ ਨਿੰਦਾ ਕਰਦੇ ਹੋਏ ਸੰਸਦ ਮੈਂਬਰਾਂ ਦੀ ਮੁਅੱਤਲੀ ਖ਼ਿਲਾਫ਼ ਮੰਗਲਵਾਰ ਨੂੰ ਸੰਸਦ ਦੀਆਂ ਪੌੜੀਆਂ 'ਤੇ ਵਿਰੋਧੀ ਧਿਰ ਦੇ ਪ੍ਰਦਰਸ਼ਨ ਦੌਰਾਨ ਬੈਨਰਜੀ ਨੇ ਧਨਖੜ ਦੀ ਨਕਲ ਲਾਹੀ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੂੰ ਬੈਨਰਜੀ ਦੇ ਮੋਬਾਈਲ ਫੋਨ 'ਤੇ ਇਸ ਦੀ ਵੀਡੀਓ ਬਣਾਉਂਦੇ ਦੇਖਿਆ ਗਿਆ। ਪੁਲੀਸ ਅਧਿਕਾਰੀ ਨੇ ਦੱਸਿਆ, 'ਐਡਵੋਕੇਟ ਅਭਿਸ਼ੇਕ ਗੌਤਮ ਨੇ ਮੰਗਲਵਾਰ ਸ਼ਾਮ ਨੂੰ ਡਿਫੈਂਸ ਕਲੋਨੀ ਪੁਲੀਸ ਸਟੇਸ਼ਨ 'ਚ ਸ਼ਿਕਾਇਤ ਦਰਜ ਕਰਵਾਈ। ਅਸੀਂ ਉਸ ਨੂੰ ਅੱਗੇ ਆਪਣੇ ਸੀਨੀਅਰਾਂ ਕੋਲ ਭੇਜ ਦਿੱਤਾ ਹੈ।'

**ਨਕਲ ਲਾਹੁਣਾ ਕੋਈ ਅਪਰਾਧ ਨਹੀਂ, ਮੋਦੀ ਵੀ ਅਜਿਹਾ ਕਰਦੇ ਰਹੇ: ਕਲਿਆਣ ਬੈਨਰਜੀ**

ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਕਲਿਆਣ ਬੈਨਰਜੀ ਨੇ ਕਿਹਾ ਹੈ ਕਿ ਨਕਲ ਲਾਹੁਣਾ ਅਪਰਾਧ ਨਹੀਂ ਹੈ, ਉਹ (ਭਾਜਪਾ) ਅਸਲ ਮਾਮਲੇ ਨੂੰ ਭਟਕਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ,'ਕੀ ਵਿਰੋਧੀ ਸੰਸਦ ਮੈਂਬਰਾਂ ਦੀ ਮੁਅੱਤਲੀ ਸਹੀ ਹੈ। ਮੈਂ ਸਪਸ਼ਟ ਕਰਦਿਆਂ ਕਿ ਉਪ ਰਾਸ਼ਟਰਪਤੀ ਅਤੇ ਕਿਸੇ ਹੋਰ ਦੇ ਅਕਸ ਸੱਟ ਮਾਰਨ ਦਾ ਬਿਲਕੁਲ ਕੋਈ ਇਰਾਦਾ ਨਹੀਂ ਸੀ, ਮੈਂ ਸੰਵਿਧਾਨਕ ਅਹੁਦਿਆਂ ਦਾ ਸਨਮਾਨ ਕਰਦਾ ਹਾਂ।'ਉਨ੍ਹਾਂ ਨਾਲ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਨੇ 2014 ਤੋਂ 2019 ਦੇ ਵਿਚਕਾਰ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾਵਾਂ ਦੀ ਨਕਲ ਉਤਾਰਦੇ ਸਨ। ਉਨ੍ਹਾਂ ਨੇ ਜਦੋਂ ਅਜਿਹਾ ਕੀਤਾ ਤਾਂ ਸਾਰਿਆਂ ਨੇ ਇਸ ਨੂੰ ਮਜ਼ਾਰ ਵਜੋਂ ਲਿਆ ਨਾ ਕਿ ਗੰਭੀਰਤਾ ਨਾਲ। ਹੁਣ ਉਹ ਮੇਰੇ ਮਾਮਲੇ ਵਿੱਚ ਇਸ ਨੂੰ ਗੰਭੀਰਤਾ ਨਾਲ ਲੈ ਰਹੇ ਹਨ।



**ਮੋਦੀ ਤੇ ਭਾਜਪਾ ਦੇਸ਼ 'ਚ ਇਕ ਪਾਰਟੀ ਦਾ ਰਾਜ ਸਥਾਪਤ ਕਰਨਾ ਚਾਹੁੰਦੇ ਹਨ: ਖੜਗੇ**

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸੰਸਦ ਦੇ ਦੋਵਾਂ ਸਦਨਾਂ 'ਚੋਂ ਵਿਰੋਧੀ ਪਾਰਟੀਆਂ ਦੇ 141 ਸੰਸਦ ਮੈਂਬਰਾਂ ਨੂੰ ਮੁਅੱਤਲ ਕਰਨ 'ਤੇ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੇਸ਼ 'ਚ ਇਕ ਪਾਰਟੀ ਦਾ ਰਾਜ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਖੜਗੇ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕੀਤਾ, '141 ਸੰਸਦ ਮੈਂਬਰਾਂ ਨੂੰ ਮੁਅੱਤਲ ਕੀਤਾ ਗਿਆ ਹੈ ਕਿਉਂਕਿ ਉਹ ਗੰਭੀਰ ਸੁਰੱਖਿਆ ਉਲੰਘਣਾ ਦੇ ਮੁੱਦੇ 'ਤੇ ਗ੍ਰਹਿ ਮੰਤਰੀ ਤੋਂ ਬਿਆਨ ਚਾਹੁੰਦੇ ਸਨ। 6 ਮੁਲਜ਼ਮਾਂ 'ਤੇ ਅਤਿਵਾਦ ਵਿਰੋਧੀ ਯੂਏਪੀਏ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਮੁਲਜ਼ਮਾਂ ਨੂੰ ਦਾਖਲ ਹੋਣ 'ਚ ਮਦਦ ਕਰਨ ਵਾਲੇ ਭਾਜਪਾ ਦੇ ਸੰਸਦ ਮੈਂਬਰ (ਪ੍ਰਤਾਪ ਸਿਮਹਾ) ਤੋਂ ਹਾਲੇ ਤੱਕ ਪੁੱਛ ਪੜਤਾਲ ਨਹੀਂ ਕੀਤੀ ਗਈ। ਇਹ ਕਿਹੋ ਜਿਹੀ ਜਾਂਚ ਹੈ? ਸੰਸਦੀ ਸੁਰੱਖਿਆ ਲਈ ਜ਼ਿੰਮੇਵਾਰ ਸੀਨੀਅਰ ਅਧਿਕਾਰੀਆਂ ਨੂੰ ਜਵਾਬਦੇਹ ਕਿਉਂ ਨਹੀਂ ਬਣਾਇਆ ਗਿਆ?'

# ਡਾਕਟਰ ਭਰਤੀ ਘੁਟਾਲਾ: ਪੀਪੀਐੱਸਸੀ ਦੇ ਸਾਬਕਾ ਚੇਅਰਮੈਨ ਤੇ ਪੰਜ ਹੋਰਾਂ ਖ਼ਿਲਾਫ਼ ਮੁਕੱਦਮਾ ਦਰਜ

**ਪਟਿਆਲਾ-** ਵਿਜੀਲੈਂਸ ਬਿਊਰੋ ਵੱਲੋਂ ਡੇਢ ਦਹਾਕਾ ਪੁਰਾਣੇ 312 ਮੈਡੀਕਲ ਅਫਸਰਾਂ ਦੇ ਕਥਿਤ ਭਰਤੀ ਘੁਟਾਲੇ ਸਬੰਧੀ 'ਪੰਜਾਬ ਪਬਲਿਕ ਸਰਵਿਸ ਕਮਿਸ਼ਨ' (ਪੀਪੀਐੱਸਸੀ) ਦੇ ਸਾਬਕਾ ਚੇਅਰਮੈਨ ਮਰਹੂਮ ਐੱਸ ਕੇ ਸਿਨਹਾ ਅਤੇ ਕਮਿਸ਼ਨ ਦੇ ਸਾਬਕਾ ਮੈਂਬਰ ਮਰਹੂਮ ਬ੍ਰਿਗੇਡੀਅਰ ਡੀਐੱਸ ਗਰੇਵਾਲ ਸਮੇਤ ਪੰਜ ਹੋਰਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਵਿਜੀਲੈਂਸ ਬਿਊਰੋ ਦੇ ਪਟਿਆਲਾ ਸਥਿਤ ਥਾਣੇ 'ਚ ਐੱ-ਫਆਰਆਈ ਨੰਬਰ 45 ਦੇ ਅਧੀਨ ਇਹ ਕੇਸ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 13 (1) (ਏ) ਰ/ਵ 13 (2) ਸਮੇਤ ਭਾਰਤੀ ਦੰਡਾਵਲੀ ਦੀ ਧਾਰਾ 409 ਅਤੇ 120 ਬੀ ਤਹਿਤ ਦਰਜ ਕੀਤਾ ਗਿਆ ਹੈ। ਇਸ ਕੇਸ ਵਿੱਚ ਨਾਮਜ਼ਦ ਸਾਬਕਾ ਵਿਧਾਇਕ ਡਾ। ਸਤਵੰਤ ਸਿੰਘ ਮੋਹੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਹ ਪਟਿਆਲਾ ਜ਼ਿਲ੍ਹੇ ਦੇ ਸ਼ੁਤਰਾਣਾ ਹਲਕੇ ਤੋਂ 1985 'ਚ ਵਿਧਾਇਕ ਰਹੇ ਹਨ। ਇਨ੍ਹਾਂ ਤੋਂ ਇਲਾਵਾ ਕੇਸ ਵਿੱਚ ਟਕਸਾਲੀ ਕਾਂਗਰਸੀ ਨੇਤਾ ਲਾਲ ਸਿੰਘ ਦੀ ਨੂੰਹ ਰਵਿੰਦਰ ਕੌਰ, ਭਾਜਪਾ ਆਗੂ ਅਨਿਲ ਸਰੀਨ ਅਤੇ ਡੀਐੱਸ ਮਾਹਲ ਨਾਮਜ਼ਦ ਹਨ। ਵਿਜੀਲੈਂਸ ਅਧਿਕਾਰੀਆਂ ਨੇ ਇਸ ਕੇਸ ਵਿੱਚ ਸਤਵੰਤ ਮੋਹੀ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕੀਤੀ ਹੈ। 'ਆਪ' ਸਰਕਾਰ ਦੌਰਾਨ ਪਟਿਆਲਾ 'ਚ ਕੇਸ ਦਰਜ ਹੋਣ ਦੀ ਇਹ ਦੂਜੀ ਵੱਡੀ ਕਾਰਵਾਈ ਹੈ। ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੇ ਮੀਡੀਆ ਸਲਾਹਕਾਰ ਭਰਤਇੰਦਰ ਚਹਿਲ ਖਿਲਾਫ਼ ਵੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਕੇਸ ਦਰਜ ਹੋ ਚੁੱਕਾ ਹੈ। ਇਨ੍ਹਾਂ ਦੋਵਾਂ ਕੇਸਾਂ ਦੇ ਤਫਤੀਸ਼ੀ ਅਫਸਰ ਡੀਐੱਸਪੀ ਸੱਤਪਾਲ ਸ਼ਰਮਾ ਹਨ। ਜ਼ਿਕਰਯੋਗ ਹੈ ਕਿ ਪੀਪੀਐੱਸਸੀ ਵੱਲੋਂ ਸਾਲ 2008-2009 ਦੌਰਾਨ 312 ਮੈਡੀਕਲ ਅਫਸਰਾਂ ਦੀ ਭਰਤੀ ਕੀਤੀ ਗਈ ਸੀ। ਦੋ ਪੜਾਵਾਂ 'ਚ ਨੇਪਰੇ ਚੜ੍ਹੀ ਇਸ ਭਰਤੀ ਦੌਰਾਨ ਪਹਿਲਾਂ 100 ਅਤੇ ਫਿਰ 212 ਮੈਡੀਕਲ ਅਫਸਰ ਭਰਤੀ ਕੀਤੇ ਗਏ। ਇਨ੍ਹਾਂ ਆਸਾਮੀਆਂ 'ਚ ਕਥਿਤ ਬੇਨਿਯਮੀਆਂ ਦੇ ਹਵਾਲੇ ਨਾਲ ਹਾਈ ਕੋਰਟ 'ਚ ਰਿੱਟ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ। ਇਸ ਦੇ ਆਧਾਰ 'ਤੇ ਹੀ ਹਾਈ ਕੋਰਟ ਨੇ 22 ਨਵੰਬਰ 2013 ਨੂੰ ਇਨ੍ਹਾਂ ਰਿੱਟ ਪਟੀਸ਼ਨਾਂ ਦਾ ਨਿਬੇੜਾ ਕਰਦਿਆਂ ਸਮੁੱਚੇ ਮਾਮਲੇ ਦੀ ਜਾਂਚ ਲਈ ਸਪੈਸ਼ਲ ਇਨਵੈਸ਼ਟੀਗੇਸ਼ਨ ਟੀਮ (ਸਿੱਟ) ਗਠਿਤ ਕਰਨ ਦਾ ਆਦੇਸ਼ ਦਿੱਤਾ ਸੀ। ਸੀਬੀਆਈ ਦੇ ਸਾਬਕਾ ਸੰਯੁਕਤ ਕਮਿਸ਼ਨਰ ਐੱਮ ਐੱਸ ਬਾਲੀ ਅਤੇ ਪੰਜਾਬ ਵਿਜੀਲੈਂਸ ਬਿਊਰੋ ਦੇ ਤਤਕਾਲੀ ਡੀਜੀਪੀ ਸੁਰੇਸ਼ ਅਰੋੜਾ 'ਤੇ ਆਧਾਰਤ ਦੋ ਮੈਂਬਰੀ ਸਿੱਟ ਵੱਲੋਂ ਕਈ ਸਾਲਾਂ ਤੱਕ ਇਸ ਭਰਤੀ ਘੁਟਾਲੇ ਦੀ ਜਾਂਚ ਕੀਤੀ ਗਈ। ਇਸ ਸਬੰਧੀ ਹਾਈ ਕੋਰਟ ਵਿੱਚ ਪੇਸ਼ ਕੀਤੀ ਗਈ ਆਪਣੀ ਜਾਂਚ ਰਿਪੋਰਟ 'ਚ ਸਿੱਟ ਨੇ ਕਈ ਹੋਰ ਤੱਥਾਂ ਸਮੇਤ ਇਹ ਟਿੱਪਣੀ ਵੀ ਕੀਤੀ ਸੀ ਕਿ 2008-2009 ਵਿੱਚ 312 ਮੈਡੀਕਲ ਅਫਸਰਾਂ ਦੀ ਹੋਈ ਪੂਰੀ ਚੋਣ/ਭਰਤੀ ਪ੍ਰਕ੍ਰਿਆ ਹੀ ਬੇਨਿਯਮੀਆਂ ਨਾਲ ਭਰੀ ਹੋਈ ਹੈ। ਸਿੱਟ ਦੀ ਇਸ ਪੜਤਾਲੀਆ ਰਿਪੋਰਟ ਦੇ ਆਧਾਰ 'ਤੇ ਹੀ ਵਿਜੀਲੈਂਸ ਨੇ ਹੁਣ ਪਟਿਆਲਾ 'ਚ ਕੇਸ ਦਰਜ ਕੀਤਾ ਹੈ। ਜ਼ਿਕਰਯੋਗ ਹੈ ਕਿ ਤਾਜ਼ਾ ਕੇਸ ਦਾ ਕਾਰਨ ਬਣੀ ਡਾਕਟਰਾਂ ਦੀ ਭਰਤੀ ਪਹਿਲਾਂ 1998 ਵਿੱਚ ਹੋਈ ਸੀ। ਫਿਰ 2002 ਵਿੱਚ ਪੀਪੀਐੱਸਸੀ ਦੇ ਤਤਕਾਲੀ ਚੇਅਰਮੈਨ ਰਵਿੰਦਰਪਾਲ ਸਿੰਘ ਉਰਫ ਰਵੀ ਸਿੱਧੂ ਖ਼ਿਲਾਫ਼ ਕੇਸ ਦਰਜ ਹੋਣ ਕਾਰਨ ਕਈ ਸਾਲਾਂ ਤੱਕ ਪੀਪੀਐੱਸਸੀ ਰਾਹੀਂ ਇਹ ਭਰਤੀ ਨਹੀਂ ਹੋ ਸਕੀ। ਇਸ ਕੇਸ ਵਿੱਚ ਲੰਬੀ ਚੱਲੀ ਅਦਾਲਤੀ ਕਾਰਵਾਈ ਦੌਰਾਨ ਰਵੀ ਸਿੱਧੂ ਨੂੰ ਸਜ਼ਾ ਵੀ ਹੋਈ ਸੀ। ਰਵੀ ਸਿੱਧੂ ਖ਼ਿਲਾਫ਼ ਇਹ ਕੇਸ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਬਣਨ ਮਗਰੋਂ ਦਰਜ ਕੀਤਾ ਗਿਆ ਸੀ। ਇਸ ਮਗਰੋਂ 2009 ਵਿੱਚ ਭਰਤੀ ਹੋਈ। ਇਸ ਨੂੰ ਲੈ ਕੇ ਹੁਣ ਇਹ ਕੇਸ ਦਰਜ ਕੀਤਾ ਗਿਆ ਹੈ। ਪੀਪੀਐੱਸਸੀ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਲੈ ਕੇ ਇੱਕ ਵਾਰ ਫਿਰ ਇਹ ਕਮਿਸ਼ਨ ਸੁਰਖ਼ੀਆਂ ਵਿੱਚ ਹੈ। ਇਸ ਦੀ ਪੰਜਾਬ ਵਿੱਚ ਕਾਫ਼ੀ ਚਰਚਾ ਹੋ ਰਹੀ ਹੈ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਮਾਰਸ਼ਲ ਮਸ਼ੀਨਜ ਲਿਮਿਟਡ ਦੇ ਮਜਦੂਰਾਂ ਦੀ 41 ਦਿਨ ਲੰਮੀ ਹੜਤਾਲ ਅਹਿਮ ਪ੍ਰਾਪਤੀਆਂ ਨਾ.ਲ ਖਤਮ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)–** ਸੀਐਨਸੀ ਖਰਾਦ ਮਸ਼ੀਨਾਂ ਬਣਾਉਣ ਵਾ.ਲੀ ਕੰਪਨੀ ਮਾਰਸ਼ਲ ਮਸ਼ੀਨਜ ਲਿਮਿਟਡ (ਲੁਧਿਆਣਾ) ਦੇ ਮਜਦੂਰਾਂ ਦੀ ਕਾਰਖਾਨਾ ਮਜਦੂਰ ਯੂਨੀਅਨ ਦੀ ਅਗਵਾਈ ਵਿੱਚ ਹੜਤਾਲ 19 ਦਸੰਬਰ ਦੀ ਰਾਤ ਕਰੀਬ 8 ਵਜੇ ਸਮਾਪਤ ਹੋ ਗਈ ਹੈ। 9 ਨਵੰਬਰ 2023 ਨੂੰ ਸ਼ੁਰੂ ਹੋਈ ਇਸ ਹੜਤਾਲ ਦੌਰਾਨ ਮਜਦੂਰ ਜੁਝਾਰੂ ਢੰਗ ਨਾ.ਲ ਹੜਤਾਲ ਵਿੱਚ ਡਟੇ ਰਹੇ। ਮਜਦੂਰਾਂ ਨੂੰ ਝੁਕਾਉਣ ਦੀਆਂ ਮਾਲਕਾਂ ਦੀਆਂ ਸਾਜਸ਼ਾਂ ਨਾਕਾਮ ਕੀਤੀਆਂ ਗਈਆਂ। 8 ਨਵੰਬਰ ਨੂੰ ਕੰਪਨੀ ਨੇ 5 ਮਜਦੂਰ ਆਗੂਆਂ ਨੂੰ ਕੰਮ ਤੋਂ ਕੱਢ ਦਿੱਤਾ ਸੀ। ਇਸ ਤੋਂ ਬਾਅਦ 9 ਨਵੰਬਰ ਦੀ ਦੁਪਹਿਰ ਤੋਂ ਮਜਦੂਰ ਆਗੂਆਂ ਦੀ ਬਹਾਲੀ, ਤਨਖਾਹ ਵਾਧਾ, ਬੋਨਸ ਅਦਾਇਗੀ, ਹਾਜਰੀ ਦਾ ਸਹੀ ਰਿਕਾਰਡ ਬਣਾਉਣ ਦੀਆਂ ਮੰਗਾਂ ਹੇਠ ਕੰਪਨੀ ਦੇ ਕਰੀਬ 90 ਵਿੱਚੋਂ 73 ਮਜਦੂਰ ਹੜਤਾਲ ’ਤੇ ਚਲੇ ਗਏ ਸਨ ਅਤੇ ਕੰਪਨੀ ਵਿੱਚ ਮੈਨੂਫੈਕਚਰਿੰਗ ਦਾ ਕਰੀਬ ਸਾਰਾ ਕੰਮ ਠੱਪ ਕਰ ਦਿੱਤਾ ਸੀ। ਹੜਤਾਲ ਦੌਰਾਨ ਜਦ ਇਹ ਸਪੱਸ਼ਟ ਹੋ ਗਿਆ ਕਿ ਕੰਪਨੀ ਮਾਲਕ–ਮੈਨੇਜਮੈਂਟ ਉਹਨਾਂ ਦੀਆਂ ਮੰਗਾਂ ਨਹੀਂ ਮੰਨਣਗੇ ਤਾਂ ਮਜਦੂਰਾਂ ਨੇ 26 ਨਵੰਬਰ ਨੂੰ ਐਲਾਨ ਕੀਤਾ ਕਿ ਜਾਂ ਤਾਂ ਉਹਨਾਂ ਦੀਆਂ ਮੰਗਾਂ ਮੰਨੀਆਂ ਜਾਣ ਜਾਂ ਉਹਨਾਂ ਦੀ ਤਨਖਾਹ, ਗਰੈਚੂਇਟੀ, ਬੋਨਸ, ਛੁੱਟੀਆਂ ਆਦਿ ਦਾ ਸਾਰਾ ਬਕਾਇਆ ਦੇ ਦਿੱਤਾ ਜਾਵੇ। ਹੜਤਾਲ ’ਚ ਡਟੇ ਰਹੇ ਮਜਦੂਰਾਂ ਵਿੱਚੋਂ ਕੁੱਝ ਮਜਦੂਰਾਂ ਨੂੰ ਕੰਪਨੀ ਨੇ ਤਨਖਾਹ ਵਾਧੇ ਆਦਿ ਦਾ ਲਾਲਚ ਦਿੱਤਾ, 20 ਦੇ ਕਰੀਬ ਮਜਦੂਰਾਂ ਨੂੰ ਕਾਰਨ ਦੱਸੋ ਨੋਟਿਸ ਅਤੇ ਦੋਸ਼ ਪੱਤਰ ਜਾਰੀ ਕੀਤੇ, ਸਾਰੇ ਮਜਦੂਰਾਂ ਨੂੰ ਕਾਰਵਾਈ ਕਰਨ ਦੇ ਨੋਟਿਸ ਭੇਜੇ ਗਏ, ਜੁਰਮਾਨੇ ਲਾਉਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਪਰ ਇਸ ਸਭ ਦੇ ਬਾਵਜੂਦ ਮਜਦੂਰ ਹੜਤਾਲ ਵਿੱਚ ਡਟੇ ਰਹੇ ਅਤੇ ਅੰਤ ਕੰਪਨੀ ਨੂੰ ਝੁਕਣਾ ਪਿਆ। ਹੜਤਾਲ ’ਚ ਡਟੇ ਰਹੇ 60 ਮਜਦੂਰਾਂ ਨੂੰ ਕਨੂੰਨ ਮੁਤਾਬਿਕ ਗਰੈਚੂਇਟੀ, ਬਕਾਇਆ ਤਨਖਾਹ, ਬੋਨਸ, ਛੁੱਟੀਆਂ ਆਦਿ ਦਾ ਪੈਸਾ ਦੇਣਾ ਪਿਆ ਹੈ। ਮਜਦੂਰਾਂ ਦੀ ਇਹ ਪ੍ਰਾਪਤੀ ਇਸ ਲਈ ਮਹੱਤਵਪੂਰਣ ਹੈ ਕਿਉਂਕਿ ਮਜਦੂਰਾਂ ਨੇ ਆਪਣੀ 20–20, 25–25 ਸਾਲ ਦੀ ਨੌਕਰੀ ਦੌਰਾਨ ਦੇਖਿਆ ਹੈ ਕਿ ਕੰਪਨੀ ਨੇ ਨੌਕਰੀ ਛੱਡਣ ਵਾ.ਲੇ ਜਾਂ ਨੌਕਰੀ ਤੋਂ ਕੱਢੇ ਗਏ ਮਜਦੂਰਾਂ ਨੂੰ ਕਦੇ ਵੀ ਬਕਾਇਆ ਤਨਖਾਹ, ਗਰੈਚੂਇਟੀ, ਬੋਨਸ, ਛੁੱਟੀਆਂ ਆਦਿ ਦਾ ਬਕਾਇਆ ਨਹੀਂ ਦਿੱਤਾ। ਹੜਤਾਲ ਨਾ ਕਰਨ ਵਾ.ਲੇ ਅਤੇ ਹੜਤਾਲ ਛੱਡ ਕੇ ਗਏ ਮਜਦੂਰਾਂ ਵਿੱਚੋਂ ਵੀ ਕੁੱਝ ਮਜਦੂਰਾਂ ਨੇ ਵੀ ਹੜਤਾਲ ਦੇ ਸਮੇਂ ਦੌਰਾਨ ਨੌਕਰੀ ਛੱਡ ਦਿੱਤੀ ਹੈ। ਕੰਪਨੀ ਦੀ ਆਰਥਿਕ ਹਾਲਤ ਕਰੋਨਾ ਲੌਕਡਾਊਨ ਤੋਂ ਬਾਅਦ ਕਾਫੀ ਬੁਰੀ ਹਾਲਤ ਵਿੱਚ ਰਹੀ ਹੈ। ਜਿੱਥੇ ਇੱਕ ਮਹੀਨੇ ਵਿੱਚ 40–40 ਮਸ਼ੀਨਾਂ ਬਣਦੀਆਂ ਰਹੀਆਂ ਹਨ ਉੱਥੇ ਇਹ ਗਿਣਤੀ ਹੁਣ ਕਾਫੀ ਡਿੱਗ ਗਈ ਸੀ। ਪਿਛਲੇ ਸਾਲ ਦੇ ਦੌਰਾਨ ਤਾਂ ਇਹ ਗਿਣਤੀ 1–2 ਮਸ਼ੀਨਾਂ ਤੋਂ ਲੈ ਕੇ 7–8 ਮਸ਼ੀਨਾਂ ਤੱਕ ਹੀ ਰਹੀ ਹੈ। ਮੰਦੀ ਦਾ ਸਾਰਾ ਬੋਝ ਮਜਦੂਰਾਂ ਉੱਤੇ ਪਾਇਆ ਜਾਂਦਾ ਰਿਹਾ ਹੈ। ਤਨਖਾਹ ਵਾਧਾ ਨਹੀਂ ਦਿੱਤਾ ਗਿਆ ਤੇ ਉਹਨਾਂ ਦੀਆਂ 2–2, 3–3 ਮਹੀਨੇ ਦੀਆਂ ਤਨਖਾਹਾਂ ਰੋਕੀਆਂ ਜਾਂਦੀਆਂ ਰਹੀਆਂ ਹਨ। ਕੰਪਨੀ ਦੀ ਇਸ ਹਾਲਤ ਅਤੇ ਮਾਲਕ–ਮੈਨੇਜਮੈਂਟ ਦੇ ਮਜਦੂਰ ਵਿਰੋਧੀ ਰਵੱਈਏ ਤੋਂ ਤੰਗ ਆ ਕੇ ਪਿਛਲੇ 3–4 ਸਾਲਾਂ ਦੌਰਾਨ 300 ਦੇ ਕਰੀਬ ਮਜਦੂਰ ਕੰਮ ਛੱਡ ਕੇ ਚਲੇ ਗਏ ਹਨ ਜਾਂ ਅਨੇਕਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ ਪਰ ਉਹਨਾਂ ਨੂੰ ਬਕਾਇਆ ਗਰੈਚੂਇਟੀ, ਬੋਨਸ, ਛੁੱਟੀਆਂ ਦੇ ਪੈਸੇ ਆਦਿ ਤਾਂ ਛੱਡੋ, 2–2, 3–3 ਮਹੀਨੇ ਦੀ ਬਕਾਇਆ ਤਨਖਾਹ ਵੀ ਨਹੀਂ ਦਿੱਤੀ ਗਈ। ਅਜਿਹੀ ਹਾਲਤ ਵਿੱਚ ਸੰਘਰਸ਼ ਰਾਹੀਂ ਗਰੈਚੂਇਟੀ, ਬਕਾਇਆ ਤਨਖਾਹ, ਬੋਨਸ, ਛੁੱਟੀਆਂ ਆਦਿ ਦਾ ਬਕਾਇਆ ਹਾਸਿਲ ਕਰਨਾ ਮਜਦੂਰਾਂ ਦੀ ਇੱਕ ਵੱਡੀ ਪ੍ਰਾਪਤੀ ਹੈ।



ਇਹਨਾਂ ਵਿੱਚੋਂ ਜਿਆਦਾਤਰ ਮਜਦੂਰ ਕੰਪਨੀ ਵਿੱਚ ਫਰਵਰੀ 2023 ਵਿੱਚ ਯੂਨੀਅਨ ਬਣਨ ਤੋਂ ਪਹਿਲਾਂ ਨੌਕਰੀ ਛੱਡਣਾ ਚਾਹੁੰਦੇ ਸਨ ਪਰ ਯੂਨੀਅਨ ਬਣਨ ਨਾ.ਲ ਹਰ ਮਹੀਨੇ ਤਨਖਾਹ ਦੀ ਅਦਾਇਗੀ ਸ਼ੁਰੂ ਹੋਣ ਤੋਂ ਬਾਅਦ ਉਹ ਨੌਕਰੀ ਕਰਦੇ ਰਹੇ। ਫਰਵਰੀ 2023 ਵਿੱਚ ਯੂਨੀਅਨ ਬਣਨ ਤੋਂ ਬਾਅਦ ਸਮੇਂ ਸਿਰ ਤਨਖਾਹ ਅਦਾਇਗੀ ਦੀ ਮੰਗ ਮਨਵਾਈ ਗਈ। ਡੇਢ ਸਾਲ ਤੋਂ ਦੱਬਿਆ ਗਿਆ ਈਪੀਐਫ ਦਾ ਭੁਗਤਾਨ ਕਰਨ ਉੱਤੇ ਕੰਪਨੀ ਮਜਬੂਰ ਹੋਈ, ਈਪੀਐਫ ਤੇ ਈਐਸਆਈ ਸਹੂਲਤ ਤੋਂ ਵਾਂਝੇ ਮਜਦੂਰਾਂ ਨੂੰ ਇਹ ਹੱਕ ਮਿਲੇ। ਸੈਲਰੀ ਸਲਿੱਪ ਲਾਗੂ ਹੋਈ। ‘ਮਾਰਸ਼ਲ ਮਸ਼ੀਨਜ ਮਜਦੂਰ ਯੂਨੀਅਨ, ਪੰਜਾਬ’ ਨਾਂ ਦੀ ਯੂਨੀਅਨ ਦੀ ਰਜਿਸਟ੍ਰੇਸ਼ਨ ਕਰਾਉਣ ਵਿੱਚ ਕਾਮਯਾਬੀ ਮਿਲੀ। ਮਜਦੂਰਾਂ ਨੂੰ ਇਹ ਵੀ ਉਮੀਦ ਸੀ ਕਿ ਸ਼ਾਇਦ ਕੰਪਨੀ ਮੰਦੀ ਦੀ ਹਾਲਤ ਵਿੱਚੋਂ ਨਿੱਕਲ ਆਵੇ। ਪਰ ਅਜਿਹਾ ਨਹੀਂ ਹੋਇਆ। ਮੰਦੀ ਦੀ ਹਾਲਤ ਜਾਰੀ ਰਹਿਣ, ਯੂਨੀਅਨ ਤੋੜਨ ਲਈ ਆਗੂਆਂ ਨੂੰ ਕੱਢੇ ਜਾਣ, ਤਨਖਾਹ ਵਾਧਾ ਲਾਗੂ ਨਾ ਕਰਨ, ਹੜਤਾਲ ਦੀਆਂ ਮੁੱਢਲੀਆਂ ਮੰਗਾਂ ਮਨਵਾਉਣ ਲਈ ਲੋੜੀਂਦੀ ਤਾਕਤ ਨਾ ਹੋਣ ਆਦਿ ਕਰਕੇ ਮਜਦੂਰਾਂ ਨੂੰ ਨੌਕਰੀ ਛੱਡਣ ਦੇ ਫੈਸਲੇ ਉੱਤੇ ਪਹੁੰਚਣਾ ਪਿਆ। ਮਜਦੂਰ ਆਗੂਆਂ ਨੂੰ ਨੌਕਰੀ ਤੋਂ ਕੱਢੇ ਜਾਣ ਕਾਰਨ ਮਜਦੂਰਾਂ ਨੂੰ ਹੜਤਾਲ ਉੱਤੇ ਜਾਣਾ ਪਿਆ ਸੀ। ਪਰ ਮੰਦੀ ਦੀ ਹਾਲਤ ਦੌਰਾਨ ਮਜਬੂਰੀਵੱਸ ਕੀਤੀ ਗਈ ਇਸ ਹੜਤਾਲ ਦੀਆਂ ਮੁੱਢਲੀਆਂ ਮੰਗਾਂ ਮਨਵਾਉਣ (ਆਗੂਆਂ ਦੀ ਨੌਕਰੀ ਉੱਤੇ ਬਹਾਲੀ ਆਦਿ) ਲਈ ਲੋੜੀਂਦੀ ਤਾਕਤ ਮਜਦੂਰਾਂ ਨੂੰ ਹਾਸਿਲ ਨਹੀਂ ਹੋ ਸਕੀ। ਇੱਕ ਤਾਂ ਮੰਦੀ ਦੌਰਾਨ ਕੰਮ ਠੱਪ ਕੀਤੇ ਜਾਣ ਦਾ ਮਾਲਕ ਉੱਤੇ ਅਸਰ ਥੋੜ੍ਹਾ ਸੀ। ਦੂਜਾ ਹੜਤਾਲੀ ਮਜਦੂਰਾਂ ਦੀ ਗਿਣਤੀ ਥੋੜ੍ਹੀ ਸੀ ਜਿਸ ਕਾਰਨ ਸਰਕਾਰੀ ਪ੍ਰਬੰਧ ਉੱਤੇ ਲੋੜੀਂਦਾ ਦਬਾਅ ਨਹੀਂ ਬਣ ਸਕਿਆ। ਦੂਜਾ ਹੋਰ ਕਾਰਖਾਨਿਆਂ ਦੇ ਮਜਦੂਰਾਂ ਦੀ ਲੋੜੀਂਦੀ ਹਮਾਇਤ ਵੀ ਹਾਸਿਲ ਨਹੀਂ ਹੋ ਸਕੀ। ਹੋਰ ਕਾਰਖਾਨਿਆਂ ਦੇ ਮਾਲਕ ਵੀ ਇਲਾਕੇ ਵਿੱਚ ਮਜਦੂਰਾਂ ਦੀ ਜੁਝਾਰੂ–ਇਮਾਨਦਾਰ ਯੂਨੀਅਨ ਦੀ ਹੋਂਦ ਸਹਿਣ ਨਹੀਂ ਕਰ ਸਕਦੇ ਸਨ, ਇਸ ਲਈ ਇਹ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗੀ ਕਿ ਉਹਨਾਂ ਨੇ ਵੀ ਮਾਰਸ਼ਲ ਮਸ਼ੀਨਜ ਮਜਦੂਰ ਯੂਨੀਅਨ ਤੋੜਨ ਲਈ ਜੋਰ ਲਾਇਆ ਹੈ। ਇਹਨਾਂ ਕਾਰਨਾਂ ਕਰਕੇ ਮਾਲਕ–ਮੈਨੇਜਮੈਂਟ ਦਾ ਪਲੜਾ ਭਾਰੀ ਰਿਹਾ ਅਤੇ ਹੜਤਾਲੀ ਮਜਦੂਰ ਆਪਣੀਆਂ ਮੁੱਢਲੀਆਂ ਮੰਗਾਂ ਨਹੀਂ ਮੰਨਵਾ ਸਕੇ ਤੇ ਪਿੱਛੇ ਹਟ ਕੇ ਹਿਸਾਬ ਲੈਣ ਦੀ ਮੰਗ ’ਤੇ ਲੜਾਈ ਲੜ੍ਹਨੀ ਪਈ ਜਿਸ ’ਤੇ ਉਹਨਾਂ ਕਾਮਯਾਬੀ ਵੀ ਹਾਸਿਲ ਕੀਤੀ ਹੈ।

ਇਸ ਹੜਤਾਲ ਦੀ ਸਭ ਤੋਂ ਵੱਡੀ ਪ੍ਰਾਪਤੀ ਮਜਦੂਰਾਂ ਦਾ ਡੱਟ ਕੇ ਲੁੱਟ–ਖਸੁੱਟ ਤੇ ਬੇਇਨਸਾਫੀ ਖਿਲਾਫ਼ ਸੰਘਰਸ਼ ਕਰਨਾ ਅਤੇ ਇਸ ਦੌਰਾਨ ਪ੍ਰਾਪਤ ਕੀਤੀ ਸੂਝ–ਬੂਝ ਹੈ। ਫਰਵਰੀ 2023 ਤੋਂ ਹੜਤਾਲਾਂ ਅਤੇ ਹੋਰ ਰੂਪਾਂ ਵਿੱਚ ਲੜ੍ਹੇ ਗਏ ਸੰਘਰਸ਼ ਅਤੇ ਇਸ ਹੜਤਾਲ ਦੌਰਾਨ ਮਜਦੂਰਾਂ ਨੇ ਕਾਰਖਾਨਾ ਮਜਦੂਰ ਯੂਨੀਅਨ ਦੀ ਅਗਵਾਈ ਵਿੱਚ ਜਮਹੂਰੀ, ਯੋਜਨਾਬੱਧ ਤੇ ਜੁਝਾਰੂ ਢੰਗ ਨਾ.ਲ ਸੰਘਰਸ਼ ਕਰਨਾ ਸਿੱਖਿਆ ਹੈ। ਮਜਦੂਰਾਂ ਨੇ ਦੇਖਿਆ ਹੈ ਕਿ ਕਿਵੇਂ ਸਾਰਾ ਰਾਜਸੀ/ਸਰਕਾਰੀ ਪ੍ਰਬੰਧ ਸਰਮਾਏਦਾਰਾਂ ਦੇ ਪੱਖ ਵਿੱਚ ਖੜ੍ਹਾ ਹੈ, ਕਿ ਉਹਨਾਂ ਕੋਲ ਇੱਕਮੁੱਠ ਹੋ ਕੇ ਸੰਘਰਸ਼ ਕਰਨ ਤੋਂ ਇਲਾਵਾ ਕੋਈ ਹੋਰ ਰਾਹ ਨਹੀਂ ਹੈ। ਕਾਂਗਰਸੀਆਂ, ਅਕਾਲੀਆਂ, ਭਾਜਪਾਈਆਂ ਤੇ ਹੋਰ ਸਰਮਾਏਦਾਰਾ ਪਾਰਟੀਆਂ ਤੋਂ ਅੱਕੇ ਮਜਦੂਰਾਂ ਨੇ ਆਮ ਆਦਮੀ ਪਾਰਟੀ ਦਾ ਮਜਦੂਰ ਵਿਰੋਧੀ ਕਿਰਦਾਰ ਵੀ ਚੰਗੀ ਤਰ੍ਹਾਂ ਸਮਝਿਆ ਹੈ। ਲੁਧਿਆਣੇ ਵਿੱਚ ਬੜੇ ਲੰਮੇ ਸਮੇਂ ਬਾਅਦ ਮਜਦੂਰਾਂ ਦੀ ਯੋਜਨਾਬੱਧ, ਜੁਝਾਰੂ ਤੇ ਲੰਮੀ ਹੜਤਾਲ ਹੋਈ ਹੈ। 41 ਦਿਨ ਲੰਮੀ ਇਸ ਹੜਤਾਲ ਦੌਰਾਨ ਵੱਖ–ਵੱਖ ਮਜਦੂਰ ਬਸਤੀਆਂ ਵਿੱਚ ਪਰਚਿਆਂ, ਨੁੱਕੜ ਸਭਾਵਾਂ, ਪੈਦਲ ਮਾਰਚਾਂ ਰਾਹੀਂ ਮਜਦੂਰਾਂ ਦੇ ਮਸਲੇ ਉਭਾਰੇ ਗਏ ਅਤੇ ਹਮਾਇਤ ਦੀ ਅਪੀਲ ਕੀਤੀ ਹੈ। ਇਸਦਾ ਅਸਰ ਇਸ ਰੂਪ ਵਿੱਚ ਦੇਖਣ ਨੂੰ ਮਿਲਿਆ ਕਿ ਹੋਰ ਮਜਦੂਰਾਂ ਨੂੰ ਲਿਆ ਕੇ ਹੜਤਾਲ ਨਾਕਾਮ ਕਰਨ ਦੀ ਮਾਲਕਾਂ ਦੀ ਕੋਸ਼ਿਸ਼ ਸਿਰੇ ਨਹੀਂ ਚੜ੍ਹੀ ਸਗੋਂ ਜਿਹੜੇ ਮਜਦੂਰ ਹੜਤਾਲ ਵਿੱਚ ਸ਼ਾਮਲ ਨਹੀਂ ਹੋਏ ਸਨ ਉਹਨਾਂ ਚੋਂ ਵੀ ਕਈ ਕੰਮ ਛੱਡ ਕੇ ਚਲੇ ਗਏ। ਮਾਰਸ਼ਲ ਮਸ਼ੀਨਜ ਲਿਮਿਟਡ ਦੇ ਲੋਟੂ ਮਾਲਕਾਂ ਅੱਗੇ ਨਾ ਝੁਕਣ ਅਤੇ ਅਨੇਕਾਂ ਪ੍ਰਾਪਤੀਆਂ ਹਾਸਿਲ ਕਰਨ ਦੇ ਮਾਣ ਨਾ.ਲ, ਕਾਰਖਾਨਾ ਮਜਦੂਰ ਯੂਨੀਅਨ ਦੇ ਜੁਝਾਰੂ ਝੰਡੇ ਨੂੰ ਬੁਲੰਦ ਰੱਖਣ, ਸੰਘਰਸ਼ ਦੌਰਾਨ ਪ੍ਰਾਪਤੀਆਂ–ਅਪ੍ਰਾਪਤੀਆਂ, ਘਾਟਾਂ–ਕਮਜੋਰੀਆਂ ਦੇ ਸਬਕਾਂ ਨੂੰ ਪੱਲੇ ਬੰਨ੍ਹ ਕੇ ਆਉਣ ਵਾ.ਲੇ ਸਮੇਂ ਵਿੱਚ ਮਜਦੂਰ ਸੰਘਰਸ਼ ਦੀਆਂ ਚਿਣਗਾਂ ਹੋਰ ਕਾਰਖਾਨਿਆਂ ਵਿੱਚ ਫੈਲਾਉਣ ਦਾ ਸੰਕਲਪ ਲੈ ਕੇ ਮਜਦੂਰਾਂ ਨੇ ਜੋਸ਼ੀਲੇ ਨਾਅਰਿਆਂ ਨਾ.ਲ ਹੜਤਾਲ ਦੀ ਸਮਾਪਤੀ ਕੀਤੀ ਹੈ। ਇਹ ਮਾਰਸ਼ਲ ਮਸ਼ੀਨਜ ਮਜਦੂਰ ਸੰਘਰਸ਼ ਦੀ ਅਹਿਮ ਪ੍ਰਾਪਤੀ ਹੈ ਜਿਸਨੇ ਆਉਣ ਵਾ.ਲੇ ਦਿਨਾਂ ਵਿੱਚ ਲੁਧਿਆਣੇ ਵਿੱਚ ਮਜਦੂਰ ਸੰਘਰਸ਼ ਨੂੰ ਅੱਗੇ ਵਧਾਉਣ ਵਿੱਚ ਸਹਾਈ ਹੋਣਾ ਹੈ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

NEW & USED TIRES WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

ਦੇਸ਼ ਦੁਆਬਾ

## ਸ਼ਹੀਦ ਊਧਮ ਸਿੰਘ ਨੂੰ ਯਾਦ ਕਰਦਿਆਂ

ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਜਿਹਨਾਂ ਯੋਧਿਆਂ, ਸੂਰਬੀਰਾਂ ਨੇ ਕੁਰਬਾਨੀਆਂ ਦੇ ਕੇ ਅੱਜ ਦੇ ਭਾਰਤ ਦੇ ਹੋਂਦ ਵਿਚ ਆਉਣ ਦਾ ਰਾਹ ਪੱਧਰਾ ਕੀਤਾ, ਉਹਨਾਂ ਵਿਚ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਵਰਗੇ ਮਹਾਨ ਨੌਜਵਾਨ ਸ਼ਹੀਦਾਂ ਤੋਂ ਇਲਾਵਾ ਸ਼ਹੀਦ ਊਧਮ ਸਿੰਘ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਹੈ। ਹਾਲਾਂਕਿ ਪੰਜਾਬੀ ਮੂਲ ਦੇ ਸੈਂਕੜੇ ਅਜਿਹੇ ਮਹਾਨ ਸ਼ਹੀਦ ਹੋਏ, ਜਿਹਨਾਂ ਨੇ ਕੁਰਬਾਨੀਆਂ ਦੇ ਕੇ ਭਾਰਤ ਦੀ ਆਜ਼ਾਦੀ ਦਾ ਰਾਹ ਪੱਧਰਾ ਕੀਤਾ, ਪਰ ਕੁਝ ਦਿਨਾਂ ਵਿਚ ਅਸੀਂ ਸ਼ਹੀਦ ਊਧਮ ਸਿੰਘ ਦਾ ਜਨਮ ਦਿਹਾੜਾ ਮਨਾ ਰਹੇ ਹਾਂ, ਜਿਹਨਾਂ ਦੀ ਬਦੌਲਤ ਸਾਨੂੰ ਅੱਜ ਦਾ ਲੋਕਰਾਜੀ ਭਾਰਤ ਮਿਲਿਆ ਹੈ। ਭਾਰਤ ਨੂੰ ਆਜ਼ਾਦ ਕਰਵਾਉਣ ਲਈ ਇਹਨਾਂ ਸ਼ਹੀਦਾਂ ਨੇ ਆਪਣੀ ਮਹਾਨ ਸ਼ਹਾਦਤ ਦੇ ਕੇ ਜਿੱਥੇ ਮੁਲਕ ਨੂੰ ਆਜ਼ਾਦ ਕਰਵਾਇਆ, ਉਥੇ ਹੀ ਅੱਜ ਦੇ ਲੋਕਰਾਜੀ ਅਤੇ ਹਰੇਕ ਵਰਗ ਲਈ ਅਧਿਕਾਰਾਂ ਦੀ ਸਿਰਜਣਾ ਕਰਨ ਵਾਲੇ, ਬਰਾਬਰੀ ਦੇ ਸਮਾਜ ਦਾ ਮੁੱਢ ਬੰਨ੍ਹਣ ਵਾਲੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਪ੍ਰੀ-ਨਿਰਵਾਣ ਦਿਵਸ ਵੀ ਹਾਲੇ ਅਸੀਂ ਕੁਝ ਦਿਨ ਪਹਿਲਾਂ ਮਨਾਇਆ ਹੈ।

ਸ਼ਹੀਦ ਊਧਮ ਸਿੰਘ ਇਕ ਗਰੀਬ ਪਰਿਵਾਰ ਨਾਲ ਸਬੰਧਤ ਸਨ, ਜੋ ਬਚਪਨ ਵਿਚ ਹੀ ਯਤੀਮ ਹੋ ਗਏ ਅਤੇ ਯਤੀਮਖਾਨੇ ਵਿਚ ਹੀ ਪਲੇ-ਵੱਡੇ ਹੋਏ। ਉਹਨਾਂ ਦੇ ਇਸ ਸੰਘਰਸ਼ ਭਰੇ ਜੀਵਨ ਦੇ ਬਾਵਜੂਦ ਆਦਰਸ਼ ਅਤੇ ਦੇਸ਼ ਲਈ ਮਰ ਮਿਟਣ ਦੀਆਂ ਭਾਵਨਾਵਾਂ ਹੋਰ ਪ੍ਰਬੱਲ ਹੁੰਦੀਆਂ ਗਈਆਂ। ਉਹਨਾਂ ਨੇ ਆਪਣੀ ਚੜ੍ਹਦੀ ਜਵਾਨੀ ਜਲ੍ਹਿਆਂਵਾਲਾ ਬਾਗ ਦੇ ਕਿੱਸੇ ਸੁਣੇ, ਜਿੱਥੇ ਅੰਗਰੇਜ਼ ਹਕੂਮਤ ਨੇ ਸੈਂਕੜੇ ਨਿਰਦੋਸ਼ ਭਾਰਤੀਆਂ ਨੂੰ ਦਾਣਿਆਂ ਵਾਂਗ ਭੁੰਨ ਦਿੱਤਾ ਸੀ।

ਉਹਨਾਂ ਤੇ ਇਸ ਵਾਰਦਾਤ ਦਾ ਇੰਨਾ ਜ਼ਿਆਦਾ ਅਸਰ ਹੋਇਆ ਕਿ ਉਹਨਾਂ ਨੇ ਨਿਰਦੋਸ਼ਾਂ ਦੇ ਕਾਤਲਾਂ ਨੂੰ ਸਬਕ ਸਿਖਾਉਣ ਦਾ ਨਿਸਚਾ ਕਰ ਲਿਆ। ਇਸ ਤੋਂ ਬਾਅਦ ਆਪਣੇ ਇਸ ਮਿਸ਼ਨ ਦੀ ਪੂਰਤੀ ਲਈ ਉਹ ਭਾਰਤ ਤੋਂ ਨਿਕਲ ਤੁਰੇ ਅਤੇ ਕਈ ਮੁਲਕਾਂ ਵਿਚ ਹੁੰਦੇ ਹੋਏ, ਸੰਘਰਸ਼ ਕਰਦੇ ਆਖਿਰ ਇੰਗਲੈਂਡ ਪਹੁੰਚੇ। ਜਿੱਥੇ ਉਹਨਾਂ ਨੇ ਜਲ੍ਹਿਆਂ ਵਾਲੇ ਬਾਗ ਦੇ ਖੂਨੀ ਅੰਗਰੇਜ਼ ਅਫਸਰ ਜਨਰਲ ਡਾਇਰ ਦੀ ਹੱਤਿਆ ਕਰ ਦਿੱਤੀ ਅਤੇ ਫਿਰ ਆਤਮ-ਸਮਰਪਣ ਕਰਕੇ ਆਪਣੀਆਂ ਭਾਵਨਾਵਾਂ ਨੂੰ ਅੰਗਰੇਜ਼ਾਂ ਦੀ ਅਦਾਲਤ ਵਿਚ ਜਿਸ ਬਹਾਦਰੀ ਨਾਲ ਬਿਆਨ ਕੀਤਾ, ਉਸ ਨੇ ਅੰਗਰੇਜ਼ੀ ਹਕੂਮਤ ਨੂੰ ਜੜ੍ਹੋਂ ਹਿਲਾ ਕੇ ਰੱਖ ਦਿੱਤਾ। ਇਸ ਘਟਨਾ ਦਾ ਅੰਗਰੇਜ਼ਾਂ ਤੇ ਇੰਨਾ ਅਸਰ ਹੋਇਆ ਕਿ ਉਹਨਾਂ ਨੇ ਭਾਰਤ ਛੱਡਣ ਦਾ ਫੈਸਲਾ ਕਰ ਲਿਆ ਅਤੇ ਇਸ ਦੀ ਪ੍ਰਕਿਰਿਆ ਆਰੰਭ ਕਰ ਦਿੱਤੀ। ਅੰਗਰੇਜ਼ਾਂ ਨੂੰ ਹੁਣ ਯਕੀਨ ਹੋ ਗਿਆ ਸੀ ਕਿ ਭਾਰਤੀ ਹੁਣ ਜਾਗਰੂਕ ਹੋ ਗਏ ਹਨ ਅਤੇ ਭਾਰਤ ਦੇ ਨੌਜਵਾਨਾਂ ਨੇ ਆਜ਼ਾਦੀ ਦਾ ਝੰਡਾ ਚੁੱਕ ਲਿਆ ਹੈ, ਜਿਹਨਾਂ ਨੂੰ ਹਰਾਉਣਾ ਉਹਨਾਂ ਦੇ ਵੱਸ ਦੀ ਗੱਲ ਨਹੀਂ ਸੀ। ਇਸ ਮਹਾਨ ਸ਼ਹੀਦ ਦੀ ਕੁਰਬਾਨੀ ਨੂੰ ਅਸੀਂ ਤਹਿ ਦਿਲੋਂ ਸਿਜਦਾ ਕਰਦੇ ਹਾਂ।

ਇਸ ਦੇ ਨਾਲ ਹੀ ਭਾਰਤ ਦੇ ਇਕ ਹੋਰ ਮਹਾਨ ਸਪੂਤ ਨੇ ਬੜਾ ਲੰਮਾ ਸੰਘਰਸ਼ ਕਰਕੇ ਭਾਰਤ ਦੀ ਬਹੁਗਿਣਤੀ ਆਬਾਦੀ ਦੇ ਲਈ ਉਹ ਕੀਤਾ, ਜੋ ਭਾਰਤ ਦੇ ਦਲਿਤ, ਪੱਛੜੇ ਅਤੇ ਸ਼ੋਸ਼ਣ ਦਾ ਸ਼ਿਕਾਰ ਲੋਕਾਂ ਨੂੰ ਇਸ ਦਲਦਲ ਵਿਚੋਂ ਕੱਢਣ ਲਈ ਹੋਰ ਕੋਈ ਵੀ ਇਨਸਾਨ ਨਹੀਂ ਕਰ ਸਕਦਾ ਸੀ। ਭਾਰਤ ਦੇ ਹਰੇਕ ਨਾਗਰਿਕ ਨੂੰ ਬੁਨਿਆਦੀ ਹੱਕ ਤਾਂ ਮਿਲੇ ਹੀ, ਨਾਲ ਹੀ ਭਾਰਤ ਇਕ ਅਜਿਹਾ ਫੈਡਰਲ ਅਤੇ ਵਿਕੇਂਦਰਿਤ ਰਾਜ ਬਣਿਆ, ਜਿਸ ਵਿਚ ਸ਼ਕਤੀਆਂ ਦੀ ਵੰਡ ਅਜਿਹੇ ਤਰੀਕੇ ਨਾਲ ਕੀਤੀ ਗਈ ਕਿ ਕੋਈ ਵੀ ਪਾਸਾ ਤਾਨਾਸ਼ਾਹ ਨਹੀਂ ਹੋ ਸਕਦਾ। ਬਾਬਾ ਸਾਹਿਬ ਦੁਆਰਾ ਦਿੱਤੇ ਇਸ ਸੰਵਿਧਾਨ ਦੀ ਬਦੌਲਤ ਹੀ ਭਾਰਤ ਆਜ਼ਾਦੀ ਦੇ 75 ਸਾਲ ਬਾਅਦ ਵਿਸ਼ਵ ਵਿਚ ਤੇਜ਼ੀ ਨਾਲ ਉਭਰ ਰਿਹਾ ਹੈ।

**– ਤਰਸੇਮ ਜਲੰਧਰੀ**

# ਦੱਖਣੀ ਏਸ਼ੀਆ ’ਚ ਚੋਣਾਂ ਦਾ ਮਾਹੌਲ



ਜੀ ਪਾਰਥਾਸਾਰਥੀ

ਸਾਲ 2023 ਆਪਣੇ ਆਖ਼ਿਰੀ ਪੰਦਰਵਾੜੇ ਵਿਚ ਦਾਖ਼ਲ ਹੋ ਗਿਆ ਹੈ ਅਤੇ ਦੱਖਣੀ ਏਸ਼ੀਆ ਦੇ ਤਿੰਨ ਸਭ ਤੋਂ ਵੱਡੇ ਮੁਲਕਾਂ ਭਾਰਤ, ਪਾਕਿਸਤਾਨ ਤੇ ਬੰਗਲਾਦੇਸ਼ ਵਿਚ ਆਪੋ-ਆਪਣੀਆਂ ਕੌਮੀ ਚੋਣਾਂ ਦਾ ਮਾਹੌਲ ਬੱਝਣਾ ਸ਼ੁਰੂ ਹੋ ਗਿਆ ਹੈ। ਭਾਰਤ ਵਿਚ ਸੱਤਾਧਾਰੀ ਭਾਜਪਾ ਨੇ ਤਿੰਨ ਸੂਬਿਆਂ ਮੱਧ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ ਦੀਆਂ ਅਸੈਂਬਲੀ ਚੋਣਾਂ ਵਿਚ ਵੱਡੀਆਂ ਜਿੱਤਾਂ ਦਰਜ ਕਰ ਕੇ ਆਪਣੀ ਜਨਤਕ ਹਮਾਇਤ ਦਾ ਸਬੂਤ ਦਿੱਤਾ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਲੰਮੇ ਅਰਸੇ ਬਾਅਦ ਤਿਲੰਗਾਨਾ ਵਿਚ ਸਰਕਾਰ ਬਣਾਉਣ ਵਿਚ ਸਫਲ ਹੋਈ ਹੈ। ਇਸੇ ਦੌਰਾਨ, ਭਾਰਤ ਦੇ ਦੋ ਗੁਆਂਢੀ ਦੇਸ਼ਾਂ- ਬੰਗਲਾਦੇਸ਼ ਤੇ ਪਾਕਿਸਤਾਨ ਵਿਚ ਸਾਲ 2024 ਦੇ ਪਹਿਲੇ ਅਤੇ ਦੂਜੇ ਮਹੀਨੇ ਆਮ ਚੋਣਾਂ ਹੋ ਰਹੀਆਂ ਹਨ। ਉਨ੍ਹਾਂ ਤੋਂ ਬਾਅਦ ਸ੍ਰੀਲੰਕਾ ਦਾ ਨੰਬਰ ਆ ਜਾਵੇਗਾ।

ਉਧਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਾਲਦੀਵ ਦੇ ਨਵ-ਨਿਯੁਕਤ ਰਾਸ਼ਟਰਪਤੀ ਮੁਹੰਮਦ ਮੁਇਜ਼ੂ ਦੀ ਰਸਮੀ ਬੇਨਤੀ ਪ੍ਰਵਾਨ ਕਰਦੇ ਹੋਏ ਇਸ ਟਾਪੂ ਮੁਲਕ ਵਿਚ ਤਾਇਨਾਤ 75 ਦੇ ਕਰੀਬ ਫ਼ੌਜੀ ਵਾਪਸ ਬੁਲਾਉਣ ਲਈ ਰਾਜ਼ੀ ਹੋ ਗਏ ਹਨ। ਇਸ ਦੇ ਨਾਲ ਹੀ ਮਾਲਦੀਵ ਵਿਚ ਭਾਰਤ ਦੇ ਵਿਕਾਸ ਪ੍ਰਾਜੈਕਟਾਂ ਦੀ ਪ੍ਰਗਤੀ ਲਈ ਉੱਚ ਪੱਧਰੀ ਕਮੇਟੀ ਬਣਾਉਣ ਬਾਬਤ ਵੀ ਸਮਝੌਤਾ ਕੀਤਾ ਹੈ। ਇਸ ਤੋਂ ਪਹਿਲਾਂ ਭਾਰਤ ਨੇ 1988 ਵਿਚ ਮਾਲਦੀਵ ਦੀ ਪ੍ਰਭੂਸੱਤਾ ਬਹਾਲ ਕਰਾਉਣ ਲਈ ਆਪਣੇ ਫ਼ੌਜੀ ਦਸਤੇ ਉੱਥੇ ਭੇਜੇ ਸਨ।

ਪਾਕਿਸਤਾਨ ਇਸ ਸਮੇਂ ਆਰਥਿਕ ਦੀਵਾਲੀਏਪਣ ਨਾਲ ਜੂਝ ਰਿਹਾ ਹੈ। ਹਾਲਾਂਕਿ ਉੱਥੇ ਆਮ ਚੋਣਾਂ ਦੀਆਂ ਤਿਆਰੀਆਂ ਚੱਲ ਰਹੀਆਂ ਹਨ ਪਰ ਸਹੀ ਮਾਇਨਿਆਂ ਵਿਚ ਦੇਸ਼ ਦੀ ਵਾਗਡੋਰ ਫ਼ੌਜ ਦੇ ਹੱਥਾਂ ਵਿਚ ਜਾ ਚੁੱਕੀ ਹੈ। ਕੋਈ ਭਾਵੇਂ ਲੋਕਰਾਜ ਦੇ ਕਿੰਨੇ ਮਰਜ਼ੀ ਸੋਹਲੇ ਗਾਈ ਜਾਵੇ ਪਰ ਪਾਕਿਸਤਾਨ ਦੀ ਸੱਤਾ ਦੀ ਕਮਾਨ ਇਸ ਵੇਲੇ ਸੈਨਾਪਤੀ ਜਨਰਲ ਆਸਿਮ ਮੁਨੀਰ ਦੇ ਹੱਥਾਂ ਵਿਚ ਹੈ। ਸਾਫ਼ ਜ਼ਾਹਿਰ ਹੈ ਕਿ ਸੱਤਾ ਦੇ ਲਾਲਸੀ ਹਰ ਪਾਕਿਸਤਾਨੀ ਜਰਨੈਲ ਵਾਂਗ ਹੀ ਜਨਰਲ ਆਸਿਮ ਮੁਨੀਰ ਨੂੰ ਅਮਰੀਕਾ ਦਾ ਪੂਰਾ ਥਾਪੜਾ ਹਾਸਲ ਹੈ। ਜਨਰਲ ਮੁਨੀਰ ਜੋ ਇਮਰਾਨ ਖ਼ਾਨ ਨੂੰ ਦੇਖ ਨਹੀਂ ਸੁਖਾਂਦੇ, ਨੇ ਪਹਿਲੀ ਵਾਰ ਅਮਰੀਕਾ ਦਾ ਦੌਰਾ ਕੀਤਾ ਹੈ। ਪਾਕਿਸਤਾਨੀ ਫ਼ੌਜ ਦੇ ਪ੍ਰਚਾਰ ਵਿੰਗ ਵਲੋਂ ਬਾਇਡਨ ਪ੍ਰਸ਼ਾਸਨ ਦੇ ਸੀਨੀਅਰ ਅਹਿਲਕਾਰਾਂ ਜਿਨ੍ਹਾਂ ਵਿਚ ਵਿਦੇਸ਼ ਮੰਤਰੀ, ਰੱਖਿਆ ਮੰਤਰੀ, ਕੌਮੀ ਸੁਰੱਖਿਆ ਸਲਾਹਕਾਰ ਆਦਿ ਨਾਲ ਵ੍ਹਾਈਟ ਹਾਊਸ ਵਿਚ ਹੋਣ ਵਾਲੀਆਂ ਜਨਰਲ ਮੁਨੀਰ ਨਾਲ ਹੋਣ ਵਾਲੀਆਂ ਮੀਟਿੰਗਾਂ ਦੇ ਇਸ਼ਤਿਹਾਰ ਛਪਵਾਏ ਗਏ ਸਨ। ਜਨਰਲ ਮੁਨੀਰ ਆਪਣੇ ਪੂਰਬਵਰਤੀ ਸੈਨਾਪਤੀ ਜਨਰਲ ਕਮਰ ਜਾਵੇਦ ਬਾਜਵਾ ਦੀ ਚੋਣ ਸਨ ਅਤੇ ਇਹ ਜਨਰਲ ਬਾਜਵਾ ਹੀ ਸਨ ਜਿਨ੍ਹਾਂ ਨੇ ਅਮਰੀਕਾ ਦੇ ਇਸ਼ਾਰੇ ’ਤੇ ਯੂਕਰੇਨ ਨੂੰ ਹਥਿਆਰ ਮੁਹੱਈਆ ਕਰਵਾਏ ਸਨ।

ਇਸ ਦੌਰਾਨ ਅਫ਼ਗਾਨਿਸਤਾਨ ਦੇ ਮਾਮਲਿਆਂ ਬਾਰੇ ਅਮਰੀਕਾ ਦੇ ਵਿਸ਼ੇਸ਼ ਨੁਮਾਇੰਦੇ ਥੌਮਸ ਵੈਸਟ ਨੇ ਪਾਕਿਸਤਾਨ ਦਾ ਦੌਰਾ ਕੀਤਾ ਹੈ ਜਿਸ ਦੌਰਾਨ ਉਨ੍ਹਾਂ ਦਹਿਸ਼ਤਵਾਦ ਖਿਲਾਫ਼ ਪਾਕਿਸਤਾਨ ਦੀ ਲੜਾਈ ਦੀ ਗੱਜ ਵੱਜ ਕੇ ਹਮਾਇਤ ਕੀਤੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਬਾਇਡਨ ਪ੍ਰਸ਼ਾਸਨ ਪਾਕਿਸਤਾਨ ਖਿਲਾਫ਼ ਕੀਤੀ ਆਪਣੀ ਸਾਰੀ ਬਿਆਨਬਾਜ਼ੀ ਭੁੱਲ ਭੁਲਾ ਗਿਆ ਹੈ। ਇਸ ਤੋਂ ਇਲਾਵਾ ਇਹ ਵੀ ਭੁੱਲ ਗਿਆ ਹੈ ਕਿ ਪਾਕਿਸਤਾਨ ਨੇ ਉਸਾਮਾ ਬਿਨ-ਲਾਦਿਨ ਨੂੰ ਪਨਾਹ ਦਿੱਤੀ ਸੀ ਅਤੇ ਕਿਵੇਂ ਅਫ਼ਗਾਨਿਸਤਾਨ ’ਚੋਂ ਅਮਰੀਕੀ ਫ਼ੌਜ ਦੀ ਵਾਪਸੀ ਤੋਂ ਬਾਅਦ ਆਈਐੱਸਆਈ ਦੀ ਨੱਕ ਹੇਠ ਤਾਲਿਬਾਨ ਕਾਬੁਲ ਦੀ ਸੱਤਾ ’ਤੇ ਕਾਬਿਜ਼ ਹੋਏ ਸਨ। ਕਮਾਲ ਦੀ ਗੱਲ ਇਹ ਹੈ ਕਿ ਇਸ ਨਾਲ ਪਾਕਿਸਤਾਨ ਦੇ ‘ਸਦਾ ਬਹਾਰ ਦੋਸਤ’ ਚੀਨ ਨੂੰ ਰੱਤੀ ਭਰ ਫ਼ਰਕ ਨਹੀਂ ਪੈਂਦਾ ਅਤੇ ਇਨ੍ਹਾਂ ਦਰਮਿਆਨ ਰਿਸ਼ਤੇ ਆਮ ਵਾਂਗ ਚੱਲ ਰਹੇ ਹਨ। ਇਸ ਸਮੇਂ ਜਨਰਲ ਮੁਨੀਰ ਦਾ ਸਾਰਾ ਜ਼ੋਰ ਇਸ ਗੱਲ ’ਤੇ ਲੱਗਿਆ ਹੋਇਆ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਅਤੇ ਉਨ੍ਹਾਂ ਦੇ ਖਾਸਮਖ਼ਾਸ ਸਾਬਕਾ ਵਜ਼ੀਰ ਸ਼ਾਹ ਮਹਿਮੂਦ ਕੁਰੈਸ਼ੀ ’ਤੇ ਕਿਵੇਂ ਸ਼ਿਕੰਜਾ ਕੱਸਿਆ ਜਾਵੇ ਜਿਨ੍ਹਾਂ ਦੇ ਖਿਲਾਫ਼ ਅਜਿਹੇ ਦੋਸ਼ ਲਾਏ ਜਾ ਰਹੇ ਹਨ ਤਾਂ ਕਿ ਉਹ ਚੋਣਾਂ ਲੜਨ ਤੋਂ ਅਯੋਗ ਐਲਾਨ ਦਿੱਤੇ ਜਾਣ।

ਫ਼ੌਜ ਦੇ ਬਹੁਤ ਸਾਰੇ ਅਫਸਰਾਂ, ਜਵਾਨਾਂ ਅਤੇ ਸਾਬਕਾ ਫ਼ੌਜੀਆਂ ਵਲੋਂ ਇਮਰਾਨ ਖ਼ਾਨ ਨੂੰ ਚੋਣਾਂ ਲੜਨ ਤੋਂ ਰੋਕਣ ਦੇ ਇਨ੍ਹਾਂ ਹਥਕੰਡਿਆਂ ਦਾ ਪੁਰਜ਼ੋਰ ਵਿਰੋਧ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਨਿਆਂਪਾਲਿਕਾ ਦਾ ਵੱਡਾ ਤਬਕਾ ਵੀ ਇਮਰਾਨ ਖ਼ਾਨ ਦੇ ਹੱਕ ਵਿਚ ਹੈ। ਉਂਝ, ਹਾਲੇ ਇਹ ਦੇਖਣਾ ਬਾਕੀ ਹੈ ਕਿ ਇਮਰਾਨ ਖ਼ਾਨ ਨੂੰ ਸੁਪਰੀਮ ਕੋਰਟ ਤੋਂ ਕੋਈ ਰਾਹਤ ਮਿਲਦੀ ਹੈ ਜਾਂ ਨਹੀਂ ਤਾਂ ਕਿ ਉਹ ਚੋਣਾਂ ਵਿਚ ਹਿੱਸਾ ਲੈ ਸਕਣ।

ਪਾਕਿਸਤਾਨ ਦੇ ਹਥਿਆਰਬੰਦ ਦਸਤਿਆਂ ਨੂੰ ਇਸ ਸਮੇਂ ਡੂਰੰਡ ਲਾਈਨ ਦੇ ਦੋਵੇਂ ਪਾਸੀਂ ਭਾਰੀ ਤਾਦਾਦ ਵਿਚ ਵਸਦੇ ਪਖਤੂਨਾਂ ਵਲੋਂ ਸਖ਼ਤ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤ ਨੇ ਅਫ਼ਗਾਨਿਸਤਾਨ ਵਿਚ ਤਾਲਿਬਾਨ ਨਾਲ ਗੱਲਬਾਤ ਦੇ ਚੈਨਲ ਖੋਲ੍ਹੇ ਹੋਏ ਹਨ। ਆਸ ਕੀਤੀ ਜਾਂਦੀ ਹੈ ਕਿ ਨਵੀਂ ਦਿੱਲੀ ਅਫ਼ਗਾਨਾਂ ਨੂੰ ਕਣਕ ਦੀ ਸਪਲਾਈ ਜਾਰੀ ਰੱਖੇਗੀ। ਭਾਰਤ ਤੋਂ ਕਣਕ ਅਤੇ ਹੋਰ ਵਸਤਾਂ ਦੀ ਸਪਲਾਈ ਇਰਾਨ ਦੀ ਚਾਬਹਾਰ ਬੰਦਰਗਾਹ ਰਾਹੀਂ ਕੀਤੀ ਜਾ ਰਹੀ ਹੈ। ਹਾਲਾਂਕਿ ਮੋਦੀ ਸਰਕਾਰ ਵੀ ਆਉਣ ਵਾਲੀਆਂ ਆਮ ਚੋਣਾਂ ਦੀਆਂ ਤਿਆਰੀਆਂ ਕਰਨ ਲੱਗ ਪਈ ਹੈ ਪਰ ਉਧਰ ਬੰਗਲਾਦੇਸ਼ ਵਿਚ ਭਾਰਤ ਨਾਲ ਦੋਸਤਾਨਾ ਰਿਸ਼ਤੇ ਬਣਾ ਕੇ ਚੱਲਣ ਵਾਲੀ ਸ਼ੇਖ ਹਸੀਨਾ ਦੀ ਸਰਕਾਰ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਪ੍ਰਸੰਗ ਵਿਚ ਅਮਰੀਕਾ ਨੇ ਲੰਮੇ ਅਰਸੇ ਤੋਂ ਸ਼ੇਖ ਹਸੀਨਾ ਸਰਕਾਰ ਪ੍ਰਤੀ ਤੁਅੱਸਬ ਪਾਲ ਰੱਖੇ ਹਨ ਜਿਸ ਕਰ ਕੇ ਭਾਰਤ ਦੇ ਪੂਰਬੀ ਮੋਰਚੇ ’ਤੇ ਦਿੱਕਤਾਂ ਕਈ ਗੁਣਾ ਵਧ ਗਈਆਂ ਹਨ। ਅਸਲ ਵਿਚ ਬੰਗਲਾਦੇਸ਼ ਦੇ ਮੁਕਤੀਯੁੱਧ ਦੇ ਦਿਨਾਂ ਤੋਂ ਹੀ ਅਮਰੀਕੀਆਂ ਦੇ ਮਨਾਂ ਵਿਚ ਇਹ ਭਰਮ ਪੈਦਾ ਹੋ ਗਏ ਸਨ ਜੋ ਇਸ ਦੀ ਨੀਤੀ ਦਾ ਅਟੁੱਟ ਹਿੱਸਾ ਬਣ ਚੁੱਕੇ ਹਨ। ਇਹ ਤੱਥ ਹੈ ਕਿ ਅਵਾਮੀ ਲੀਗ ਸਰਕਾਰ ਦੇ ਚੀਨ ਨਾਲ ਸਿੱਧ ਪੱਧਰੇ ਅਤੇ ਠੀਕ ਠਾਕ ਰਿਸ਼ਤੇ ਬਣੇ ਰਹੇ ਹਨ ਜਿਸ ਕਰ ਕੇ ਅਮਰੀਕੀਆਂ ਦੀ ਪਹੁੰਚ ਕਾਫ਼ੀ ਹੱਦ ਤੱਕ ਹੈਰਾਨਕੁਨ ਜਾਪਦੀ ਹੈ; ਦੂਜੇ ਬੰਨ੍ਹੇ ਚੀਨ ਅਤੇ ਪਾਕਿਸਤਾਨ ਵਿਚਕਾਰ ਗਹਿਰੇ ਫ਼ੌਜੀ ਹਨ ਜੋ ਅਮਰੀਕੀਆਂ ਨੂੰ ਬਿਲਕੁੱਲ ਨਹੀਂ ਚੁਭਦੇ।

ਅਮਰੀਕਾ ਨੇ ਸ਼ੇਖ ਮੁਜੀਬੁਰ ਰਹਿਮਾਨ ਦੀ ਅਗਵਾਈ ਪ੍ਰਤੀ ਆਪਣੇ ਮਨ ਵਿਚ ਜੋ ਤੁਅੱਸਬ ਪਾਲੇ ਸਨ, ਉਹ ਅੱਜ ਉਨ੍ਹਾਂ ਦੀ ਧੀ ਸ਼ੇਖ ਹਸੀਨਾ ਦੀ ਸਰਕਾਰ ਪ੍ਰਤੀ ਵੀ ਬਣੇ ਹੋਏ ਹਨ। ਅਵਾਮੀ ਲੀਗ ਹੀ ਨਹੀਂ ਸਗੋਂ ਭਾਰਤ ਵਿਚ ਵੀ ਸ਼ੇਖ ਮੁਜੀਬੁਰ ਰਹਿਮਾਨ ਦੀ ਹੱਤਿਆ ਵਿਚ ਵਿਦੇਸ਼ੀ ਹੱਥ ਹੋਣ ਦੇ ਸ਼ੱਕ-ਸ਼ੁਬਹੇ ਹਨ। ਸ਼ੇਖ ਮੁਜੀਬੁਰ ਦੀ ਹੱਤਿਆ ਤੋਂ ਬਾਅਦ ਬੰਗਲਾਦੇਸ਼ ਦੀ ਸੱਤਾ ’ਤੇ ਕਾਬਿਜ਼ ਹੋਏ ਜਨਰਲ ਜ਼ਿਆ-ਉਰ-ਰਹਿਮਾਨ ਨਾਲ ਅਮਰੀਕਾ ਨੇ ਕਾਫੀ ਨੇੜਲੇ ਸਬੰਧ ਬਣਾ ਲਏ ਸਨ। ਭਾਰਤ ਅਤੇ ਬੰਗਲਾਦੇਸ਼ ਦੋਵੇਂ ਦੀਆਂ ਸਰਹੱਦਾਂ ਮਿਆਂਮਾਰ ਨਾਲ ਲਗਦੀਆਂ ਹਨ। ਹਾਲਾਂਕਿ ਸਰਹੱਦ ਪਾਰ ਦਹਿਸ਼ਤਗਰਦੀ ਨਾਲ ਸਿੱਝਣ ਲਈ ਭਾਰਤ ਅਤੇ ਮਿਆਂਮਾਰ ਇਕ ਦੂਜੇ ਨਾਲ ਕਰੀਬੀ ਸਹਿਯੋਗ ਕਰਦੇ ਹਨ ਪਰ ਬੰਗਲਾਦੇਸ਼ ਨੂੰ ਮਿਆਂਮਾਰ ਨਾਲ ਲਗਦੀ ਸਰਹੱਦ ’ਤੇ ਕਈ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਰੋਹਿੰਗੀਆਂ ਸ਼ਰਨਾਰਥੀਆਂ ਦੀ ਬਹੁਤ ਵੱਡੀ ਤਾਦਾਦ ਬੰਗਲਾਦੇਸ਼ ਦੇ ਇਲਾਕੇ ਵਿਚ ਰਹਿ ਰਹੀ ਹੈ। ਭਾਰਤ ਅਤੇ ਮਿਆਂਮਾਰ ਵਿਚਕਾਰ ਸਰਹੱਦ ਪਾਰ ਸਹਿਯੋਗ ਕਾਫ਼ੀ ਵਿਕਸਤ ਹੋ ਗਿਆ ਹੈ ਅਤੇ ਪਿਛਲੇ ਕੁਝ ਮਹੀਨਿਆਂ ਦੌਰਾਨ ਮਨੀਪੁਰ ਵਿਚ ਚੱਲ ਰਹੀ ਹਿੰਸਾ ਦੇ ਮੱਦੇਨਜ਼ਰ ਇਨ੍ਹਾਂ ਸਬੰਧਾਂ ਦੀ ਕਾਫ਼ੀ ਅਹਿਮੀਅਤ ਹੈ।

ਆਉਣ ਵਾਲੇ ਕੁਝ ਮਹੀਨਿਆਂ ਵਿਚ ਭਾਰਤ ਦੀਆਂ ਦੱਖਣ ਪੂਰਬੀ ਸਰਹੱਦਾਂ ਉਪਰ ਤਣਾਅ ਵਧ ਸਕਦਾ ਹੈ ਅਤੇ ਹਿੰਸਾ ਵੀ ਹੋ ਸਕਦੀ ਹੈ। ਬੰਗਲਾਦੇਸ਼ ਵਿਚ ਕੱਟੜਪੰਥੀ ਤਾਕਤਾਂ ਉੱਥੋਂ ਦੀ ਧਰਮ ਨਿਰਪੱਖ ਸ਼ੇਖ ਹਸੀਨਾ ਸਰਕਾਰ ਲਈ ਸਿਰਦਰਦ ਬਣੇ ਹੋਏ ਹਨ ਜਿਸ ਕਰ ਕੇ ਆਉਣ ਵਾਲੀਆਂ ਚੋਣਾਂ ਵਿਚ ਹਿੰਸਾ ਹੋ ਸਕਦੀ ਹੈ। ਬੰਗਲਾਦੇਸ਼ ਅਤੇ ਸ਼ੇਖ ਹਸੀਨਾ ਨੂੰ ਨਿੱਜੀ ਤੌਰ ’ਤੇ ਅਮਰੀਕਾ ਅਤੇ ਕੈਨੇਡਾ ਪ੍ਰਤੀ ਗਿਲੇ ਸ਼ਿਕਵੇ ਹਨ ਜਿਨ੍ਹਾਂ ਦੋਵੇਂ ਨੇ ਬੰਗਲਾਦੇਸ਼ ਦੇ ਸਾਬਕਾ ਫ਼ੌਜੀ ਅਫਸਰਾਂ ਨੂੰ ਪਨਾਹ ਦਿੱਤੀ ਸੀ ਜੋ ਉਨ੍ਹਾਂ ਦੇ ਪਿਤਾ ਸ਼ੇਖ ਮੁਜੀਬੁਰ ਰਹਿਮਾਨ ਦੀ ਹੱਤਿਆ ਵਿਚ ਮੁਲਜ਼ਮ ਕਰਾਰ ਦਿੱਤੇ ਗਏ ਸਨ। ਇਨ੍ਹਾਂ ਦੋਵੇਂ ਅਫਸਰਾਂ ਖਿਲਾਫ਼ ਕੇਸ ਅਜੇ ਵੀ ਚੱਲ ਰਹੇ ਹਨ।

ਨਵੇਂ ਸਾਲ ਵਿਚ ਬੰਗਲਾਦੇਸ਼, ਪਾਕਿਸਤਾਨ ਅਤੇ ਭਾਰਤ ਵਿਚ ਆਮ ਚੋਣਾਂ ਹੋ ਰਹੀਆਂ ਹਨ। ਪਾਕਿਸਤਾਨ ਵਿਚ ਉਥੋਂ ਦੀ ਫ਼ੌਜ ਦੇਸ਼ ਦੀ ਹੋਣੀ ਤੈਅ ਕਰਨ ਵਿਚ ਜੁਟੀ ਹੋਈ ਹੈ ਅਤੇ ਇਸ ਦਾ ਸਾਰਾ ਧਿਆਨ ਇਸ ਪਾਸੇ ਲੱਗਿਆ ਹੋਇਆ ਹੈ ਕਿ ਕਿਵੇਂ ਨਾ ਕਿਵੇਂ ਇਮਰਾਨ ਖ਼ਾਨ ਨੂੰ ਚੋਣਾਂ ਲੜਨ ਤੋਂ ਅਯੋਗ ਕਰਾਰ ਦੇ ਦਿੱਤਾ ਜਾਵੇ। ਇਹ ਸਭ ਕੁਝ ਅਜਿਹੇ ਸਮੇਂ ਹੋ ਰਿਹਾ ਹੈ ਜਦੋਂ ਦੇਸ਼ ਆਰਥਿਕ ਦੀਵਾਲੀਏਪਣ ਦੇ ਕੰਢੇ ’ਤੇ ਹੈ ਅਤੇ ਅਮਰੀਕੀ ਹਮਾਇਤ ’ਤੇ ਨਿਰਭਰ ਹੈ ਜੋ ਇਸ ਨੂੰ ਆਈਐੱਮਐੱਫ ਅਤੇ ਵਿਸ਼ਵ ਬੈਂਕ ਤੋਂ ਕਰਜ਼ੇ ਜਾਰੀ ਕਰਵਾ ਰਿਹਾ ਹੈ। ਬੰਗਲਾਦੇਸ਼ ਨੂੰ ਇਹੋ ਜਿਹੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਜਦੋਂ ਅਮਰੀਕਾ ਅਤੇ ਪਾਕਿਸਤਾਨ ਦੋਵਾਂ ਦੇ ਹਿੱਤ ਇਸ ਗੱਲ ਨਾ ਜੁੜੇ ਹੋਏ ਹਨ ਕਿ ਸ਼ੇਖ ਹਸੀਨਾ ਦੁਬਾਰਾ ਸੱਤਾ ਵਿਚ ਨਾ ਆ ਸਕੇ।

# ਕੈਬਨਿਟ ਮੰਤਰੀ ਨੇ ਸਕੂਲ ਦੀ ਇੱਕ ਵਿਦਿਆਰਥਣ ਤੋਂ ਕਰਵਾਇਆ ਨਵੀਂ ਬਣਾਂਈ ਸੜਕ ਦਾ ਉਦਘਾਟਨ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਪਠਾਨਕੋਟ ਦੇ ਪਿੰਡ ਦਾਰੋਸਲਾਮ ਵਾਰਡ ਨੰਬਰ 43 ਦੀ ਸੜਕ ਜੋ ਕਿ ਆਜਾਦੀ ਦੇ 76 ਸਾਲਾਂ ਦੇ ਬਾਅਦ ਵੀ ਇਹ ਸੜਕ ਦਾ ਨਿਰਮਾਣ ਨਹੀਂ ਹੋਇਆ ਸੀ ਅਤੇ ਅੱਜ ਇਹ ਸੜਕ 15 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕਰਕੇ ਪਿੰਡ ਵਾਸੀਆਂ ਨੂੰ ਸਮਰਪਿਤ ਕੀਤੀ ਗਈ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਪਿੰਡ ਦਾਰੋ ਸਲਾਮ ਵਿਖੇ ਪਿੰਡ ਤੋਂ ਸਰਕਾਰੀ ਸਕੂਲ ਨੂੰ ਜਾਂਦੀ ਸੜਕ ਦਾ ਉਦਘਾਟਣ ਕਰਨ ਮਗਰੋਂ ਕੀਤਾ ਗਿਆ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਸੁਰਜੀਤ ਸਿੰਘ ਜੁਆਇੰਟ ਕਮਿਸਨਰ ਨਗਰ ਨਿਗਮ ਪਠਾਨਕੋਟ, ਬਲਜਿੰਦਰ ਕੌਰ ਬਲਾਕ ਪ੍ਰਧਾਨ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਅੰਮਿਤ ਕੁਮਾਰ, ਸੋਹਣ ਲਾਲ ਸਾਬਕਾ ਕੌਂਸਲਰ, ਸੰਦੀਪ ਕੁਮਾਰ ਅਤੇ ਹੋਰ ਪਾਰਟੀ ਕਾਰਜਕਰਤਾ ਹਾਜ਼ਰ ਸਨ।



ਇਸ ਮੋਕੇ ਤੇ ਸ੍ਰੀ ਲਾਲ ਚੰਦ ਕਟਾਰੂਚੱਕ ਮੰਤਰੀ ਪੰਜਾਬ ਨੇ ਸਕੂਲ ਦੀ ਇੱਕ ਵਿਦਿਆਰਥਣ ਤੋਂ ਇਸ ਸੜਕ ਦਾ ਉਦਘਾਟਣ ਕਰਵਾਇਆ। ਉਨ੍ਹਾਂ ਕਿਹਾ ਕਿ ਇਹ ਸੜਕ ਦੀ ਹਾਲਤ ਇੰਨੀ ਜਿਆਦਾ ਖਸਤਾ ਸੀ ਕਿ ਬਾਰਿਸ ਦੇ ਦਿਨ੍ਹਾਂ ਵਿੱਚ ਵਿਦਿਆਰਥੀਆਂ ਨੂੰ ਸਕੂਲ ਜਾਣ ਦੇ ਲਈ ਕਾਫੀ ਪ੍ਰੇਸਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਇਹ ਸੜਕ 15 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਗਈ ਹੈ ਅਤੇ ਸੜਕ ਤੇ ਸਟਰੀਟ ਲਾਈਟਾਂ ਵੀ ਲਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਪਿਛਲੇ ਦਿਨ੍ਹਾਂ ਦੌਰਾਨ ਇਸ ਸੜਕ ਦਾ ਕੰਮ ਸ਼ੁਰੂ ਕਰਵਾਇਆ ਸੀ ਅਤੇ ਪਿੰਡ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਜਲਦੀ ਹੀ ਇਸ ਸੜਕ ਦਾ ਨਿਰਮਾਣ ਕੀਤਾ ਜਾਵੇਗਾ ਅਤੇ ਅੱਜ ਇਹ ਰੋਡ ਬਣਾ ਕੇ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਹੈ। ਪਿੰਡ ਵਾਸੀਆਂ ਵੱਲੋਂ ਸੜਕ ਦੇ ਨਿਰਮਾਣ ਤੇ ਕੈਬਨਿਟ ਮੰਤਰੀ ਪੰਜਾਬ ਦਾ ਧੰਨਵਾਦ ਕੀਤਾ। ਇਸ ਮੋਕੇ ਤੇ ਕੈਬਨਿਟ ਮੰਤਰੀ ਪੰਜਾਬ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਗਈਆਂ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਗੁਰਦੁਆਰਾ ਬਰਾਡਸ਼ਾਅ ਰੋਡ ਵੱਲੋਂ ਗਾਲਟ ਸਿਟੀ ਦੇ ਮਰਹੂਮ ਪੁਲਿਸ ਅਫਸਰ ਹਰਮਿੰਦਰ ਸਿੰਘ ਗਰੇਵਾਲ ਦੇ ਪਰਿਵਾਰ ਨੂੰ 25 ਹਜ਼ਾਰ ਡਾਲਰ ਦਾ ਚੈਕ ਭੇਂਟ

**ਸੈਕਰਾਮੈਂਟੋ-** ਸੈਕਰਾਮੈਂਟੋ ਸਿੱਖ ਸੁਸਾਇਟੀ, ਬਰਾਡਸ਼ਾਅ ਰੋਡ ਗੁਰਦੁਆਰਾ ਸਾਹਿਬ ਦੀ ਕਮੇਟੀ ਵੱਲੋਂ ਗਾਲਟ ਸਿਟੀ ਦੇ ਸਿੱਖ ਪੁਲਿਸ ਅਫਸਰ ਹਰਮਿੰਦਰ ਸਿੰਘ ਗਰੇਵਾਲ ਦੇ ਪਰਿਵਾਰ ਲਈ 25 ਹਜ਼ਾਰ ਡਾਲਰ ਸਹਾਇਤਾ ਵਜੋਂ ਦਿੱਤੇ ਗਏ ਹਨ। ਗੁਰਦੁਆਰਾ ਸਾਹਿਬ ਦੀ ਕਮੇਟੀ ਨੇ ਇਹ ਚੈੱਕ ਗਾਲਟ ਸਿਟੀ ਦੇ ਮੇਅਰ ਪਰਗਟ ਸਿੰਘ ਸੰਧੂ ਨੂੰ ਭੇਂਟ ਕੀਤਾ, ਜਿਸ 'ਤੇ ਮੇਅਰ ਅਤੇ ਸਮੁੱਚੇ ਕੌਂਸਲ ਮੈਂਬਰਾਂ ਨੇ ਗੁਰਦੁਆਰਾ ਸਾਹਿਬ ਦੀ ਕਮੇਟੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲਖਵੀਰ ਸਿੰਘ ਔਜਲਾ, ਰਣਧੀਰ ਸਿੰਘ ਧੀਰਾ ਨਿੱਜਰ, ਬੱਬੂ ਕਲੋਟੀਆ, ਦਵਿੰਦਰ ਸਿੰਘ



ਝਾਵਰ, ਅਮਰੀਕ ਸਿੰਘ ਕੈਲ, ਗੋਲਡੀ ਲਾਲੀ, ਹੈਰੀ ਸੰਘਾ ਵੀ ਹਾਜ਼ਰ ਸਨ।

ਜ਼ਿਕਰਯੋਗ ਹੈ ਕਿ ਹਰਮਿੰਦਰ ਸਿੰਘ ਗਰੇਵਾਲ ਗਾਲਟ ਪੁਲਿਸ ਵਿਭਾਗ ਵਿਚ ਤਾਇਨਾਤ ਸਨ ਅਤੇ ਡਿਊਟੀ ਦੌਰਾਨ ਉਨ੍ਹਾਂ ਦੀ ਇਕ ਹਾਦਸੇ ਵਿਚ ਮੌਤ ਹੋ ਗਈ ਸੀ। ਪੁਲਿਸ ਵਿਭਾਗ ਅਨੁਸਾਰ ਹਰਮਿੰਦਰ ਸਿੰਘ ਗਰੇਵਾਲ ਇਕ ਮਿਹਨਤਕਸ਼ ਅਫਸਰ ਸਨ। ਉਨ੍ਹਾਂ ਦੇ ਜਾਣ ਨਾਲ ਪੁਲਿਸ ਵਿਭਾਗ ਵੱਲੋਂ ਮਰਨ ਉਪਰੰਤ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਹੁਣ ਪਰਿਵਾਰ ਦੀ ਮਦਦ ਲਈ ਗੁਰਦੁਆਰਾ ਬਰਾਡਸ਼ਾਅ ਰੋਡ ਦੀ ਸਮੁੱਚੀ ਕਮੇਟੀ ਨੇ ਮਾਇਕ ਮਦਦ ਕੀਤੀ ਹੈ।

# ਮਾਂ ਵੱਲੋਂ ਫਲਸਤੀਨ ਪੱਖੀ ਪੋਸਟ ਪਾਉਣ 'ਤੇ ਉਸ ਦੇ ਪੁੱਤਰ ਨੂੰ ਸਕੂਲੋਂ ਕੱਢਿਆ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਇਕ ਹਾਈ ਸਕੂਲ ਵੱਲੋਂ ਮਾਂ ਵੱਲੋਂ ਸੋਸ਼ਲ ਮੀਡੀਆ ਉਪਰ ਫਲਸਤੀਨ ਪੱਖੀ ਪੋਸਟ ਪਾਉਣ 'ਤੇ ਉਸ ਦੇ ਪੁੱਤਰ ਫਲਸਤੀਨੀ ਅਮਰੀਕੀ ਵਿਦਿਆਰਥੀ ਨੂੰ ਪਿਛਲੇ ਮਹੀਨੇ ਸਕੂਲ ਵਿਚੋਂ ਕਢ ਦੇਣ ਦੇ ਮਾਮਲੇ ਵਿਚ ਕੌਂਸਲ ਆਫ ਅਮੈਰੀਕਨ-ਇਸਲਾਮਿਕ ਰਿਲੇਸ਼ਨਜ ਨੇ ਯੂ ਐਸ ਸਿੱਖਿਆ ਵਿਭਾਗ ਨੂੰ ਬੇਨਤੀ ਕੀਤੀ ਹੈ ਕਿ ਉਹ ਇਸ ਮਾਮਲੇ ਵਿਚ ਦਖਲ ਦੇਵੇ ਤੇ ਮਾਮਲੇ ਦੀ ਜਾਂਚ ਕਰਵਾਈ ਜਾਵੇ।




ਵਿਦਿਆਰਥੀ ਦੀ ਮਾਂ ਡਾ ਮਾਹਾ ਅਲਮਾਸਰੀ ਨੇ ਪਾਈ ਪੋਸਟ ਵਿਚ ਲਿਖਿਆ ਸੀ ਕਿ ਗਾਜ਼ਾ ਵਿਚ ਇਸਰਾਈਲ ਆਮ ਫਲਸਤੀਨੀਆਂ ਤੇ ਬੱਚਿਆਂ ਦਾ ਘਾਣ ਕਰ ਰਿਹਾ ਹੈ। ਇਸ ਉਪਰੰਤ ਪਾਈਨ ਕਰੈਸਟ ਸਕੂਲ ਫੋਰਟ ਲਾਊਡਰਡੇਲ, ਫਲੋਰਿਡਾ ਨੇ ਉਸ ਦੇ 15 ਸਾਲਾ ਪੁੱਤਰ ਜਬ ਅਬੂਹਮਦਾ ਨੂੰ ਸਕੂਲ ਵਿਚੋਂ ਕੱਢ ਦਿੱਤਾ ਸੀ। ਡਾ ਮਾਹਾ ਅਲਮਾਸਰੀ ਨੂੰ ਵੀ ਨੌਕਰੀ ਤੋਂ ਜਵਾਬ ਦੇ ਦਿੱਤਾ ਸੀ ਜੋ ਇਸੇ ਸਕੂਲ ਵਿਚ ਗਣਿਤ ਦੀ ਅਧਿਆਪਕਾ ਸੀ। ਇਸ ਨਿੱਜੀ ਸਕੂਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਅਲਮਾਸਰੀ ਦੀ ਪੋਸਟ ਨਫਰਤ ਭਰੀ ਤੇ ਭੜਕਾਹਟ ਪੈਦਾ ਕਰਨ ਵਾਲੀ ਹੈ ਜਿਸ ਤੋਂ ਡਾ ਅਲਮਾਸਰੀ ਨੇ ਇਨਕਾਰ ਕੀਤਾ ਹੈ। ਬੀਤੇ ਦਿਨ ਜਬ ਅਬੂਹਮਦਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਪਣੇ ਆਪ ਨੂੰ ਨਿਰਦੋਸ਼ ਦੱਸਿਆ।

# ਪਹਿਲੀ ਸ਼੍ਰੇਣੀ ਦੇ ਬੱਚੇ ਵੱਲੋਂ ਆਪਣੀ ਅਧਿਆਪਕਾ ਨੂੰ ਗੋਲੀ ਮਾਰਨ ਦੇ ਮਾਮਲੇ ਵਿਚ ਮਾਂ ਨੂੰ ਹੋਈ 2 ਸਾਲ ਦੀ ਸਜ਼ਾ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਵਰਜੀਨੀਆ ਰਾਜ ਵਿਚ ਨਿਊਜ਼ ਪੋਰਟ ਵਿਖੇ ਇਕ ਸਕੂਲ ਵਿਚ ਇਸ ਸਾਲ ਜਨਵਰੀ ਵਿੱਚ ਪਹਿਲੀ ਸ਼ੇਣੀ ਦੇ ਵਿਦਿਆਰਥੀ ਵੱਲੋਂ ਆਪਣੀ ਅਧਿਆਪਕਾ ਨੂੰ ਗੋਲੀ ਮਾਰ ਕੇ ਗੰਭੀਰ ਜ਼ਖਮੀ ਕਰ ਦੇਣ ਦੇ ਮਾਮਲੇ ਵਿਚ ਬੱਚੇ ਦੀ ਮਾਂ ਨੂੰ ਲਾਪ੍ਰਵਾਹੀ ਵਰਤਣ ਦੇ ਦੋਸ਼ ਤਹਿਤ 2 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਧਿਆਪਕਾ ਦੇ ਹੱਥ ਤੇ ਛਾਤੀ ਵਿਚ ਗੋਲੀ ਵੱਜੀ ਸੀ। ਦਾਇਰ ਦੋਸ਼ਾਂ ਅਨੁਸਾਰ ਡੇਜਾ ਟੇਲਰ ਨਾਮੀ ਔਰਤ ਦਾ 6 ਸਾਲਾ ਪੁੱਤਰ 6 ਜਨਵਰੀ ਨੂੰ ਘਰੋਂ ਗੰਨ ਸਕੂਲ ਲੈ ਗਿਆ ਸੀ ਜਿਸ ਨਾਲ ਉਸ ਨੇ ਐਬੀ ਵਰਨਰ ਨਾਮੀ ਅਧਿਆਪਕਾ ਉਪਰ ਗੋਲੀ ਚਲਾ ਦਿੱਤੀ ਸੀ। ਇਸ ਸਾਲ ਅਗਸਤ ਵਿਚ ਰਾਜ ਦੇ ਵਕੀਲਾਂ ਨਾਲ ਹੋਏ ਸਮਝੌਤੇ ਤਹਿਤ ਟੇਲਰ ਨੇ ਆਪਣਾ ਗੁਨਾਹ ਮੰਨ ਲਿਆ ਸੀ ਜਿਸ ਸਮਝੌਤੇ ਤਹਿਤ ਘਰ ਵਿਚ ਭਰੀ ਹੋਈ ਗੰਨ ਖੁਲੇਆਮ ਛੱਡ ਕੇ ਆਪਣੇ ਬੱਚੇ ਦੀ ਜਾਨ ਜ਼ੋਖਮ ਵਿਚ ਪਾਉਣ ਦੇ ਦੋਸ਼ ਹਟਾ ਲਏ ਗਏ ਸਨ। ਵਕੀਲਾਂ ਨੇ ਸਮਝੌਤੇ ਤਹਿਤ 6 ਮਹੀਨੇ ਦੀ ਸਜ਼ਾ ਦੇਣ



ਦੀ ਸਿਫਾਰਿਸ਼ ਕੀਤੀ ਸੀ ਪਰੰਤੂ ਜੱਜ ਨੇ ਇਸ ਸਿਫਾਰਿਸ਼ ਵੱਲ ਕੋਈ ਧਿਆਨ ਨਹੀਂ ਦਿੱਤਾ। ਫੈਸਲੇ ਉਪਰੰਤ ਬਚਾਅ ਪੱਖ ਦੇ ਵਕੀਲ ਜੇਮਜ ਐਲਨਸਨ ਨੇ ਕਿਹਾ ਕਿ ਟੇਲਰ ਦੀ ਮਾਨਸਿਕ ਸਿਹਤ ਦੇ ਮੱਦੇਨਜਰ 2 ਸਾਲ ਦੀ ਸਜ਼ਾ ਬਹੁਤ ਜਿਆਦਾ ਹੈ। ਇਥੇ ਜਿਕਰਯੋਗ ਹੈ ਕਿ ਇਸੇ ਮਾਮਲੇ ਵਿਚ ਟੇਲਰ ਨੂੰ ਵੱਖਰੇ ਸੰਘੀ ਦੋਸ਼ਾਂ ਤਹਿਤ 21 ਮਹੀਨੇ ਦੀ ਸਜ਼ਾ ਪਹਿਲਾਂ ਹੀ ਸੁਣਾਈ ਜਾ ਚੁੱਕੀ ਹੈ। ਅਧਿਆਪਕਾ ਨੇ ਨਿਊਪੋਰਟ ਨਿਊਜ਼ ਸਕੂਲ ਡਿਸਟ੍ਰਿਕਟ ਵਿਰੁੱਧ ਵੀ 4 ਕਰੋੜ ਡਾਲਰ ਦੇ ਮੁਆਵਜ਼ੇ ਦਾ ਦਾਅਵਾ ਕੀਤਾ ਹੋਇਆ ਹੈ ਜਿਸ ਵਿਚ ਕਿਹਾ ਹੈ ਕਿ ਸਕੂਲ ਦੇ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਬੱਚਾ ਸਕੂਲ ਵਿਚ ਗੰਨ ਲਿਆਉਣ ਵਿੱਚ ਸਫਲ ਹੋਇਆ ਹੈ।

# ਮਿਸੋਰੀ ਰਾਜ ਦੇ ਸ਼ਹਿਰ ਕਨਸਾਸ ਵਿਚ ਕਾਰਬਨ ਮੋਨੋਆਕਸਾਈਡ ਗੈਸ ਚੜਣ ਨਾਲ 3 ਮੌਤਾਂ 1 ਦੀ ਹਾਲਤ ਗੰਭੀਰ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਮਿਸੋਰੀ ਰਾਜ ਦੇ ਕਨਸਾਸ ਸ਼ਹਿਰ ਵਿਚ ਸੁੱਤੇ ਪਿਆਂ ਸ਼ੱਕੀ ਕਾਰਬਨ ਮੋਨੋਆਕਸਾਈਡ ਗੈਸ ਚੜਣ ਨਾਲ 3 ਵਿਅਕਤੀਆਂ ਦੀ ਮੌਤ ਹੋਣ ਤੇ ਇਕ ਵਿਅਕਤੀ ਦੀ ਹਾਲਤ ਗੰਭੀਰ ਹੋਣ ਦੀ ਖਬਰ ਹੈ।

ਕਨਸਾਸ ਸ਼ਹਿਰ ਦੇ ਅੱਗ ਬੁਝਾਊ ਵਿਭਾਗ ਦੇ ਬੁਲਾਰੇ ਮਾਈਕਲ ਹੋਪਕਿਨਸ ਅਨੁਸਾਰ ਹਾਲਾਂ ਕਿ ਘਟਨਾ ਜਾਂਚ ਅਧੀਨ ਹੈ ਪਰੰਤੂ ਲੱਗਦਾ ਹੈ ਕਿ ਅੰਦਰ ਠੰਡ ਤੋਂ ਬਚਣ ਲਈ ਹੀਟਰ ਦੀ ਵਰਤੋਂ ਕਾਰਨ ਇਹ ਘਟਨਾ ਵਾਪਰੀ ਹੈ।

ਹੋਪਕਿਨਸ ਨੇ ਕਿਹਾ ਕਿ ਸਵੇਰੇ 6.50 ਵਜੇ ਸੂਚਨਾ ਮਿਲਣ 'ਤੇ ਅਮਲਾ ਮੌਕੇ ਉਪਰ ਪੁੱਜਾ ਤਾਂ 3 ਹਿਸਪੈਨਿਕ ਵਿਅਕਤੀ ਮ੍ਰਿਤਕ ਹਾਲਤ ਵਿਚ ਮਿਲੇ ਜਿਨਾਂ ਦੀ ਉਮਰ 20 ਤੋਂ 40 ਸਾਲ ਦੇ ਦਰਮਿਆਨ ਹੈ। ਸੈਂਟਰ ਫਾਰ ਦੀ ਡਸੀਜ਼ ਕੰਟਰੋਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਕਾਰਬਨ ਮੋਨੋਆਕਸਾਈਡ ਸੁੱਤੇ ਪਏ ਲੋਕਾਂ ਖਾਸ ਕਰਕੇ ਸ਼ਰਾਬ ਪੀ ਕੇ ਸਾਉਣ ਵਾਲਿਆਂ ਲਈ ਘਾਤਕ ਸਾਬਤ ਹੁੰਦੀ ਹੈ।

# ਅਮਰੀਕਾ ਦੇ ਚੋਟੀ ਦੇ ਐਫ ਬੀ ਆਈ ਅਧਿਕਾਰੀ ਨੂੰ 4 ਸਾਲ 2 ਮਹੀਨੇ ਕੈਦ ਦੀ ਸਜ਼ਾ

**ਸੈਕਰਾਮੈਂਟੋ, ਕੈਲਫੋਰਨੀਆ-** ਅਮਰੀਕਾ ਦੀ ਪ੍ਰਮੁੱਖ ਖੁਫੀਆ ਏਜੰਸੀ ਐਫ ਬੀ ਆਈ ਦੇ ਚੋਟੀ ਦੇ ਇਕ ਸਾਬਕਾ ਕਾਊਂਟਰਇੰਟੈਲੀਜੈਂਸ ਅਧਿਕਾਰੀ ਚਾਰਲਸ ਮੈਕਗੋਨੀਗਲ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਕਰੀਬੀ ਇਕ ਰੂਸੀ



ਅਰਬਪਤੀ ਲਈ ਜਸੂਸ ਵਜੋਂ ਕੰਮ ਕਰਨ ਦੇ ਦੋਸ਼ਾਂ ਤਹਿਤ 4 ਸਾਲ ਤੋਂ ਵਧ ਕੈਦ ਦੀ ਸਜ਼ਾ ਸੁਣਾਈ ਗਈ ਹੈ। ਯੂ ਐਸ ਡਿਸਟ੍ਰਿਕਟ ਜੱਜ ਜੈਨੀਫਰ ਰੀਅਰਡਨ ਨੇ ਮੈਕਗੋਨੀਗਲ ਨੂੰ 4 ਸਾਲ 2 ਮਹੀਨੇ ਜੇਲ ਦੀ ਸਜ਼ਾ ਸੁਣਾਉਣ ਤੋਂ ਇਲਾਵਾ 40000 ਡਾਲਰ ਜੁਰਮਾਨਾ ਵੀ ਲਾਇਆ। ਐਫ ਬੀ ਆਈ ਦੀ ਕਾਊਂਟਰ ਇੰਟੈਲੀਜੈਂਸ ਡਵੀਜਨ ਨਿਊਯਾਰਕ ਦੇ ਸਾਬਕਾ ਮੁਖੀ ਮੈਕਗੋਨੀਗਲ ਨੇ ਇਸ ਸਾਲ ਅਗਸਤ ਵਿਚ ਰੂਸ ਉਪਰ ਪਾਬੰਦੀਆਂ ਦੀ ਉਲੰਘਣਾ ਕਰਨ ਦੀ ਸਾਜਿਸ਼ ਰਚਣ ਤੇ ਰੂਸੀ ਅਰਬਪਤੀ ਓਲੇਗ ਡੈਰੀਪਾਸਕਾ ਨਾਲ ਸਬੰਧਾਂ ਤਹਿਤ ਕਾਲਾ ਧੰਨ ਚਿੱਟਾ ਕਰਨ ਦੇ ਦੋਸ਼ਾਂ ਨੂੰ ਮੰਨ ਲਿਆ ਸੀ। 55 ਸਾਲਾ ਮੈਕਗੋਨੀਗਲ ਨੇ ਅਦਾਲਤ ਵਿਚ ਦੱਬੀ ਆਵਾਜ ਵਿਚ ਕਿਹਾ ਕਿ ਮੈਨੂੰ ਪਛਤਾਵੇ ਦਾ ਡੂੰਘਾ ਅਹਿਸਾਸ ਹੈ ਤੇ ਮੈਨੂੰ ਆਪਣੇ ਕੀਤੇ ਉਪਰ ਅਫਸੋਸ ਹੈ। ਉਸ ਨੇ ਕਿਹਾ ਮੈ ਇਕ ਤੋਂ ਵਧ ਵਾਰ ਮੰਨਦਾ ਹਾਂ ਕਿ ਮੈ ਆਪਣੇ ਨਜਦੀਕੀਆਂ ਦਾ ਭਰੋਸਾ ਤੇ ਵਿਸ਼ਵਾਸ਼ ਤੋੜਿਆ ਹੈ ਤੇ ਮੈ ਬਾਕੀ ਦੀ ਬਚੀ ਸਮੁੱਚੀ ਜਿੰਦਗੀ ਦੌਰਾਨ ਇਹ ਭਰੋਸਾ ਮੁੜ ਪ੍ਰਾਪਤ ਕਰਨ ਲਈ ਲੜਦਾ ਰਹਾਂਗਾ। ਮੈਕਗੋਨੀਗਲ ਜਿਸ ਨੇ ਐਫ ਬੀ ਆਈ ਦੇ ਨਿਊਯਾਰਕ ਕਾਊਂਟਰ ਇੰਟੈਲੀਜੈਂਸ ਦਫਤਰ ਦੀ 2016 ਤੋਂ 2018 ਵਿਚ ਸੇਵਾ ਮੁਕਤ ਹੋਣ ਤੱਕ ਅਗਵਾਈ ਕੀਤੀ, ਨੂੰ ਅਗਲੇ ਸਾਲ ਫਰਵਰੀ ਵਿਚ ਅਲਬਾਨੀਆ ਤੋਂ ਇਕ ਵਿਦੇਸ਼ੀ ਖੁਫੀਆ ਸੂਤਰ ਤੋਂ 225000 ਡਾਲਰ ਮਿਲਣ ਬਾਰੇ ਸੂਚਿਤ ਨਾ ਕਰਨ ਦੇ ਮਾਮਲੇ ਵਿਚ ਵੀ ਸਜ਼ਾ ਸੁਣਾਈ ਜਾਣੀ ਹੈ।

# ਅਧਿਆਪਕ ਵਿਦਿਆਰਥੀ ਨੂੰ ਸਿਰ ਕਲਮ ਕਰ ਦੇਣ ਦੀ ਧਮਕੀ ਦੇਣ ਦੇ ਦੋਸ਼ 'ਚ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਜਾਰਜੀਆ ਰਾਜ ਦੇ ਇਕ ਮਿਡਲ ਸਕੂਲ ਦੇ ਅਧਿਆਪਕ ਨੂੰ ਇਕ 13 ਸਾਲਾ ਮੁਸਲਮਾਨ ਵਿਦਿਆਰਥਣ ਨੂੰ ਸਿਰ ਕਲਮ ਕਰ ਦੇਣ ਦੀ ਧਮਕੀ ਦੇਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਮੌਕੇ ਦਾ ਗਵਾਹਾਂ ਅਨੁਸਾਰ ਵਿਦਿਆਰਥਣ ਨੇ ਅਧਿਆਪਕ ਨੂੰ ਕਿਹਾ ਕਿ ਕਲਾਸ ਰੂਮ ਵਿਚ ਲੱਗਾ ਇਜਰਾਈਲ ਦਾ ਝੰਡਾ ਉਸ ਨੂੰ ਅਪਮਾਨਤ ਕਰ ਰਿਹਾ ਹੈ ਜਿਸ 'ਤੇ ਅਧਿਆਪਕ ਦਾ ਪਾਰਾ ਚੜ ਗਿਆ ਤੇ ਉਸ ਨੇ ਵਿਦਿਆਰਥਣ ਨੂੰ ਮਾਰ ਦੇਣ ਦੀ ਧਮਕੀ ਦਿੱਤੀ। ਹੌਸਟਨ ਕਾਊਂਟੀ ਸ਼ੈਰਿਫ ਦਫਤਰ ਦੀ ਰਿ-ਪੋਰਟ ਅਨੁਸਾਰ ਵਾਰਨਰ ਰੋਬਿਨਜ ਮਿਡਲ ਸਕੂਲ ਦੀ



7 ਵੀਂ ਕਲਾਸ ਦੇ 51 ਸਾਲਾ ਅਧਿਆਪਕ ਬੈਨਜਾਮਿਨ ਰੀਸ ਨੂੰ ਅਤਿਵਾਦੀ ਢੰਗ ਤਰੀਕੇ ਨਾਲ ਧਮਕੀਆਂ ਦੇਣ ਤੇ ਬੱਚਿਆਂ ਪ੍ਰਤੀ ਨਿਰਦਈਪੁਣਾ ਵਰਤਣ ਦੇ ਤੀਸਰਾ ਦਰਜਾ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਰਿਪੋਰਟ ਅਨੁਸਾਰ ਇਸ ਮਾਮਲੇ ਵਿਚ 20 ਤੋਂ ਵਧ ਗਵਾਹਾਂ ਦੀ ਸੂਚੀ ਹੈ।

# ਗਾਜ਼ਾ ਜੰਗ ਤੋਂ ਬਾਅਦ ਅਮਰੀਕਾ ਭਰ ਵਿਚ 400 ਤੋਂ ਵਧ ਯਹੂਦੀ ਸੰਸਥਾਵਾਂ ਨੂੰ ਝੂਠੀਆਂ ਬੰਬ ਧਮਕੀਆਂ ਮਿਲੀਆਂ- ਐਂਟੀ ਡੈਫਾਮੇਸ਼ਨ ਲੀਗ ਦਾ ਖੁਲਾਸਾ

**ਸੈਕਰਾਮੈਂਟੋ, ਕੈਲੀਫੋਰਨੀਆ-** ਇਜ਼ਰਾਈਲ ਤੇ ਹਮਾਸ ਵਿਚਾਲੇ ਗਾਜ਼ਾ ਪਟੀ ਵਿਚ ਜੰਗ ਸ਼ੁਰੂ ਹੋਣ ਤੋਂ ਬਾਅਦ ਅਮਰੀਕਾ ਭਰ ਦੀਆਂ 400 ਤੋਂ ਵਧ ਯਹੂਦੀ ਸੰਸਥਾਵਾਂ ਨੂੰ ਝੂਠੀਆਂ ਈ ਮੇਲ ਬੰਬ ਧਮਕੀਆਂ ਮਿਲ ਚੁੱਕੀਆਂ ਹਨ। ਇਹ ਪ੍ਰਗਟਾਵਾ ਕੌਮਾਂਤਰੀ ਯਹੂਦੀ ਗੈਰ ਮੁਨਾਫਾ ਸੰਗਠਨ ਐਂਟੀ-ਡੈਫਾਮੇਸ਼ਨ ਲੀਗ ਨੇ ਕੀਤਾ ਹੈ। ਲੀਗ ਦੇ ਅਤਿਵਾਦ ਬਾਰੇ ਸੈਂਟਰ ਦੇ ਉਪ ਪ੍ਰਧਾਨ ਓਰੇਨ ਸੇਗਲ ਨੇ ਕਿਹਾ ਹੈ ਕਿ ਉਨਾਂ ਦਾ ਵਿਸ਼ਵਾਸ਼ ਹੈ ਕਿ ਧਮਕੀਆਂ ਦੇਣ ਪਿੱਛੇ ਇਕ ਜਾਂ ਕੁਝ ਗਿਣਤੀ ਦੇ ਵਿਅਕਤੀਆਂ ਦਾ ਹੱਥ ਹੈ। ਉਨਾਂ ਕਿਹਾ ਕਿ ਈ ਮੇਲ ਰਾਹੀਂ ਮਿਲੀਆਂ ਧਮਕੀਆਂ ਵਿਚ ਕਈ ਸਮਾਨਤਾਵਾਂ ਹਨ ਜਿਵੇਂ ਕਥਿੱਤ ਧਮਕੀਆਂ ਦਾ ਲਹਿਜਾ ਤੇ ਰੂਪ ਆਦਿ। ਸੇਗਲ ਨੇ ਕਿਹਾ ਕਿ ਹਾਲਾਂ ਕਿ ਧਮਕੀਆਂ ਝੂਠੀਆਂ ਪ੍ਰਤੀਤ ਹੁੰਦੀਆਂ ਹਨ ਪਰੰਤੂ ਯਹੂਦੀ ਭਾਈਚਾਰਾ ਇਨਾਂ ਨੂੰ ਹਲਕੇ ਵਿਚ ਨਹੀਂ ਲੈ ਰਿਹਾ। ਅਸੀਂ ਇਨਾਂ ਧਮਕੀਆਂ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦੇ। ਇਸ ਤੋਂ ਪਹਿਲਾਂ ਯਹੂਦੀ ਭਾਈਚਾਰੇ ਵਿਰੁੱਧ ਧਮਕੀਆਂ ਦਾ ਪਿੱਛਾ ਕਰਨ ਵਾਲੇ ਸਕਿਉਰ ਕਮਿਊਨਿਟੀ ਨੈਂਟ ਵਰਕ ਨੇ ਕਿਹਾ ਸੀ ਕਿ ਯਹੂਦੀ ਸੰਸਥਾਵਾਂ ਵਿਰੁੱਧ 200 ਤੋਂ ਵਧ ਬੰਬ ਧਮਕੀਆਂ ਮਿਲੀਆਂ ਹਨ। ਇਹ ਧਮਕੀਆਂ ਕੈਲੀਫੋਰਨੀਆ, ਐਰੀਜ਼ੋਨਾ ਕੋਨੈਕਟੀਕਟ, ਕੋਲੋਰਾਡੋ, ਵਾਸ਼ਿੰਗਟਨ ਤੇ ਹੋਰ ਰਾਜਾਂ ਵਿਚਲੀਆਂ ਯਹੂਦੀ ਸੰਸਥਾਵਾਂ ਨੂੰ ਮਿਲੀਆਂ ਹਨ। ਇਸੇ ਦੌਰਾਨ ਐਫ ਬੀ ਆਈ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਉਹ ਇਸ ਬਾਰੇ ਚੌਕਸ ਹੈ ਤੇ ਉਹ ਸਥਾਨਕ ਲਾਅ ਇਨਫੋਰਸਮੈਂਟ ਅਧਿਕਾਰੀਆਂ ਦੀ ਇਨਾਂ ਮਾਮਲਿਆਂ ਦੀ ਜਾਂਚ ਵਿਚ ਮੱਦਦ ਕਰ ਰਹੀ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਪੰਨੂ ਦੇ ਕਤਲ ਦੀ ਸਾਜ਼ਿਸ ਬਾਰੇ ਮੋਦੀ ਨੇ ਪਹਿਲੀ ਵਾਰ ਕਿਹਾ

## ‘ਜੇ ਸਬੂਤ ਦਿੱਤੇ ਜਾਣਗੇ ਤਾਂ ਯਕੀਨੀ ਤੌਰ ’ਤੇ ਗੌਰ ਕਰਾਂਗਾ’



**ਨਵੀਂ ਦਿੱਲੀ–** ਅਮਰੀਕਾ ‘ਚ ਭਾਰਤੀ ਅਧਿਕਾਰੀ ’ਤੇ ਖਾਲਿਸਤਾਨੀ ਅਤਿਵਾਦੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਲੱਗਣ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਪਹਿਲੀ ਵਾਰ ਆਪਣਾ ਬਿਆਨ ਦਿੱਤਾ ਹੈ। ਸ੍ਰੀ ਮੋਦੀ ਨੇ ਸਪੱਸ਼ਟ ਕਿਹਾ ਹੈ ਕਿ ਜੇ ਕਿਸੇ ਭਾਰਤੀ ਸਾਜ਼ਿਸ਼ ਬਾਰੇ ਕੋਈ ਸਬੂਤ ਦਿੱਤਾ ਜਾਂਦਾ ਹੈ ਤਾਂ ਉਹ ਯਕੀਨੀ ਤੌਰ ‘ਤੇ ਇਸ ‘ਤੇ ‘ਵਿਚਾਰ’ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ‘ਕੁਝ ਘਟਨਾਵਾਂ’ ਭਾਰਤ ਅਤੇ ਅਮਰੀਕਾ ਦੀ ਦੋਸਤੀ ਨੂੰ ਪਟੜੀ ਤੋਂ ਨਹੀਂ ਉਤਾਰ ਸਕਦੀਆਂ। ਬਰਤਾਨਵੀ ਅਖਬਾਰ ਫਾਈਨੈਂਸ਼ੀਅਲ ਟਾਈਮਜ਼ ਨੂੰ ਇੰਟਰਵਿਊ ’ਚ ਸ੍ਰੀ ਮੋਦੀ ਨੇ ਸਾਫ ਕਿਹਾ ਕਿ ਜੇ ਸਾਡੇ ਕਿਸੇ ਨਾਗਰਿਕ ਨੇ ਕੁਝ ਚੰਗਾ ਜਾਂ ਬੁਰਾ ਕੀਤਾ ਹੈ ਤਾਂ ਅਸੀਂ ਇਸ ‘ਤੇ ਵਿਚਾਰ ਕਰਨ ਲਈ ਤਿਆਰ ਹਾਂ। ਸਾਡੀ ਵਚਨਬੱਧਤਾ ਕਾਨੂੰਨ ਦੇ ਰਾਜ ਲਈ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਵਿਦੇਸ਼ਾਂ ‘ਚ ਮੌਜੂਦ ਕੁਝ ਕੱਟੜਪੰਥੀ ਸਮੂਹਾਂ ਦੀਆਂ ਗਤੀਵਿਧੀਆਂ ‘ਤੇ ਗੰਭੀਰ ਚਿੰਤਾ ਜ਼ਾਹਰ ਕੀਤੀ। ਪ੍ਰਧਾਨ ਮੰਤਰੀ ਨੇ ਕਿਹਾ, ‘ਕੱਟੜਪੰਥੀ ਤੱਤ ਪ੍ਰਗਟਾਵੇ ਦੀ ਆਜ਼ਾਦੀ ਦੇ ਨਾਂ ‘ਤੇ ਧਮਕੀਆਂ ਦੇਣ ਅਤੇ ਹਿੰਸਾ ਭੜਕਾਉਣ ‘ਚ ਲੱਗੇ ਹੋਏ ਹਨ।’ ਇਸ ਤੋਂ ਪਹਿਲਾਂ ਭਾਰਤੀ ਨਾਗਰਿਕ ਨਿਖਿਲ ਗੁਪਤਾ ‘ਤੇ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਦੋਸ਼ ਲੱਗ ਚੁੱਕੇ ਹਨ।

# ਕੈਲੀਫਰਨੀਆ ਦੇ ਲਾਅ ਕਲਰਕ ਨੇ ਸਭ ਤੋਂ ਛੋਟੀ ਉਮਰ ਵਿਚ ਮੁਸ਼ਕਿਲ ਬਾਰ ਇਮਤਿਹਾਨ ਪਾਸ ਕਰਕੇ ਰਚਿਆ ਇਤਿਹਾਸ




**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਅਮਰੀਕਾ ਦੇ ਕੈਲੀਫੋਰਨੀਆ ਰਾਜ ਦੇ ਇਕ 17 ਸਾਲਾ ਲਾਅ ਕਲਰਕ ਨੇ ਰਾਜ ਦਾ ਬਹੁਤ ਹੀ ਮੁਸ਼ਕਿਲ ਬਾਰ ਇਮਤਿਹਾਨ ਪਾਸ ਕਰਕੇ ਇਤਿਹਾਸ ਰਚ ਦਿੱਤਾ ਹੈ। ਉਹ ਇਸ ਸਾਲ ਅਗਸਤ ਵਿਚ ਟੁਲੇਰ ਕਾਊਂਟੀ ਡਿਸਟ੍ਰਿਕਟ ਅਟਾਰਨੀ ਨਾਲ ਲਾਅ ਕਲਰਕ ਬਣਿਆ ਸੀ। ਬੀਤੇ ਦਿਨ ਪੀਟਰ ਪਾਰਕ ਨੂੰ ਵਕੀਲ ਵਜੋਂ ਸੇਵਾਵਾਂ ਨਿਭਾਉਣ ਦੀ ਸਹੁੰ ਚੁਕਾਈ ਗਈ ਜਿਸ ਨੇ ਪਹਿਲੀ ਕੋਸ਼ਿਸ਼ ਵਿਚ ਹੀ ਬਾਰ ਇਮਤਿਹਾਨ ਪਾਸ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਉਸ ਨੇ 13 ਸਾਲ ਦੀ ਉਮਰ ਵਿਚ ਆਪਣਾ ਲੀਗਲ ਕਰੀਅਰ ਸ਼ੁਰੂ ਕੀਤਾ ਸੀ। ਪਾਰਕ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਮੈ ਨੈਤਿਕ ਜਿੰਮੇਵਾਰੀਆਂ ਨਿਭਾਉਣ ਲਈ ਵਕੀਲ ਬਣਨਾ ਚਹੁੰਦਾ ਸੀ ਤਾਂ ਜੋ ਸਮਾਜ ਵਿਚ ਆਜ਼ਾਦੀ, ਬਰਾਬਰਤਾ ਤੇ ਨਿਆਂ ਨੂੰ ਕਾਇਮ ਰਖ ਸਕਾਂ।

## ਜਨਮ ਦਿਨ ਮੁਬਾਰਕ



**ਬੱਚੇ ਦਾ ਨਾਂ: ਏਕਮਪ੍ਰੀਤ ਸਿੰਘ ਬਲਹੋਤਰਾ**
ਪਿਤਾ ਦਾ ਨਾਂ: ਸਾਹਿਲਪ੍ਰੀਤ ਸਿੰਘ ਬਲਹੋਤਰਾ (ਕੈਨੇਡਾ)
ਮਾਤਾ ਦਾ ਨਾਂ: ਅੰਜਲੀਨਾ ਬਲਹੋਤਰਾ

# ਮਾਨਯੋਗ ਉਪ ਰਾਸ਼ਟਰਪਤੀ ਦੀ ਨਕਲ ਉਤਾਰ ਕੇ ਮਜ਼ਾਕ ਉਡਾਉਣ ਦੇ ਵਿਰੋਧ ਵਿੱਚ ਭਾਜਪਾ ਕਿਸਾਨ ਮੋਰਚਾ ਵੱਲੋਂ ਜਿਲਾ ਪੱਧਰ ਤੇ ਰੋਸ ਪ੍ਰਦਰਸਨ ਕੱਲ



**ਚੰਡੀਗੜ–** ਟੀ.ਐਮ.ਸੀ. ਦੇ ਮੈਂਬਰ ਪਾਰਲੀਮੈਂਟ ਕਲਿਆਣ ਬੈਨਰਜੀ ਵੱਲੋ ਦੇਸ਼ ਦੇ ਉਪ ਰਾਸ਼ਟਰਪਤੀ ਮਾਨਯੋਗ ਜਗਦੀਪ ਧਨਖੜ ਦੀ ਨਕਲ ਉਤਾਰ ਕੇ ਮਜ਼ਾਕ ਉਡਾਉਣ ਤੇ ਕਾਂਗਰਸ ਦੇ ਨੇਤਾ ਰਾਹੁਲ ਗਾਂਧੀ ਵੱਲੋ ਵੀਡਓ ਬਣਾਉਣ ਦੇ ਵਿਰੋਧ ਵਿੱਚ ਪੰਜਾਬ ਭਾਜਪਾ ਕਿਸਾਨ ਮੋਰਚਾ ਸੂਬਾ ਪ੍ਰਧਾਨ ਦਰਸ਼ਨ ਸਿੰਘ ਨੈਣੇਵਾਲ ਦੀ ਅਗਵਾਈ ਵਿੱਚ ਕੱਲ ਦਿਨ ਵੀਰਵਾਰ ਸਵੇਰੇ 11:00 ਪੂਰੇ ਪੰਜਾਬ ਵਿੱਚ ਜਿਲਾ ਪੱਧਰ ਤੇ ਰੋਸ ਪ੍ਰਦਰਸਨ ਕੀਤਾ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਭਾਜਪਾ ਦੇ ਸੂਬਾ ਪ੍ਰੈਸ ਸਕੱਤਰ ਹਰਦੇਵ ਸਿੰਘ ਉੱਭਾ ਨੇ ਦੱਸਿਆ ਕਿ ਇਹ ਕਾਰਾ ਬਹੁਤ ਸ਼ਰਮਨਾਕ ,ਹਾਸੋਹੀਣਾ ਅਤੇ ਨਾਪ੍ਰਵਾਨਯੋਗ ਹੈ ।ਉਹਨਾਂ ਕਿਹਾ ਕਿ ਉਹਨਾਂ ਕਿਹਾ ਕਿ ਕਲਿਆਣ ਬੈਨਰਜੀ ਨਕਲ ਉਤਾਰ ਰਹੇ ਹਨ ਤੇ ਰਾਹੁਲ ਗਾਂਧੀ ਵੀਡੀਓ ਬਣਾ ਰਹੇ ਹਨ ਭਾਜਪਾ ਇਸ ਦੀ ਪੁਰਜੋਰ ਨਿੰਦਾ ਕਰਦੀ ਹੋਈ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਵਿਰੋਧ ਪ੍ਰਦਰਸਨ ਕਰੇਗੀ ।ਉਹਨਾਂ ਕਿਹਾ ਕਿ ਅਜਿਹਾ ਕਰਕੇ ਰਾਹੁਲ ਗਾਂਧੀ ਤੇ ਕਲਿਆਣ ਬੈਨਰਜੀ ਨੇ ਸਮੂਹ ਕਿਸਾਨ ਸਮਾਜ, ਅੰਨਦਾਤਾ ਦਾ ਮਜ਼ਾਕ ਉਡਾਇਆ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਯਹੂਦੀ ਸੰਗਠਨ ਨੂੰ ਧਮਕੀ ਦੇਣ ਦੇ ਮਾਮਲੇ ਵਿਚ ਭਾਰਤੀ ਅਮਰੀਕੀ ਨੌਜਵਾਨ ਨੇ ਕਬੂਲਿਆ ਗੁਨਾਹ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਭਾਰਤੀ ਅਮਰੀਕੀ 21 ਸਾਲਾ ਦੀਪ ਅਲਪੇਸ਼ ਕੁਮਾਰ ਪਟੇਲ ਨੇ ਵਾਇਸਮੇਲ ਰਾਹੀਂ ਇਕ ਯਹੂਦੀ ਸੰਗਠਨ ਨੂੰ ਧਮਕੀ ਦੇਣ ਦੇ ਮਾਮਲੇ ਵਿਚ ਆਪਣਾ ਗੁਨਾਹ ਮੰਨ ਲਿਆ ਹੈ। ਯੂ ਐਸ ਅਟਾਰਨੀ ਰੋਜਰ ਬੀ ਹੈਂਡਬਰਗ ਨੇ ਕਿਹਾ ਹੈ ਕਿ ਜੇਕਰ ਅਦਾਲਤ ਉਸ ਨੂੰ ਦੋਸ਼ੀ ਕਰਾਰ ਦੇ ਦਿੰਦੀ ਹੈ ਤਾਂ ਉਸ ਨੂੰ ਵਧ ਤੋਂ ਵਧ 5 ਸਾਲ ਜੇਲ ਹੋ ਸਕਦੀ ਹੈ। ਪਟੇਲ ਨੂੰ ਪਿਛਲੇ ਮਹੀਨੇ ਗ੍ਰਿਫਤਾਰ ਕਰਕੇ ਉਸ ਵਿਰੁੱਧ ਦੋਸ਼ ਆਇਦ ਕੀਤੇ ਗਏ ਸਨ। ਕਬੂਲਨਾਮੇ ਅਨੁਸਾਰ 21 ਅਕਤੂਬਰ ਨੂੰ ਪਟੇਲ ਨੇ ਵਰਲਡ ਜੈਵਿਸ਼ ਕਾਂਗਰਸ ਨਿਊ ਯਾਰਕ ਵਿਖੇ ਇਕ ਵਾਇਸਮੇਲ ਧਮਕੀ ਦਿੱਤੀ ਸੀ ਜਿਸ ਵਿਚ ਉਸ ਨੇ ਆਪਣੀ ਪਛਾਣ ਵੀ ਦਸੀ ਸੀ। ਇਸ ਵਾਇਸਮੇਲ ਵਿਚ ਉਸ ਨੇ ਕਿਹਾ ਸੀ ਜੇਕਰ ਮੈਨੂੰ ਮੌਕਾ ਮਿਲੇ ਤਾਂ ਮੈ ਹਰ ਇਜਰਾਈਲੀ ਨੂੰ ਮੌਤ ਦੇ ਘਾਟ ਉਤਾਰ ਦੇਵਾਂਗਾ।

ਜਦੋਂ 24 ਅਕਤੂਬਰ ਨੂੰ ਪੁਲਿਸ ਅਫਸਰ ਪਟੇਲ ਦੇ ਘਰ ਗਏ ਸਨ ਤਾਂ ਉਸ ਨੇ ਵਰਲਡ ਜੈਵਿਸ਼ ਕਾਂਗਰਸ ਨੂੰ ਫੋਨ ਕਰਨਾ ਮੰਨਿਆ ਸੀ ਪਰੰਤੂ ਧਮਕੀ ਦੇਣ ਤੋਂ ਇਨਕਾਰ ਕੀਤਾ ਸੀ। ਪਟੇਲ ਨੂੰ ਸਜ਼ਾ ਸੁਣਾਉਣ ਬਾਰੇ ਤਰੀਕ ਅਜੇ ਨਿਸ਼ਚਤ ਨਹੀਂ ਹੋਈ ਜਦ ਕਿ ਮਾਮਲੇ ਦੀ ਐਫ ਬੀ ਆਈ ਦੀ ਜਾਇੰਟ ਟੈਰਰਿਜ਼ਮ ਟਾਸਕ ਫੋਰਸ ਤੇ ਫਲੋਰਿਡਾ ਡਿਪਾਰਟਮੈਂਟ ਆਫ ਲਾਅ ਇਨਫੋਰਸਮੈਂਟ ਜਾਂਚ ਕਰ ਰਿਹਾ ਹੈ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh

Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com


Dharminder Singh

# ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦਾ ਇਕ ਹੋਰ ਵਫਾਦਾਰ ਸਿਪਾਹੀ ਵਿੱਛੜ ਗਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਅੱਜ ਬਸਪਾ ਦੇ ਬਾਨੀ ਸਾਹਿਬ ਕਾਂਸੀ ਰਾਮ ਵੇਲੇ ਦੇ ਕੱਟੜ ਵਰਕਰ ਤੇ ਸਮਰਥਕ ਸਰਦਾਰ ਬੰਤ ਸਿੰਘ ਉਮਰ 65 ਸਾਲ ਸਾਬਕਾ ਪੰਚ ਪਿੰਡ ਮਾਹਮਦਪੁਰ ਕੁੱਝ ਸਮਾਂ ਬਿਮਾਰ ਰਹਿਣ ਤੋਂ ਬਾਅਦ ਸਦੀਵੀ ਵਿਛੋੜਾ ਦੇ ਗਏ ਹਨ। ਉਹਨਾਂ ਸਵੇਰੇ 11-40 ਵਜੇ ਆਖਰੀ ਸਾਂਹ ਲਿਆ। ਸਰਦਾਰ ਬੰਤ ਸਿੰਘ ਦੇ ਜਾਣ ਨਾਲ ਜਿਥੇ ਪਰਿਵਾਰ ਨੂੰ ਘਾਟਾ ਪਿਆ ਉਥੇ ਬਹੁਜਨ ਸਮਾਜ ਪਾਰਟੀ ਨੂੰ ਵੀ ਕਦੀ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਬਸਪਾ ਆਗੂਆਂ ਵੱਲੋਂ ਸਰਦਾਰ ਬੰਤ ਸਿੰਘ ਦੀ ਮ੍ਰਿਤਕ ਦੇਹ ਉਪਰ ਪਾਰਟੀ ਦਾ ਝੰਡਾਂ ਪਾਇਆ ਗਿਆ। ਬਸਪਾ ਦੇ ਸੀਨੀਅਰ ਆਗੂ ਸਰਦਾਰ ਜੋਗਿੰਦਰ ਸਿੰਘ ਸਾਬਕਾ ਸਰਪੰਚ ਅਲੀਪਰ ਖਾਲਸਾ, ਗੁਰਜੀਤ ਸਿੰਘ ਮਾਹਮਦਪੁਰ, ਨੌਰੰਗ ਸਿੰਘ, ਬਹਾਦਰ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਾਹਮਦਪੁਰ, ਅਮ-ਰਜੀਤ ਸਿੰਘ ਫੌਜੀਂ, ਕੇਸਰ ਸਿੰਘ, ਦਲਵਾਰਾ ਸਿੰਘ, ਸੁਖਦੇਵ ਸਿੰਘ, ਦਰਸ਼ਨ ਸਿੰਘ ਦਰਸੀ ਸਾਰੇ ਨਿਵਾਸੀ ਮਾਹਮਦਪੁਰ, ਸਾਰੇ ਰਿਸ਼ਤੇਦਾਰ ਤੇ ਮਿੱਤਰ, ਸੱਜਣ ਤੇ ਨਗਰ ਦੀਆ ਸੰਗਤਾਂ ਸਮੇਤ ਪਾਰਟੀ ਵਰਕਰ ਪਰਿਵਾਰ ਦੇ ਇਸ ਦੁੱਖ ਵਿੱਚ ਸਾਮਲ ਹੋਏ।

# ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ (ਰਜ਼ਿ) ਯੂਰਪ ਦਾ ਗਠਨ

## ਅਵਤਾਰ ਹੀਰ ਜਰਮਨ ਪ੍ਰਧਾਨ, ਰਾਜ ਵਿਆਨਾ ਚੇਅਰਮੈਨ ਤੇ ਸੰਜੀਵ ਕੁਮਾਰ ਬੰਗੜ ਵਾਈਸ ਪ੍ਰਧਾਨ ਚੁਣੇ ਗਏ

**ਫਿਲੌਰ, ਅੱਪਰਾ (ਜੱਸੀ)**– ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਤੇ ਭਾਰਤ ਦੇ ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਮਿਸ਼ਨ, ਸੋਚ ਤੇ ਫਲਸਫੇ ਨੂੰ ਦੁਨੀਆਂ ਦੇ ਕੋਨੇ-ਕੋਨੇ 'ਚ ਪਹੁੰਚਾਉਣ ਦੇ ਉਦੇਸ਼ ਨਾਲ ਤੇ ਡੇਰਾ ਸੱਚਖੰਡ ਬੱਲਾਂ ਦੇ ਗੱਦੀਨਸ਼ੀਨ ਸੰਤ ਨਿਰੰਜਣ ਦਾਸ ਜੀ ਦੇ ਆਸ਼ੀਰਵਾਦ ਸਦਕਾ ਵਿਦੇਸ਼ 'ਚ ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ (ਰਜ਼ਿ) ਯੂਰਪ ਦਾ ਗਠਨ ਸਰਬਸੰਮਤੀ ਨਾਲ ਕੀਤਾ ਗਿਆ। ਇਸ ਮੌਕੇ ਸਰਬਸੰਮਤੀ ਨਾਲ ਅਵਤਾਰ ਹੀਰ ਜਰਮਨ ਨੂੰ ਪ੍ਰਧਾਨ, ਰਾਜ ਵਿਆਨਾ ਨੂੰ ਚੇਅਰਮੈਨ, ਸੰਜੀਵ ਕੁਮਾਰ ਬੰਗੜ ਨੂੰ ਵਾਈਸ ਪ੍ਰਧਾਨ, ਯਸ਼ਪਾਲ ਨੂੰ ਕੈਸ਼ੀਅਰ, ਮਨਦੀਪ ਕੁਮਾਰ ਰਿੰਕੂ ਨੂੰ ਜਨਰਲ ਸਕੱਤਰ, ਜਗਦੀਸ਼ ਤੇ ਸੁਰਜੀਤ ਬੰਗੜ ਨੂੰ ਸਲਾਹਕਾਰ ਚੁਣਿਆ ਗਿਆ, ਜਦਕਿ ਦਵਿੰਦਰ ਕੁਮਾਰ, ਪਵਨ ਕੁਮਾਰ, ਹਰਪਿੰਦਰ, ਮਨੀ ਕੁਮਾਰ, ਰਾਜੇਸ਼ ਕੁਮਾਰ, ਕਿਸ਼ੋਰੀ ਕੁਮਾਰ, ਗੁਰਪਿੰਦਰ ਤੇ ਜਸਵਿੰਦਰ ਕੁਮਾਰ ਮੈਂਬਰ ਚੁਣੇ ਗਏ। ਗੌਰਕਰਨਯੋਗ ਹੈ ਕਿ ਨਵੇਂ ਚੁਣੇ ਗਏ ਪ੍ਰਧਾਨ ਅਵਤਾਰ ਹੀਰ ਦੁਆਬੇ ਦੇ ਉੱਘੇ ਐੱਸ. ਸੀ ਸਮਾਜ ਦੇ ਨੇਤਾ ਹਨ ਤੇ ਉਹ ਯੂ. ਕੇ 'ਚ ਵੀ ਲਗਭਗ 5 ਸਾਲ ਸ੍ਰੀ ਗੁਰੂ ਰਵਿਦਾਸ ਸਭਾ ਦੇ ਪ੍ਰਧਾਨ ਰਹਿ ਚੁੱਕੇ ਹਨ। ਉਨਾਂ ਇਸ ਸੰਬੰਧ 'ਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਯੂਰਪ ਨੂੰ (ਰਜ਼ਿ) ਕਰਵਾ ਲਿਆ ਗਿਆ ਹੈ, ਜਲਦ ਹੀ ਹੋਰ ਅਹੁਦੇਦਾਰਾਂ ਤੇ ਮੈਂਬਰਾਂ ਦੀ ਚੋਣ ਕਰ ਲਈ ਜਾਵੇਗੀ। ਉਨਾਂ ਅੱਗੇ ਕਿਹਾ ਕਿ ਇਹ ਸਿਰਫ ਨਿਰੋਲ ਧਾਰਮਿਕ ਸੰਸਥਾ ਹੈ, ਜਿਸ ਦਾ ਮੁੱਖ ਮਕਸਦ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਸੋਚ, ਫਲਸਫੇ ਤੇ ਗੁਰਬਾਣੀ ਦਾ ਦੁਨੀਆਂ ਦੇ ਕੋਨੇ ਕੋਨੇ 'ਚ ਪ੍ਰਚਾਰ ਤੇ ਪ੍ਰਸਾਰ ਕਰਨਾ ਹੈ।





# ਜ਼ਿਲ੍ਹਾ ਪਠਾਨਕੋਟ ਦੇ ਸਮੂਹ ਬਲਾਕਾਂ ਵਿੱਚ ਮਨਾਇਆ ਗਿਆ ਅੰਤਰਰਾਸ਼ਟਰੀ ਦਿਵਿਆਂਗ ਦਿਵਸ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਜ਼ਿਲ੍ਹਾ ਪਠਾਨਕੋਟ ਦੇ ਸਮੂਹ ਬਲਾਕਾਂ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ (ਐ।ਸਿ।) ਕਮਲਦੀਪ ਕੌਰ ਦੀ ਅਗਵਾਈ ਹੇਠ ਆਈ. ਈ. ਡੀ ਕੰਪੋਨੈਂਟ ਦੇ ਅਧੀਨ ਵਿਸ਼ਵ ਦਿਵਿਆਂਗਤਾ ਦਿਵਸ ਮਨਾਇਆ ਗਿਆ। ਜਿਨ੍ਹਾਂ ਵਿੱਚ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਦਿਵਿਆਂਗ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਸ੍ਰੀਮਤੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਸ੍ਰੀ ਡੀਜੀ ਸਿੰਘ ਵੱਲੋਂ ਜ਼ਿਲ੍ਹਾ ਸਪੈਸ਼ਲ ਰਿਸੋਰਸ ਸੈਂਟਰ ਮਾਡਲ ਟਾਊਨ ਪਠਾਨਕੋਟ ਵਿਖੇ ਆਯੋਜਿਤ ਸਮਾਰੋਹ ਵਿੱਚ ਸ਼ਿਰਕਤ ਕਰ ਦਿਵਿਆਂਗ ਬੱਚਿਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦਾ ਹੌਂਸਲਾ ਅਫ਼ਜਾਈ ਕੀਤੀ। ਇਸ ਮੌਕੇ ਉਨ੍ਹਾਂ ਨਾਲ ਡੀਐਸਐਸਓ ਨਵੀਨ ਗਡਵਾਲ, ਸਕਿਲ ਡਿਵੈਲਪਮੈਂਟ ਅਫ਼ਸਰ ਪ੍ਰਦੀਪ ਕੁਮਾਰ ਅਤੇ ਕੁਸਮ ਖਜੂਰੀਆ ਪ੍ਰੈਜ਼ੀਡੈਂਟ ਹੰਸਨੀ ਐਨਜੀਓ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਨੇ ਕਿਹਾ ਕਿ ਦਿਵਿਆਂਗ ਬੱਚਿਆਂ ਨੂੰ ਵੀ ਆਮ ਬੱਚਿਆਂ ਵਾਂਗ ਹੀ ਪੂਰਾ ਮਾਣ ਤੇ ਸਤਿਕਾਰ ਦਿੱਤਾ ਜਾਣਾ ਚਾਹੀਦਾ ਹੈ। ਅਜਿਹੇ ਬੱਚੇ ਕਿਸੇ ਤਰ੍ਹਾਂ ਵੀ ਆਮ ਬੱਚਿਆਂ ਨਾਲੋਂ ਘੱਟ ਨਹੀਂ ਹਨ। ਜੇਕਰ ਇਨ੍ਹਾਂ ਬੱਚਿਆਂ ਨੂੰ ਪੂਰਾ ਸਹਿਯੋਗ ਤੇ ਹੌਸਲਾ ਅਫ਼ਜ਼ਾਈ ਕੀਤੀ ਜਾਵੇ ਤਾਂ ਇਹ ਕਿਸੇ ਵੀ ਮੁਕਾਮ ਨੂੰ ਹਾਸਲ ਕਰ ਸਕਦੇ ਹਨ। ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਕਿਹਾ ਕਿ ਦਿਵਿਆਂਗ ਵਿਅਕਤੀ ਅਸਲ ਨਾਇਕ ਹਨ ਜੋ ਕਿ ਬਹੁਤ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਜ਼ਿੰਦਗੀ ਵਿੱਚ ਅੱਗੇ ਵਧਦੇ ਹਨ।

# ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪਿੰਡ ਆਲੋਵਾਲ ਵਿਖੇ 'ਕੁਦਰਤੀ ਖੇਤੀ' ਸਿਖਲਾਈ ਦਾ ਆਯੋਜਨ


**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਕ੍ਰਿਸ਼ੀ ਵਿਗਿਆਨ ਕੇਂਦਰ ਲੰਗੜੋਆ ਵੱਲੋਂ ਬੀਤੇ ਦਿਨੀਂ ਪਿੰਡ ਆਲੋਵਾਲ ਵਿਖੇ 'ਕੁਦਰਤੀ ਖੇਤੀ' ਬਾਬਤ ਦੋ ਦਿਨਾਂ ਸਿਖਲਾਈ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 40 ਕਿਸਾਨਾਂ ਅਤੇ ਕਿਸਾਨ ਬੀਬੀਆਂ ਨੇ ਹਿੱਸਾ ਲਿਆ।

ਸਿਖਲਾਈ ਦੇ ਪਹਿਲੇ ਦਿਨ ਡਿਮਾਨਸਟ੍ਰੇਟਰ (ਗ੍ਰਹਿ ਵਿਗਿਆਨ) ਰੇਨੂ ਬਾਲਾ ਨੇ ਕਿਸਾਨ ਵੀਰਾਂ ਅਤੇ ਬੀਬੀਆਂ ਦਾ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਨਿੱਘਾ ਸੁਆਗਤ ਕੀਤਾ। ਉਨ੍ਹਾਂ ਨੇ ਸਿਖਿਆਰਥੀਆਂ ਨੂੰ ਕੇ। ਵੀ। ਕੇ। ਵਿਖੇ 'ਕੁਦਰਤੀ ਖੇਤੀ'ਸਬੰਧੀ ਹੋ ਰਹੀਆਂ ਗਤੀਵਿਧੀਆਂ ਬਾਰੇ ਜਾਣੂੰ ਕਰਵਾਇਆ। ਰੇਨੂ ਬਾਲਾ ਨੇ ਕੇ।ਵੀ।ਕੇ। ਵੱਲੋਂ ਆਯੋਜਿਤ ਕੀਤੇ ਜਾ ਰਹੇ ਵੱ ਖ-ਵੱ ਖ ਕਿੱਤਾ ਮੁੱਖੀ ਸਿਖਲਾਈ ਕੋਰਸਾਂ ਬਾਰੇ ਵੀ ਦੱਸਿਆ ਤੇ ਨਾਲ ਹੀ ਖੇਤੀ ਸਹਾਇਕ ਧੰਦਿਆਂ ਨੂੰ ਅਪਣਾਉਣ ਲਈ ਵੀ ਪ੍ਰੇਰਿਤ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਸਵੈ-ਸਹਾਇਤਾ ਸਮੂਹਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਬਾਰੇ ਵੀ ਚਾਨਣਾ ਪਾਇਆ।

ਸਿਖਲਾਈ ਦੌਰਾਨ ਸਹਾਇਕ ਪ੍ਰੋਫੈਸਰ (ਸਬਜੀ ਵਿਗਿਆਨ) ਡਾ. ਆਰਤੀ ਵਰਮਾ ਨੇ ਪਹੁੰਚੇ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੂੰ ਅੱਜ ਦੇ ਸਮੇਂ ਵਿੱਚ 'ਕੁਦਰਤੀ ਖੇਤੀ'ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਦੱਸਿਆ ਕਿ ਕੇ.ਵੀ.ਕੇ. ਵੱਲੋਂ ਜ਼ਿਲ੍ਹੇ ਵਿੱਚ ਕੁਦਰਤੀ ਖੇਤੀ ਸਬੰਧੀ ਜਾਗਰੁਕਤਾ ਕੈਂਪ, ਸਿਖਲਾਈ ਅਤੇ ਪ੍ਰਦਰਸ਼ਨੀਆਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਡਾ। ਆਰਤੀ ਨੇ ਕੁਦਰਤੀ ਖੇਤੀ ਦੁਆਰਾ ਤਿਆਰ ਫਲ ਅਤੇ ਸਬਜੀਆਂ ਦੀ ਪੌਸ਼ਟਿਕਤਾ ਬਾਰੇ ਵੀ ਕਿਸਾਨਾਂ ਨਾਲ ਜਾਣਕਾਰੀ ਸਾਂਝੀ ਕੀਤੀ ਅਤੇ ਸਰਦੀ ਦੀਆਂ ਸਬਜ਼ੀਆਂ ਤੇ ਖੁੰਬਾਂ ਦੀ ਸਫਲ ਕਾਸ਼ਤ ਬਾਰੇ ਵੀ ਦੱਸਿਆ।

ਸਿਖਲਾਈ ਦੇ ਦੂਜੇ ਦਿਨ, ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਾਇਕ ਪ੍ਰੋਫੈਸਰ (ਕੀਟ ਵਿਗਿਆਨ), ਡਾ। ਬਲਜੀਤ ਸਿੰਘ ਨੇ ਕੁਦਰਤੀ ਖੇਤੀ ਦੇ ਜਰੂਰੀ ਨੁਕਤੇ ਤੇ ਪਹਿਲੂਆਂ ਬਾਰੇ ਦੱਸਿਆ। ਉਹਨਾਂ ਨੇ ਕੁਦਰਤੀ ਤਰੀਕਿਆਂ ਨਾਲ ਕੀੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਅਤੇ ਸਿਖਿਆਰਥੀਆਂ ਨੂੰ ਫਸਲਾਂ ਦੀਆਂ ਬਿਮਾਰੀਆਂ ਤੋਂ ਬਚਾਉਣ ਲਈ ਕੁਦਰਤੀ ਰੋਗਨਾਸ਼ੀ ਦਵਾਈਆਂ ਜਿਵੇਂ ਜੀਵ ਅਮ੍ਰਿਤ, ਬੀਜ਼ ਅਮ੍ਰਿਤ, ਅਤੇ ਬ੍ਰਹਮ ਅਸਤਰ ਬਣਾਉਣ ਦੀ ਵਿਧੀ ਵੀ ਦਰਸ਼ਾਈ।

ਇਸ ਮੌਕੇ ਤੇ ਸਿਖਿਆਰਥੀਆਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦਾ ਖੇਤੀ ਸਾਹਿਤ ਅਤੇ ਪਿਆਜ ਦੀ ਪਨੀਰੀ ਵੀ ਮੁਹੱਈਆ ਕਰਵਾਈ ਗਈ।ਅਖੀਰ ਵਿੱਚ ਡਾ। ਬਲਜੀਤ ਸਿੰਘ ਨੇ ਪਿੰਡ ਆਲੋਵਾਲ ਦੀ ਸਰਪੰਚ ਸ਼ੀਲਾ ਦੇਵੀ ਅਤੇ ਕ੍ਰਿਸ਼ੀ ਸਖੀ, ਸੀਮਾ ਦੇਵੀ ਦੁਆਰਾ ਇਸ ਸਿਖਲਾਈ ਨੂੰ ਆਯੋਜਿਤ ਕਰਨ ਵਿੱਚ ਦਿੱਤੇ ਸਹਿਯੋਗ ਬਾਬਤ ਧੰਨਵਾਦ ਕੀਤਾ।




# ਪਸ਼ੂ ਪਾਲਕ ਘਰ੍ਹਾਂ ਅੰਦਰ ਹੀ ਰੱਖਣ ਪਸ਼ੂਆਂ ਨੂੰ ਅਗਰ ਸ਼ਹਿਰ ਅੰਦਰ ਲਾਵਾਰਿਸ ਘੁੰਮਦੇ ਪਾਏ ਗਏ ਤਾਂ ਕੀਤਾ ਜਾਵੇਗਾ ਜੁਰਮਾਨਾ ਅਤੇ ਬਣਦੀ ਕਾਰਵਾਈ-ਕਮਿਸਨਰ ਨਗਰ ਨਿਗਮ

**ਪਠਾਨਕੋਟ: (ਰਾਜਿੰਦਰ ਸਿੰਘ ਰਾਜਨ)** ਡਿਪਟੀ ਕਮਿਸਨਰ ਪਠਾਨਕੋਟ-ਕਮ-ਕਮਿਸਨਰ ਨਗਰ ਨਿਗਮ ਪਠਾਨਕੋਟ ਸ੍ਰ: ਹਰਬੀਰ ਸਿੰਘ ਵੱਲੋਂ ਸਿਟੀ ਪਠਾਨਕੋਟ ਨੂੰ ਹੋਰ ਵੀ ਬਿਹਤਰ ਬਣਾਉਂਣ ਲਈ ਕਾਰਪੋਰੇਸਨ ਅਧਿਕਾਰੀਆਂ ਨਾਲ ਇੱਕ ਵਿਸੇਸ ਮੀਟਿੰਗ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਆਯੋਜਿਤ ਕੀਤੀ ਗਈ। ਮੀਟਿੰਗ ਦੌਰਾਨ ਸ਼ਹਿਰ ਅੰਦਰ ਸਾਫ ਸਫ਼ਈ, ਨਜਾਇਜ ਕਬਜ਼ਿਆਂ ਆਦਿ ਨੂੰ ਹਟਾਉਂਣ ਆਦਿ ਵਿਸਿਆਂ ਤੇ ਚਰਚਾ ਕੀਤੀ ਗਈ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਰਾਹੁਲ ਕੁਮਾਰ ਸਹਾਇਕ ਕਮਿਸਨਰ ਨਗਰ ਨਿਗਮ ਪਠਾਨਕੋਟ, ਸੁਰਜੀਤ ਸਿੰਘ ਜੁਆਇੰਟ ਕਮਿਸਨਰ ਨਗਰ ਨਿਗਮ ਪਠਾਨਕੋਟ, ਸਤੀਸ ਸੈਣੀ, ਡਾ। ਐਨ।ਕੇ। ਸਿੰਘ ਅਤੇ ਹੋਰ ਵੱਖ ਵੱਖ ਨਗਰ ਨਿਗਮ ਦੇ ਅਧਿਕਾਰੀ ਵੀ ਹਾਜ਼ਰ ਸਨ।

ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਸ. ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਦੱਸਿਆ ਕਿ ਕਾਰਪੋਰੇਸਨ ਪਠਾਨਕੋਟ ਵੱਲੋਂ ਸਿਟੀ ਪਠਾਨਕੋਟ ਨੂੰ ਬਿਹਤਰ ਬਣਾਉਂਣ ਦੇ ਲਈ ਵਿਸੇਸ ਉਪਰਾਲੇ ਕੀਤੇ ਜਾ ਰਹੇ ਹਨ ਸਹਿਰ ਅੰਦਰ ਸਾਫ ਸਫ਼ਾਈ ਨੂੰ ਬਣਾਈ ਰੱਖਣ ਦੇ ਲਈ ਵਿਸ਼ੇਸ ਮੂਹਿੰਮ ਅਧੀਨ ਕਾਰਜ ਕੀਤੇ ਜਾ ਰਹੇ ਹਨ ਉਨ੍ਹਾਂ ਵੱਲੋਂ ਸ਼ਹਿਰ ਦੇ ਵੱਖ ਵੱਖ ਵਾਰਡਾਂ ਅੰਦਰ ਵੱਖ ਵੱਖ ਜਗ੍ਹਾਂ ਦਾ ਦੌਰਾ ਕੀਤਾ ਜਾ ਰਿਹਾ ਹੈ ਤਾਂ ਜੋ ਸ਼ਹਿਰ ਨੂੰ ਬਿਹਤਰ ਬਣਾਉਂਣ ਲਈ ਕਾਰਜ ਕੀਤੇ ਜਾ ਸਕਣ। ਉਨ੍ਹਾ ਕਿਹਾ ਕਿ ਸਹਿਰ ਅੰਦਰ ਨਜਾਇਜ ਕਬਜਿਆਂ ਨੂੰ ਹਟਾਉਂਣ ਲਈ ਵਿਸ਼ੇਸ ਮੂਹਿੰਮ ਚਲਾਈ ਗਈ ਸੀ ਜਿਸ ਦਾ ਲੋਕਾਂ ਵੱਲੋਂ ਵੀ ਸਮਰਥਨ ਕੀਤਾ ਗਿਆ ਅਤੇ ਹੁਣ ਦੇਖਣ ਵਿੱਚ ਆਇਆ ਕਿ ਦੁਕਾਨਦਾਰ ਨਿਰਧਾਰਤ ਸਥਾਨ ਤੇ ਹੀ ਸਮਾਨ ਲਗਾ ਰਹੇ ਹਨ ਇਸ ਲਈ ਸਾਰੇ ਵਪਾਰੀਆਂ ਦਾ ਧੰਨਵਾਦ ਹੈ ਅਤੇ ਅਪੀਲ ਵੀ ਹੈ ਕਿ ਸ਼ਹਿਰ ਅੰਦਰ ਦੁਕਾਨਾਂ ਤੇ ਬਾਹਰ ਨਿਰਧਾਰਤ ਸਥਾਨ ਤੱਕ ਹੀ ਸਮਾਨ ਲਗਾਇਆ ਜਾਵੇ ਉਸ ਤੋਂ ਅੱਗੇ ਨਹੀਂ। ਉਨ੍ਹਾਂ ਦੱਸਿਆ ਕਿ ਸ਼ਹਿਰ ਦੇ ਮੁੱਖ ਮਾਰਗ ਏ।ਪੀ।ਕੇ। ਰੋਡ, ਢਾਂਗੂ ਰੋਡ, ਸੈਲੀ ਕੂਲੀਆਂ ਰੋਡ ਆਦਿ ਤੇ ਬਿਊਟੀਫਿਕੇਸ ਕਰਨ ਦੇ ਲਈ ਅਤੇ ਕਮੀਆਂ ਨੂੰ ਦੂਰ ਕਰਨ ਦੇ ਲਈ ਵਿਸ਼ੇਸ ਤੌਰ ਤੇ ਉਨ੍ਹਾਂ ਵੱਲੋਂ ਉਪਰੋਕਤ ਸਥਾਨਾਂ ਤੇ ਦੋਰੇ ਕਰਕੇ ਪਤਾ ਲਗਾਇਆ ਹੈ ਅਤੇ ਇਨ੍ਹਾਂ ਮਾਰਗਾਂ ਨੂੰ ਹੋਰ ਬਿਹਤਰ ਕਿਵੇਂ ਕੀਤਾ ਜਾ ਸਕਦਾ ਹੈ ਇਸ ਤੇ ਵਿਚਾਰ ਕੀਤਾ ਗਿਆ ਹੈ। ਉਨ੍ਹਾਂ ਨਗਰ ਨਿਗਮ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਸਹਿਰ ਦੀਆਂ ਸੜਕਾਂ ਤੇ ਸਾਫ ਸਫਾਈ ਦਾ ਵਿਸੇਸ ਧਿਆਨ ਰੱਖਿਆ ਜਾਵੈ ਅਤੇ ਯਕੀਨੀ ਬਣਾਇਆ ਜਾਵੇ ਕਿ ਸਾਫ ਸਫਾਈ ਤੋਂ ਬਾਅਦ ਕੂੜਾ ਕਰਕਟ ਹਰ ਰੋਜ ਹੀ ਚੁੱਕਿਆ ਜਾਵੈ।

ਮੀਟਿੰਗ ਦੋਰਾਨ ਉਨ੍ਹਾਂ ਦੱਸਿਆ ਕਿ ਸਹਿਰ ਅੰਦਰ ਲਵਾਰਿਸ ਪਸੂਆਂ ਦੀ ਸੰਖਿਆ ਬਹੁਤ ਜਿਆਦਾ ਹੈ ਅਤੇ ਦੇਖਣ ਵਿੱਚ ਆਇਆ ਹੈ ਕਿ ਪਸੂ ਲੋਕਾਂ ਵੱਲੋਂ ਘਰ੍ਹਾਂ ਅੰਦਰ ਰੱਖੇ ਹੋਏ ਹਨ ਪਰ ਦਿਨ ਦੇ ਸਮੇਂ ਉਨ੍ਹਾਂ ਪਸੂਆਂ ਨੂੰ ਸੜਕ ਤੇ ਖੁੱਲਾ ਛੱਡ ਦਿੱਤਾ ਜਾਂਦਾ ਹੈ। ਉਨ੍ਹਾਂ ਪਸੂ ਪਾਲਕਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਅਪਣੇ ਪਸੂਆਂ ਨੂੰ ਘਰ੍ਹਾਂ ਅੰਦਰ ਰੱਖਿਆ ਜਾਵੇ, ਅਤੇ ਜੇਕਰ ਕਿਸੇ ਦਾ ਪਸੂ ਲਾਵਾਰਿਸ ਘੁੰਮਦਿਆਂ ਪਾਇਆ ਗਿਆ ਤਾਂ ਉਸ ਪਸੂ ਦੇ ਮਾਲਿਕ ਤੇ ਜੁਰਮਾਨਾਂ ਕੀਤਾ ਜਾਵੇਗਾ ਅਤੇ ਬਣਦੀ ਕਾਰਵਾਈ ਵੀ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਵੇਖਣ ਵਿੱਚ ਆਇਆ ਹੈ ਕਿ ਸਹਿਰ ਅੰਦਰ ਲੋਕਾਂ ਦੀ ਚੰਗੀ ਸਿਹਤ ਲਈ ਪਾਰਕਾਂ ਤਾਂ ਬਣਾਈਆਂ ਗਈਆਂ ਹਨ ਪਰ ਸਾਭ ਸੰਭਾਲ ਦੀ ਕਮੀ ਹੋਣ ਕਰਕੇ ਪਾਰਕਾਂ ਦੀ ਹਾਲਤ ਠੀਕ ਨਹੀਂ ਹੈ। ਉਨ੍ਹਾਂ ਸਹਿਰ ਦੀਆਂ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਅੱਗੇ ਆਉਂਣ ਅਤੇ ਇਨ੍ਹਾਂ ਪਾਰਕਾਂ ਦੀ ਸਾਂਭ ਸੰਭਾਲ ਦਾ ਜਿਮ੍ਹਾਂ ਲੈਣ , ਪਾਰਕਾਂ ਦੀ ਸਾਂਭ ਸੰਭਾਲ ਦੇ ਲਈ ਕਾਰਪੋਰੇਸਨ ਵੱਲੋਂ ਉਨ੍ਹਾਂ ਨੂੰ ਵਿੱਤੀ ਤੋਰ ਤੇ ਸਹਾਇਤਾ ਵੀ ਕੀਤੀ ਜਾਵੇਗੀ।

ਉਨ੍ਹਾਂ ਸਿਟੀ ਪਠਾਨਕੋਟ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਘਰ੍ਹਾਂ ਦੇ ਕੂੜਾ ਕਰਕਟ, ਪਾਲੀਥਿਨ ਆਦਿ ਨੂੰ ਸੀਵਰੇਜ ਵਿੱਚ ਨਾ ਸੁੱਟਿਆ ਜਾਵੈ ਇਸ ਨਾਲ ਸੀਵਰੇਜ ਬੰਦ ਹੋ ਜਾਂਦਾ ਹੈ ਅਤੇ ਸੀਵਰੇਜ ਨੂੰ ਸਾਫ ਕਰਨ ਵਿੱਚ ਵੀ ਕਾਫੀ ਪ੍ਰੇਸਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਘਰ੍ਹਾਂ ਅੰਦਰ ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖ ਵੱਖ ਡਸਟਬੀਨ ਵਿੱਚ ਰੱਖੋ ਤਾਂ ਜੋ ਘਰ ਦੇ ਨਾਲ ਨਾਲ ਸਹਿਰ ਨੂੰ ਵੀ ਸਾਫ ਸੁਥਰਾ ਰੱਖਿਆ ਜਾ ਸਕੇ।

## ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਦੀ ਪੁਸਤਕ "ਕਿਉਂ ਹੋ ਰਿਹੈ ਦੇਸ਼ ਬੇਗਾਨਾ" ਕੀਤੀ ਲੋਕ ਅਰਪਣ



**ਫਗਵਾੜਾ (ਬੀ.ਕੇ. ਰੱਤੂ)** ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ (ਰਜਿ:) ਫਗਵਾੜਾ ਦੇ ਪ੍ਰਧਾਨ ਅਤੇ ਪ੍ਰਸਿੱਧ ਲੇਖਕ ਅਤੇ ਕਾਲਮਨਵੀਸ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਦੀ ਨਵੀਂ ਪੁਸਤਕ "ਕਿਉਂ ਹੋ ਰਿਹੈ ਦੇਸ਼ ਬੇਗਾਨਾ" ਇੱਕ ਸਮਾਗਮ ਦੌਰਾਨ ਫਗਵਾੜਾ ਵਿਖੇ ਅਜੀਤ ਅਖ਼ਬਾਰ ਦੇ ਐਗਜ਼ੀਕੀਊਟਿਵ ਸੰਪਾਦਕ ਸਤਨਾਮ ਸਿੰਘ ਮਾਣਕ ਨੇ ਲੋਕ ਅਰਪਣ ਕੀਤੀ। ਇਸ ਪੁਸਤਕ ਵਿੱਚ ਸਾਲ 2023 ਦੌਰਾਨ ਲੇਖਕ ਦੇ ਲਿਖੇ 51 ਸਿਆਸੀ, ਸਮਾਜਿਕ, ਆਰਥਿਕ, ਵਿਸ਼ਿਆਂ 'ਤੇ ਲੇਖ ਸ਼ਾਮਲ ਹਨ, ਜਿਹੜੇ ਪੰਜਾਬ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਛਪ ਰਹੇ ਮਾਸਿਕ, ਸਪਤਾਹਿਕ ਪੱਤਰਾਂ ਵਿੱਚ ਛਪਦੇ ਰਹੇ ਹਨ।

ਇਸ ਸਮਾਗਮ ਸਮੇਂ ਨਰਪਾਲ ਸਿੰਘ ਸ਼ੇਰਗਿੱਲ, ਕੁਲਦੀਪ ਸਿੰਘ ਬੇਦੀ, ਰਚਨਾ ਖਹਿਰਾ, ਪ੍ਰੋ: ਜਸਵੰਤ ਸਿੰਘ ਗੰਡਮ, ਰਵਿੰਦਰ ਚੋਟ, ਕੁਲਵਿੰਦਰ ਸਿੰਘ ਸਰਾਏ, ਸੰਤੋਖ ਲਾਲ ਵਿਰਦੀ ਅਤੇ ਵੱਡੀ ਗਿਣਤੀ 'ਚ ਪੰਜਾਬੀ ਪ੍ਰੇਮੀ ਸ਼ਾਮਿਲ ਸਨ।

# ਸਕੇਪ ਸਾਹਿਤਕ ਸੰਸਥਾ ਵਲੋਂ ਗਾਇਕ ਸੁਖਦੇਵ ਸਾਹਿਲ ਦੇ ਨਾਲ ਕਰਵਾਈ ਸੰਗੀਤਕ ਸ਼ਾਮ ਅਮਿੱਟ ਯਾਦਾਂ ਛੱਡਦੀ ਹੋਈ ਸਮਾਪਤ

## ਗਾਇਕ ਸਾਹਿਲ ਨੇ ਸੂਫ਼ੀ ਗਾਇਕੀ, ਗ਼ਜ਼ਲਾਂ ਤੇ ਲੋਕ ਗੀਤਾਂ ਨਾਲ ਬੰਨਿਆਂ ਸਮਾਂ



**ਫਗਵਾੜਾ 15 ਦਸੰਬਰ (ਬੀ.ਕੇ. ਰੱਤੂ)** ਸਾਫ਼-ਸੁਥਰੀ ਗਾਇਕੀ ਗਾਉਣ ਵਾਲੇ ਅਮਰੀਕਾ ਵਸਦੇ ਗਾਇਕ ਸੁਖਦੇਵ ਸਾਹਿਲ ਨਾਲ ਸਕੇਪ ਸਾਹਿਤਕ ਸੰਸਥਾ (ਰਜਿ:) ਵਲੋਂ ਇੱਕ ਸੰਗੀਤਕ ਸ਼ਾਮ ਦਾ ਆਯੋਜਿਨ ਫਗਵਾੜਾ ਵਿਖੇ ਕਰਵਾਇਆ ਗਿਆ। ਸੁਖਦੇਵ ਸਾਹਿਲ ਨੇ ਸੂਫ਼ੀ ਗਾਇਕੀ, ਗ਼ਜ਼ਲਾਂ, ਲੋਕ ਗੀਤਾਂ ਨਾਲ ਸਮਾਂ ਬੰਨ੍ਹ ਦਿੱਤਾ ਅਤੇ ਹਾਜ਼ਰ ਸਰੋਤਿਆਂ ਦਾ ਦਿਲ ਜਿੱਤ ਲਿਆ। ਸੁਖਦੇਵ ਸਾਹਿਲ ਨੇ ਬੁਲ੍ਹੇ ਸ਼ਾਹ, ਸੁਰਜੀਤ ਪਾਤਰ, ਬਲਦੇਵ ਰਾਜ ਕੋਮਲ, ਸੁਖਵਿੰਦਰ ਅੰਮ੍ਰਿਤ ਦੇ ਕਲਾਮ, ਗੀਤ, ਗ਼ਜ਼ਲਾਂ ਗਾਈਆਂ।

ਪ੍ਰਬੰਧਕਾਂ ਪਰਵਿੰਦਰਜੀਤ ਸਿੰਘ ਪ੍ਰਧਾਨ, ਰਵਿੰਦਰ ਚੋਟ ਸਾਬਕਾ ਪ੍ਰਧਾਨ, ਬਲਦੇਵ ਰਾਜ ਕੋਮਲ ਸਾਬਕਾ ਪ੍ਰਧਾਨ, ਕਰਮਜੀਤ ਸਿੰਘ ਸੰਧੂ ਸਾਬਕਾ ਪ੍ਰਧਾਨ, ਐਡਵੋਕੇਟ ਐਸ. ਐਲ. ਵਿਰਦੀ, ਮਾਸਟਰ ਮਨਦੀਪ ਸਿੰਘ ਅਤੇ ਪ੍ਰਿੰ: ਗੁਰਮੀਤ ਸਿੰਘ ਪਲਾਹੀ ਵਲੋਂ ਗਾਇਕ ਸੁਖਦੇਵ ਸਹਿਲ ਨੂੰ ਮੰਮੰਟੋ, ਦੁਸ਼ਾਲਾ ਦੇ ਕੇ ਸਨਮਾਨ ਕੀਤਾ ਗਿਆ।

ਇਸ ਸਮੇਂ ਬੋਲਦਿਆਂ ਸੰਸਥਾ ਦੇ ਸਰਪ੍ਰਸਤ ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਸੁਖਦੇਵ ਸਾਹਿਲ ਸਾਫ਼-ਸੁਥਰੀ ਗਾਇਕੀ ਦਾ ਲਿਖਾਇਕ ਹੈ ਅਤੇ ਉਸਨੇ ਸਾਰੀ ਉਮਰ ਗਾਇਕੀ ਨੂੰ ਸਮਰਪਿਤ ਕੀਤੀ ਹੋਈ ਹੈ। ਉਹ ਫਗਵਾੜਾ ਦਾ ਹੀ ਨਹੀਂ, ਸਗੋਂ ਸਮੁੱਚੇ ਪੰਜਾਬ ਦਾ ਮਾਣ ਹੈ।

ਇਸ ਸਮੇਂ ਹੋਰਨਾਂ ਤੋਂ ਬਿਨ੍ਹਾਂ ਹਰਬੰਸ ਲਾਲ, ਕੁਲਵੰਤ ਭਿੰਡਰ,ਰਵਿੰਦਰ ਰਾਏ, ਅਸ਼ੋਕ ਮਾਹਿਰ, ਨਛੱਤਰ ਭੋਗਲ, ਦਵਿੰਦਰ ਜੱਸਲ ਮਾਧੋਪੁਰੀ, ਬੰਸੋ ਦੇਵੀ, ਜਨਕ ਪਲਾਹੀ, ਸਵਿਤਾ ਪ੍ਰਾਸ਼ਰ, ਅਰਚਨਾ ਬੱਤਰਾ, ਲਸ਼ਕਰ ਢੰਡਵਾੜਵੀ, ਮਾਸਟਰ ਮਨਦੀਪ ਸਿੰਘ, ਆਰ.ਐਲ. ਜੱਸੀ., ਅਸ਼ੋਕ ਸ਼ਰਮਾ,ਬੀ.ਕੇ. ਰੱਤੂ ਆਦਿ ਹਾਜ਼ਰ ਸਨ।

# ਵਿਧਾਇਕ, ਹਲਕਾ ਇੰਚਾਰਜ, ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਕੀਤਾ ਪ੍ਰੇਰਿਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਸਿੱਖ ਨੈਸ਼ਨਲ ਕਾਲਜ ਵਿਖੇ ਨਸ਼ਿਆਂ ਦੀ ਰੋਕਥਾਮ ਸਬੰਧੀ ਸੰਦੇਸ਼ ਦਿੰਦਿਆਂ ਪੰਜਾਬ ਪੁਲਿਸ ਵੱਲੋਂ ਫੁੱਟਬਾਲ ਦਾ ਟੂਰਨਾਮੈਂਟ ਕਰਵਾਇਆ ਗਿਆ। ਕਰਵਾਏ ਗਏ ਫੁੱਟਬਾਲ ਟੂਰਨਾਮੈਂਟ ਵਿੱਚ ਵਿਧਾਇਕ ਬਲਾਚੌਰ ਸੰਤੋਸ਼ ਕਟਾਰੀਆਂ,ਵਾਈਸਚੇਅਰਮੈਨ ਵਾਟਰ ਰਿਸੋਰਸਿਸ ਡਿਵੈਲਪਮੈਂਟ ਅਤੇ ਮੈਨੇਜਮੈਂਟ ਕਾਰਪੋਰੇਸ਼ਨ ਪੰਜਾਬ ਅਤੇ ਹਲਕਾ ਇਚਾਰਜ਼ ਬੰਗਾ ਕੁਲਜੀਤ ਸਿੰਘ ਸਰਹਾਲ, ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ, ਡੀ।ਆਈ ਜੀ ਲੁਧਿਆਣਾ ਰੇਂਜ ਧਨਪ੍ਰੀਤ ਕੌਰ, ਐਸ.ਐਸ.ਪੀ. ਡਾ. ਅਖਿਲ ਚੌਧਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਕਰਵਾਏ ਗਏ ਫੁੱਟਬਾਲ ਮੁਕਾਬਲਿਆਂ ਦੌਰਾਨ ਪਹਿਲੇ ਨੰਬਰ 'ਤੇ ਆਉਣ ਵਾਲੇ ਪੰਜਾਬ ਪੁਲਿਸ ਨਵਾਂਸ਼ਹਿਰ, ਦੂਜੇ ਸਥਾਨ 'ਤੇ ਰਹਿਣ ਵਾਲੇ ਆਜ਼ਾਦ ਫੁੱਟਬਾਲ ਕਲੱਬ ਜਗਤਪੁਰ ਦੇ ਖਿਡਾਰੀਆਂ ਨੂੰ ਮੁੱਖ ਮਹਿਮਾਨ ਵਲੋਂ ਸਨਮਾਇਤ ਕੀਤਾ ਗਿਆ। ਇਸ ਦੌਰਾਨ ਵਿਧਾਇਕ ਬਲਾਚੌਰ ਸੰਤੋਸ਼ ਕਟਾਰੀਆ ਨੇ ਕਿਹਾ ਕਿ ਪੁਲਿਸ ਵਿਭਾਗ ਵਲੋਂ ਨਸ਼ਿਆਂ ਦੇ ਖਿਲਾਫ ਸੰਦੇਸ਼ ਦੇਣ ਲਈ ਕਰਵਾਇਆ ਫੁੱਟਬਾਲ ਟੂਰਨਾਮੇਂਟ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਹਲਕਾ ਇੰਚਾਰਜ ਬੰਗਾ ਕੁਲਜੀਤ ਸਿੰਘ ਸਰਹਾਲ ਨੇ ਵੀ ਖਿਡਾਰੀਆਂ ਦਾ ਉਤਸ਼ਾਹ ਵਧਾਉਂਦੇ ਹੋਏ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੇ ਲਈ ਪ੍ਰੇਰਿਤ ਕੀਤਾ।

ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਦੇ ਨਾਲ ਸਮੇਂ ਸਮੇਂ 'ਤੇ ਇਸ ਤਰ੍ਹਾਂ ਦੇ ਆਯੋਜਨ ਕੀਤੇ ਜਾਂਦੇ ਹਨ, ਜਿਨ੍ਹਾਂ ਦੇ ਵਿੱਚ ਨੌਜਵਾਨਾਂ ਨੂੰ ਸ਼ਾਮਿਲ ਕਰਕੇ ਨਸ਼ਿਆਂ ਤੋਂ ਦੂਰ ਰਹਿਣ ਦੇ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਐਸ.ਐਸ.ਪੀ. ਡਾ. ਅਖਿਲ ਚੌਧਰੀ ਨੇ ਨੌਜਵਾਨਾਂ ਨੂੰ ਖੇਡਾਂ ਵੱਲ ਧਿਆਨ ਦੇਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਵਲੋਂ ਇਕ ਹੈਲਪਲਾਈਨ ਨੰਬਰ 99883-03232 ਜਾਰੀ ਕੀਤਾ ਗਿਆ ਹੈ, ਜਿਸ 'ਤੇ ਨਸ਼ਿਆਂ ਦੇ ਰੋਕਥਾਮ ਸਬੰਧੀ ਕਿਸੇ ਵੀ ਤਰ੍ਹਾਂ ਦੀ ਸੂਚਨਾ ਦਿੱਤੀ ਜਾ ਸਕਦੀ ਹੈ, ਜਿਸ ਤੇ ਪੁਲਿਸ ਪ੍ਰਸ਼ਾਸਨ ਵਲੋਂ ਤੁਰੰਤ ਐਕਸ਼ਨ ਲਿਆ ਜਾਂਦਾ ਹੈ। ਅਖੀਰ ਦੇ ਵਿੱਚ ਮੁੱਖ ਮਹਿਮਾਨਾਂ ਨੂੰ ਯਾਦਗਿਰੀ ਚਿੰਨ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ 'ਤੇ ਐਸ।ਡੀ।ਐਮ ਨਵਾਂਸ਼ਹਿਰ ਡਾ। ਅਕਸ਼ਿਤਾ ਗੁਪਤਾ, ਐਸ।ਡੀ।ਐਮ ਬੰਗਾ ਬਿਕਰਮਜੀਤ ਸਿੰਘ, ਸਹਾਇਕ ਕਮਿਸ਼ਨਰ (ਜ) ਗੁਰਲੀਨ ਕੌਰ ਤੋਂ ਇਲਾਵਾ ਹੋਰ ਵੀ ਪ੍ਰਸ਼ਾਸਨਿਕ ਅਧਿਕਾਰੀ ਅਤੇ ਖੇਡ ਪ੍ਰੇਮੀ ਮੌਜੂਦ ਸਨ।







# ਕੈਬਨਿਟ ਮੰਤਰੀ ਜਿੰਪਾ ਨੇ ਭਾਰਤ ਰਤਨ ਡਾ. ਬੀ. ਆਰ. ਅੰਬੇਦਕਰ ਭਵਨ ਦੇ ਨਵੀਨੀਕਰਨ ਦੇ ਕਾਰਜ ਦੀ ਕਰਵਾਈ ਸ਼ੁਰੂਆਤ

## ਪੰਜਾਬ ਸਰਕਾਰ ਡਾ. ਅੰਬੇਦਕਰ ਜੀ ਦੇ ਦਰਸਾਏ ਮਾਰਗ 'ਤੇ ਸਾਰੇ ਵਰਗਾਂ ਦੀ ਭਲਾਈ ਦੇ ਕਰ ਰਹੀ ਹੈ ਕਾਰਜ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**–ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੰਵਿਧਾਨ ਨਿਰਮਾਤਾ ਡਾ. ਬੀ.ਆਰ. ਅੰਬੇਦਕਰ ਜੀ ਦੇ ਦਰਸਾਏ ਮਾਰਗ 'ਤੇ ਚੱਲਦੇ ਹੋਏ ਸਮਾਜ ਦੇ ਸਾਰੇ ਵਰਗਾਂ ਦੀ ਭਲਾਈ ਅਤੇ ਉਨਤੀ ਲਈ ਕੰਮ ਕਰ ਰਹੀ ਹੈ। ਉਹ ਭਾਰਤ ਰਤਨ ਡਾ. ਬੀ. ਆਰ. ਅੰਬੇਦਕਰ ਭਵਨ ਰਾਮ ਕਲੋਨੀ ਕੈਂਪ ਦੇ ਨਵੀਨੀਕਰਨ ਦੇ ਕੰਮ ਦੀ ਸ਼ੁਰੂਆਤ ਕਰਵਾਉਣ ਦੌਰਾਨ ਪੱਤਰਕਾਰਾਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਡਿਪਟੀ ਮੇਅਰ ਰਣਜੀਤ ਚੌਧਰੀ ਵੀ ਮੌਜੂਦ ਸਨ।

ਕੈਬਨਿਟ ਮੰਤਰੀ ਨੇ ਕਿਹਾ ਕਿ 30 ਲੱਖ ਰੁਪਏ ਦੀ ਲਾਗਤ ਨਾਲ ਇਮਾਰਤ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੇ ਸੂਬੇ ਦੇ ਸਾਰੇ ਵਿਭਾਗਾਂ ਦੀਆਂ ਇਮਾਰਤਾਂ ਦੇ ਨਵੀਨੀਕਰਨ ਦਾ ਬੀੜਾ ਉਠਾਇਆ ਹੈ, ਤਾਂ ਜੋ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਵਿਚ ਵਧੀਆ ਮਾਹੌਲ ਮਿਲ ਸਕੇ। ਉਨ੍ਹਾਂ ਕਿਹਾ ਕਿ ਭਾਰਤ ਰਤਨ ਡਾ. ਅੰਬੇਦਕਰ ਨੇ ਦੇਸ਼ ਨੂੰ ਇਕ ਇਸ ਤਰ੍ਹਾਂ ਦਾ ਸੰਵਿਧਾਨ ਦਿੱਤਾ, ਜਿਸ ਕਾਰਨ ਭਾਰਤ ਇਕ ਮਜ਼ਬੂਤ ਲੋਕਤੰਤਰ ਵਜੋਂ ਸਥਾਪਿਤ ਹੋ ਕੇ ਪੂਰੇ ਵਿਸ਼ਵ ਵਿਚ ਆਪਣੀ ਵੱਖਰੀ ਪਹਿਚਾਣ ਬਣਾਏ ਹੋਏ ਹੈ। ਉਨ੍ਹਾਂ ਸੰਵਿਧਾਨ ਰਾਹੀਂ ਦੇਸ਼ ਦੇ ਸਾਰੇ ਵਰਗਾਂ ਨੂੰ ਇਕਸਾਰ ਅਧਿਕਾਰ ਦਿੱਤੇ।



ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਅੱਜ ਸੰਵਿਧਾਨ ਨਿਰਮਾਤਾ ਡਾ। ਭੀਮ ਰਾਓ ਅੰਬੇਦਕਰ ਦੀਆਂ ਸਿੱਖਿਆਵਾਂ 'ਤੇ ਚੱਲਣਾ ਸਮੇਂ ਦੀ ਮੰਗ ਹੈ।

ਉਨ੍ਹਾਂ ਕਿਹਾ ਕਿ ਦੇਸ਼ ਦੀ ਇਸ ਮਹਾਨ ਸ਼ਖਸੀਅਤ ਨੂੰ ਸਾਨੂੰ ਆਪਣੇ ਆਦਰਸ਼ ਵਜੋਂ ਲੈਂਦੇ ਹੋਏ ਹਮੇਸ਼ਾ ਸਮਾਜਿਕ ਬਰਾਬਰੀ ਲਈ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਸਾਰੇ ਅਧਿਕਾਰਾਂ ਪ੍ਰਤੀ ਜਾਗਰੂਕ ਹੁੰਦੇ ਹੋਏ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਨਿਭਾਈਏ।

ਇਸ ਮੌਕੇ ਐਕਸੀਅਨ ਲੋਕ ਨਿਰਮਾਣ ਵਿਭਾਗ ਰਾਜੀਵ ਸੈਣੀ, ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਰਜਿੰਦਰ ਸਿੰਘ, ਕੌਂਸਲਰ ਜਸਪਾਲ ਸਿੰਘ ਚੇਚੀ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਬਾਬਾ ਸਾਹਿਬ ਦੇ ਪ੍ਰੀਨਿਰਵਾਣ ਦਿਵਸ ਮੌਕੇ ਵਿੱਕੀ ਬਹਾਦਰਕੇ ਨੇ ਆਪਣੇ ਗੀਤਾਂ ਵਿੱਚ ਬਾਬਾ ਸਾਹਿਬ ਦਾ ਜੀਵਨ ਗਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਅੱਜ ਪਿੰਡ ਝੰਡੇਰ ਖ਼ੁਰਦ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਗਿਆ। ਜਿਸ ਦਾ ਪ੍ਰਬੰਧ ਵਰਲਡਵਾਈਡ ਬਸਪਾ ਸਪੋਰਟ ਸੁਰਜੀਤ ਝੰਡੇਰ ਨਿਵਾਸੀ ਕੁਵੈਤ ਵਲੋਂ ਕੀਤਾ ਗਿਆ। ਜਿਸ ਵਿੱਚ ਵਿਸ਼ੇਸ਼ ਤੌਰ ਤੇ ਮਿਸ਼ਨਰੀ ਗਾਇਕ ਵਿੱਕੀ ਬਹਾਦਰਕੇ ਅਤੇ ਸਾਥੀਆਂ ਨੇ ਮਿਸ਼ਨਰੀ ਗੀਤ ਪੇਸ਼ ਕੀਤੇ। ਬੰਗਾ ਵਿਧਾਨ ਸਭਾ ਹਲਕੇ ਤੋਂ ਬਸਪਾ ਆਗੂ ਸਾਥੀਆਂ ਸਮੇਤ ਪਹੁੰਚੇ ਹੋਏ ਸਨ। ਇਸ ਮੌਕੇ ਤੇ ਧਰਮਪਾਲ ਤਲਵੰਡੀ ਬਸਪਾ ਬੰਗਾ ਹਲਕੇ ਦੇ ਕੈਸ਼ੀਅਰ ਨੇ ਪਹਿਲਾਂ ਤਾਂ ਸ਼ਰਧਾਂਜਲੀ ਭੇਟ ਕੀਤੀ ਬਾਅਦ ਵਿੱਚ ਦੱਸਿਆ ਕਿ ਜਦੋਂ ਬਾਬਾ ਸਾਹਿਬ ਡਾ ਅੰਬੇਡਕਰ ਜੀ ਸਿੱਖ ਬਣਨ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਏ ਸਨ ਉਸ ਵੇਲੇ ਦਾ ਇਤਿਹਾਸ ਲੋਕਾਂ ਸਾਹਮਣੇ ਪੇਸ਼ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜਿਸ ਤਰ੍ਹਾਂ ਮਨੁੱਖਤਾ ਨੂੰ ਪਹਿਲ ਦਿੱਤੀ ਗਈ ਹੈ ਠੀਕ ਉਸੇ ਤਰ੍ਹਾਂ ਦੇਸ਼ ਦੇ ਸੰਵਿਧਾਨ ਵਿੱਚ ਵੀ ਜਾਤ ਪਾਤ ਨੂੰ ਲਾਂਭੇ ਰੱਖ ਕੇ ਮਨੁੱਖਤਾ ਨੂੰ ਪਹਿਲ ਦਿੱਤੀ ਗਈ ਹੈ ਅਤੇ ਸਭ ਨੂੰ ਬਰਾਬਰ ਕੀਤਾ ਗਿਆ ਹੈ। ਚਰਨਜੀਤ ਮੰਢਾਲੀ ਯੂਥ ਵਿੰਗ ਆਗੂ ਬਸਪਾ ਬੰਗਾ ਨੇ ਕਿਹਾ ਕਿ ਸਾਡੇ ਸਾਰੇ ਸਮਾਜ ਨੂੰ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਮਿਸ਼ਨ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ ਅਤੇ ਸੰਵਿਧਾਨ ਨੂੰ ਪ੍ਰਚਾਰਨਾ ਚਾਹੀਦਾ ਹੈ ਤਾਂ ਕਿ ਸੰਵਿਧਾਨ ਪ੍ਰਤੀ ਸਾਰੇ ਜਾਗਰੂਕ ਹੋਣ। ਕੁਲਦੀਪ ਬਹਿਰਾਮ ਯੂਥ ਵਿੰਗ ਆਗੂ ਬਸਪਾ ਬੰਗਾ, ਜ਼ੋਰਾਵਰ ਬੋਧੀ ਯੂਥ ਵਿੰਗ ਆਗੂ ਬਸਪਾ ਬੰਗਾ, ਦਰਸ਼ਨ ਬਹਿਰਾਮ, ਪ੍ਰਕਾਸ਼ ਫਰਾਲਾ ਅਤੇ ਨਗਰ ਨਿਵਾਸੀ ਬੱਚੇ ਹਾਜ਼ਰ ਸਨ। ਮਿਸ਼ਨਰੀ ਗਾਇਕ ਵਿੱਕੀ ਬਹਾਦਰਕੇ ਨੇ ਗੀਤਾਂ ਰਾਹੀਂ ਬਹੁਜਨ ਸਮਾਜ ਦੀ ਮੂਵਮੈਂਟ ਵਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਸੁਰਜੀਤ ਝੰਡੇਰ ਨੇ ਬਾਬਾ ਸਾਹਿਬ ਨੂੰ ਮੰਨਣ ਵਾਲਿਆਂ ਦਾ ਧੰਨਵਾਦ ਕੀਤਾ।



# ਬਾਬਾ ਸਾਹਿਬ ਡਾ. ਅੰਬੇਡਕਰ ਜੀ ਤੇ ਸਾਹਿਬ ਸ਼੍ਰੀ ਕਾਸ਼ੀ ਰਾਮ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਅਣਖ ਜਗਾਉਣੀ ਜਰੂਰੀ- ਡਾ. ਜਸਬੀਰ ਗੜੀ/ ਪ੍ਰਵੀਨ ਬੰਗਾ

## ਮੈਂ ਜੈ ਭੀਮ ਦੇ ਨਾਅਰੇ ਨੂੰ ਬੁਲੰਦ ਕਰਦੇ ਹੋਏ ਸਮਾਜਿਕ ਮੁੱਦਿਆਂ ਨੂੰ ਵਿਧਾਨ ਸਭਾ ਵਿੱਚ ਚੁੱਕਦਾ ਰਹਾਂਗਾ – ਡਾ. ਨਛੱਤਰ ਪਾਲ

**ਫਗਵਾੜਾ / ਬੰਗਾ–** ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਬੰਗਾ ਵਲੋਂ ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਦੇ ਉਦੇਸ਼ ਪ੍ਰਾਪਤੀ ਹਿੱਤ ਭਾਰਤੀ ਸੰਵਿਧਾਨ ਨਿਰਮਾਤਾ, ਵਿਸ਼ਵ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਪਰੀਨਿਰਵਾਣ ਦਿਵਸ ਨੂੰ ਸਮਰਪਿਤ ਵਿਸ਼ਾਲ ਅਣਖ ਜਗਾਓ ਵਰਕਰ ਸੰਮੇਲਨ ਸੰਯੋਗ ਕਮਿਊਨਿਟੀ ਹਾਲ ਲਧਾਣਾ ਉੱਚਾ ਵਿਖੇ ਪ੍ਰਵੀਨ ਬੰਗਾ ਜਨਰਲ ਸਕੱਤਰ ਬਸਪਾ ਪੰਜਾਬ ਤੇ ਇੰਚਾਰਜ ਹਲਕਾ ਇੰਚਾਰਜ ਹਲਕਾ ਬੰਗਾ ਦੀ ਅਗਵਾਈ ਵਿੱਚ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋ ਬਸਪਾ ਪੰਜਾਬ ਦੇ ਪ੍ਰਧਾਨ ਡਾ. ਜਸਵੀਰ ਸਿੰਘ ਗੜੀ ਸ਼ਾਮਲ ਹੋਏ ਅਤੇ ਵਿਸ਼ੇਸ਼ ਮਹਿਮਾਨ ਬਸਪਾ ਪੰਜਾਬ ਇੰਚਾਰਜ ਡਾ. ਨਛੱਤਰ ਪਾਲ ਵਿਧਾਇਕ ਨਵਾਂਸ਼ਹਿਰ ਨੇ ਸ਼ਿਰਕਤ ਕੀਤੀ। ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਬਾਬਾ ਸਾਹਿਬ ਡਾ।ਅੰਬੇਡਕਰ ਜੀ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਭਾਰੀ ਇੱਕਠ ਨੂੰ ਸੰਬੋਧਨ ਕਰਦਿਆ ਕਿਹਾ ਕਿ ਜਿਹੜੀਆਂ ਕੌਮਾਂ ਆਪਣੇ ਮਹਾਂਪੁਰਸ਼ਾਂ ਦੇ ਅੰਦੋਲਨ ਤੇ ਕੁਰਬਾਨੀਆਂ ਨੂੰ ਮਨੋਂ ਭੁਲਾ ਦਿੰਦੀਆਂ ਹਨ, ਉਨ੍ਹਾਂ ਦਾ ਇਤਿਹਾਸ ਲੋਕਾਂ ਦੇ ਦਿਮਾਗ ਵਿਚੋਂ ਖਤਮ ਹੋ ਜਾਂਦਾ ਹੈ ਤੇ ਉਹ ਗੁਲਾਮ ਹੋਣ ਤੋ ਬਾਅਦ ਉਨ੍ਹਾਂ ਦੀ ਅਣਖ ਮਰ ਜਾਂਦੀ ਹੈ। ਬਸਪਾ ਬਾਬਾ ਸਾਹਿਬ ਡਾ। ਅੰਬੇਡਕਰ ਜੀ ਸੁਪਨਿਆਂ ਦਾ ਭਾਰਤ ਬਣਾਉਣ ਲਈ ਸਮਾਜ ਦੀ ਅਣਖ ਜਗਾਉਣ ਲਈ ਜਿਹੜਾ ਕੰਮ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ ਕੀਤਾ ਸੀ ਉਹੀ ਹੋਕਾ ਬਹੁਜਨਾ ਦਾ ਰਾਜ ਭੈਣ ਕੁਮਾਰੀ ਮਾਇਆਵਤੀ ਜੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਜੀ ਦੀ ਅਗਵਾਈ ਵਿਚ ਕਰਨ ਦਾ ਪ੍ਰਬੰਧ ਕਰਨ ਲਈ 70 ਵਿਧਾਨਸਭਾਵਾਂ ਵਿੱਚ ਅਣਖ ਜਗਾਉ ਵਰਕਰ ਕੇਡਰ ਕੈਂਪ ਲਗਾਉਣ ਦੀ ਮੁਹਿੰਮ ਬੰਗਾ ਤੋਂ ਸ਼ੁਰੂ ਕਰ ਰਹੇ ਹਾਂ। ਇਸ ਮੌਕੇ ਵਿਧਾਇਕ ਡਾ. ਨਛੱਤਰ ਪਾਲ ਨੇ ਬਾਬਾ ਸਾਹਿਬ ਨੂੰ ਸਰਧਾਂ ਦੇ ਫੁੱਲ ਭੇਂਟ ਕਰਦੇ ਹੋਏ ਕਿਹਾ ਕਿ ਮੈਂ ਬਹੁਜਨ ਅੰਦੋਲਨ ਵਿੱਚੋਂ ਐਮ.ਐਲ.ਏ. ਬਣਿਆਂ ਹਾਂ। ਵਿਧਾਨ ਸਭਾ ਵਿਚ ਜੈ ਭੀਮ ਦੇ ਨਾਹਰੇ ਨੂੰ ਬੁਲੰਦ ਕਰਦੇ ਹੋਏ ਸਮਾਜ ਦੇ ਹੱਕ ਵਿਚ ਸਦਾ ਅਵਾਜ਼ ਬੁਲੰਦ ਕਰਦਾ ਰਹਾਂਗਾ ਤੇ ਲੋਕ ਸਭਾ ਦੀਆਂ ਚੋਣਾਂ ਵਿਚ ਪੰਜਾਬ ਚੋ ਮੈਂਬਰ ਪਾਰਲੀਮੈਂਟ ਜਿਤਾਉਣ ਦਾ ਸੰਕਲਪ ਲਿਆ ਜਾਵੇ ਤਾਂ ਜੋ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਵਿਚਾਰ ਗੂੰਜ ਸਕਣ। ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਇੰਚਾਰਜ ਹਲਕਾ ਬੰਗਾ ਨੇ ਆਖਿਆ ਹਲਕੇ ਦੇ ਸਾਥੀਆਂ ਵਲੋ 1 ਲੱਖ ਇਕ 1 ਹਜਾਰ ਰੁਪਏ ਥੈਲੀ ਪਹਿਲੀ ਕਿਸ਼ਤ ਦੇ ਰੂਪ ਵਿਚ ਆਰਥਿਕ ਸਹਿਯੋਗ ਦੇ ਕੇ ਸ਼ੁਰੂਆਤ ਕੀਤੀ ਤਾਂ ਜੋ ਮਾਨਵੀ ਅਧਿਕਾਰਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਵਾਲੇ ਮਹਾਂਪੁਰਸ਼ਾਂ ਦੇ ਅੰਦੋਲਨ ਨੂੰ ਮਜਬੂਤ ਕਰਨ ਲਈ ਸਮਾਜਿਕ ਧਿਰ ਬਸਪਾ ਨੂੰ ਮਜਬੂਤ ਕੀਤਾ ਜਾ ਸਕੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਤੇ ਸਾਹਿਬ ਸ਼੍ਰੀ ਕਾਸ਼ੀ ਰਾਮ ਦੇ ਸੁਪਨਿਆਂ ਦਾ ਭਾਰਤ ਬਣਾਇਆ ਜਾ ਸਕੇ। ਡਾ. ਬੀ. ਆਰ. ਅੰਬੇਦਕਰ ਮਿਸ਼ਨ ਸੋਸਾਇਟੀ ਲਧਾਣਾ ਉੱਚਾ ਦਾ ਸਹਿਯੋਗ ਕਰਨ ਲਈ ਬਹੁਤ ਬਹੁਤ ਧੰਨਵਾਦ ਮੰਚ ਸੰਚਾਲਨ ਮੁਲਾਜ਼ਮ ਆਗੂ ਰਾਮ ਲਭਾਇਆ ਲਧਾਣਾ ਉੱਚਾ ਨੇ ਕੀਤਾ। ਇਸ ਮੌਕੇ 'ਤੇ ਸਾਬਕਾ ਜਿਲ੍ਹਾ ਪ੍ਰਧਾਨ ਮਨੋਹਰ ਕਮਾਮ ਹਲਕਾ ਇੰਚਾਰਜ ਬੰਗਾ,ਜਿਲਾ ਪ੍ਰਧਾਨ ਸਰਬਜੀਤ ਜਾਫਰਪੁਰ, ਬੰਗਾ ਹਲਕੇ ਦੇ ਪ੍ਰਧਾਨ ਜੈ ਪਾਲ ਸੂੰਡਾ ਨੇ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਤੇ ਵਿਸ਼ੇਸ਼ ਤੋਰ ਤੇ ਜਿਲਾ ਉਪ ਪ੍ਰਧਾਨ ਸ਼੍ਰੀ ਰੂਪ ਲਾਲ ਧੀਰ, ਜਿਲਾ ਜਨਰਲ ਸਕੱਤਰ ਹਰਬਿਲਾਸ ਬਸਰਾ, ਜਿਲਾ ਸਕੱਤਰ ਵਿਜੇ ਕੁਮਾਰ ਗੁਣਾਚੋਰ, ਮਿਸ਼ਨਰੀ ਗਾਇਕ ਰਾਜ ਦਦਰਾਲ, ਸਾਬਕਾ ਸਰਪੰਚ ਪ੍ਰਦੀਪ ਜੱਸੀ, ਸੋਮ ਨਾਥ ਰਟੈਂਡਾ, ਧਰਮ ਪਾਲ ਤਲਵੰਡੀ, ਇੰਦਰਜੀਤ ਅਟਾਰੀ, ਪ੍ਰਕਾਸ਼ ਫਰਾਲਾ, ਮਹਿੰਦਰ ਪਾਲ ਪਟਵਾਰੀ, ਸੁਰਿੰਦਰ ਸਿੰਘ ਝਿੰਗੜ, ਸੋਹਣ ਲਾਲ ਰਟੈਂਡਾ, ਸਤਪਾਲ ਔੜ ਸਰਪੰਚ, ਅਸ਼ੋਕ ਕੁਮਾਰ ਸਾਬਕਾ ਸਰਪੰਚ, ਅਜੀਤ ਰਾਮ ਗੁਣਾਚੋਰ, ਮਹਿਲਾ ਆਗੂ ਬੀਬੀ ਗੁਰਦੇਵ ਕੌਰ, ਸਾਬਕਾ ਸਰਪੰਚ ਪਰਮਜੀਤ ਕੌਰ ਬਹਿਰਾਮ, ਹਲਕਾ ਇੰਚਾਰਜ ਲੇਡੀਜ ਵਿੰਗ, ਸਾਬਕਾ ਸਰਪੰਚ ਜਸਵਿੰਦਰ ਕੋਰ ਖੋਥੜਾਂ, ਜਿਲਾ ਯੂਥ ਇੰਚਾਰਜ ਚਰਨਜੀਤ ਮੰਢਾਲੀ, ਕੁਲਦੀਪ ਬਹਿਰਾਮ, ਜ਼ੋਰਾਵਰ ਸੰਧੀ, ਸੁਰਜੀਤ ਰਲ ਹਲਕਾ ਯੂਥ ਇੰਚਾਰਜ, ਹਰਬੰਸ ਸਿੰਘ ਯੂ.ਐਸ.ਏ. ਬਲਵਿੰਦਰ ਸਿੰਘ ਯੂ.ਐਸ.ਏ., ਸੁਰਜੀਤ ਝੰਡੇਰ ਐਨ. ਆਰ. ਆਈ., ਤੀਰਥ ਕਲਸੀ, ਜਸਪਾਲ, ਅਮਰਜੀਤ ਲਾਲ ਦਰਸ਼ਨ ਰਾਮ, ਸੁਰਿੰਦਰ ਸਿੰਘ ਭਰੋਮਜਾਰਾ ਰਾਣੂਆ, ਮਲਕੀਤ ਸਿੰਘ ਮੁਕੰਦਪੁਰ, ਸੁਰਿੰਦਰ ਮੰਢੇਰਾਂ, ਦੇਸ ਰਾਜ ਚੱਕਮੰਡੇਰ, ਦਰਸ਼ਨ ਲਾਲ ਬਹਿਰਾਮ, ਨਿਰਮਲ ਸੱਲਣ, ਤੀਰਥ ਸਿੰਘ ਭਰੋਮਜਾਰਾ, ਗੁਰਮੁੱਖ ਐਮ.ਸੀ।, ਬਹਾਦਰ ਸੰਧਵਾਂ, ਵਿਕਰਮ ਸਿੰਘ ਝਿੰਗੜ, ਹੇਮ ਰਾਜ ਰਿਟਾਇਰ ਪੋਸਟ ਮਾਸਟਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬਸਪਾ ਸਮਰਥਕ ਕੇਡਰ ਕੈਂਪ ਵਿੱਚ ਸ਼ਾਮਿਲ ਹੋਏ। ਡਾ ਬੀ.ਆਰ. ਅੰਬੇਦਕਰ ਮਿਸ਼ਨ ਸੋਸਾਇਟੀ ਲਧਾਣਾ ਉੱਚਾ ਵਲੋਂ ਆਏ ਮਹਿਮਾਨਾਂ ਦਾ ਸਨਮਾਨ ਕੀਤਾ। ਹਲਕਾ ਪ੍ਰਧਾਨ ਜੈ ਪਾਲ ਸੂੰਡਾ ਨੇ ਕੇਡਰ ਕੈਂਪ ਵਿੱਚ ਪੁੱਜੇ ਵਰਕਰਾਂ ਦਾ ਧੰਨਵਾਦ ਕੀਤਾ।



# ਅਣਖ ਜਗਾਓ ਵਰਕਰ ਸੰਮੇਲਨ ਵਿੱਚ ਅੱਜ ਬਹੁਜਨ ਸਮਾਜ ਦੀ ਅਣਖ ਜਗਾਕੇ ਦਿੱਲੀ ਵੱਲ ਕੂਚ ਕਰਨਾ ਚਾਹੀਦਾ ਹੈ – ਜਸਵੀਰ ਸਿੰਘ ਗੜ੍ਹੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਅੱਜ ਅਣਖ ਜਗਾਓ ਵਰਕਰ ਸੰਮੇਲਨ ਵਿੱਚ ਬਹੁਜਨ ਸਮਾਜ ਦੀ ਅਣਖ ਜਗਾ ਕੇ ਦਿੱਲੀ ਵੱਲ ਕੂਚ ਕਰਨ ਲਈ ਕਿਹਾ ਉਨ੍ਹਾਂ ਕਾਂਗਰਸ ਪਾਰਟੀ ਦੀ ਗੱਲ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਡਾ ਅੰਬੇਡਕਰ ਜੀ ਨਾਲ਼ ਜੋ ਇਨ੍ਹਾਂ ਕੀਤਾ ਹੈ ਉਸ ਵਾਰੇ ਤਾਂ ਸਭ ਨੂੰ ਪਤਾ ਹੀ ਹੈ ਪਰ ਇਨ੍ਹਾਂ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਬਣਾ ਦਿੱਤਾ। ਫਿਰ ਸਾਰਾ ਇਲਜ਼ਾਮ ਚੰਨੀ ਤੇ ਲਾ ਦਿੱਤਾ ਕਿ ਜੇਕਰ ਸਿਰ ਦਾ ਤਾਜ ਪੈਰਾਂ ਦੀਆਂ ਜੁੱਤੀਆਂ ਨੂੰ ਸਿਰ ਦਾ ਤਾਜ ਬਣਾ ਦਿੱਤਾ ਤਾਂ ਕਾਂਗਰਸ ਨੇ ਹਰਨਾ ਹੀ ਸੀ। ਪਰ ਉਸ ਨੂੰ ਚਾਹੇ ਮਾਲੂਮ ਹੋਇਆ ਚਾਹੇ ਨਹੀਂ ਮਾਲੂਮ ਹੋਇਆ ਪਰ ਸਾਡੀ ਪਾਰਟੀ ਨੂੰ ਜ਼ਰੂਰ ਮਾਲੂਮ ਹੋਇਆ ਹੈ ਤਦੋਂ ਹੀ ਤਾਂ ਅਸੀਂ ਲੋਕਾਂ ਦੀ ਅਣਖ ਜਗਾਉਣ ਲੱਗੇ ਹਾਂ। ਛੱਡੋ ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ ਇਹ ਵੀ ਤੁਹਾਨੂੰ ਪੈਰਾਂ ਦੀਆਂ ਜੁੱਤੀਆਂ ਤੋਂ ਸਿਵਾਏ ਕੁਝ ਨਹੀਂ ਸਮਝਦੀਆਂ। ਇਸ ਲਈ ਤੁਹਾਨੂੰ ਸਾਰਿਆਂ ਨੂੰ ਬਹੁਜਨ ਸਮਾਜ ਪਾਰਟੀ ਨੇ ਉੱਤਰ ਪ੍ਰਦੇਸ਼ ਵਿੱਚ ਰਾਜ ਕੀਤਾ ਉਨ੍ਹਾਂ ਨੂੰ ਤੁਸੀਂ ਚਾਵਲ ਖਾਣ ਵਾਲੇ ਸੱਦ ਦੇ ਹੋ ਪਰ ਉਨ੍ਹਾਂ ਦੀ ਅਣਖ ਜਾਗੀ ਉਨ੍ਹਾਂ ਨੇ ਉੱਤਰ ਪ੍ਰਦੇਸ਼ ਤੇ ਚਾਰ ਚਾਰ ਵਾਰ ਰਾਜ ਕੀਤਾ ਗਿਆ ਸੀ ਇਸ ਤਰ੍ਹਾਂ ਹੀ ਤੁਸੀਂ ਵੀ ਤਹਿਈਆ ਕਰ ਲਓ ਕਿ ਸਾਨੂੰ ਗੁਰੂ ਰਵਿਦਾਸ ਮਹਾਰਾਜ ਜੀ ਨੇ, ਗੁਰੂ ਗੋਬਿੰਦ ਸਿੰਘ ਜੀ ਨੇ, ਬਾਬਾ ਸਾਹਿਬ ਡਾ ਅੰਬੇਡਕਰ ਜੀ ਨੇ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ, ਭੈਣ ਮਾਇਆਵਤੀ ਜੀ ਨੇ ਅਤੇ ਮੈਂ ਵੀ ਤੁਹਾਨੂੰ ਇਹੀ ਕਹਿਣ ਵਾਸਤੇ ਆਇਆ ਹਾਂ ਕਿ ਹੁਣ ਤਾਂ ਆਪਣੀ ਅਣਖ ਜਗਾ ਲਓ ਅਤੇ ਰਾਜ ਭਾਗ ਦਾ ਨਜ਼ਾਰਾ ਦੇਖੋ ਇਹ ਸਭ ਬਹੁਜਨ ਸਮਾਜ ਨੂੰ ਸਮਝਾਉਂਦਿਆਂ ਜਸਵੀਰ ਸਿੰਘ ਗੜ੍ਹੀ ਬਸਪਾ ਪ੍ਰਧਾਨ ਪੰਜਾਬ ਨੇ ਕਹੇ । ਬਹੁਜਨ ਸਮਾਜ ਦੀਆਂ ਅਨੇਕਾਂ ਸਮੱਸਿਆਂਵਾਂ ਦਾ ਇੱਕੋ ਇੱਕ ਹੱਲ ਹੈ ਵੱਧ ਤੋਂ ਵੱਧ ਵਿਧਾਇਕ ਜਿੱਤਾ ਕੇ ਭੇਜਣੇ ਕਿਉਂਕਿ ਕਿ ਹੁਣ ਡਾ ਨਛੱਤਰ ਪਾਲ ਐਮ ਐਲ ਏ ਹਲਕਾ ਨਵਾਂਸ਼ਹਿਰ ਨੇ ਹਰ ਇੱਕ ਮਸਲੇ ਤੇ ਆਪਣੀ ਗੱਲ ਰੱਖਕੇ ਉਸ ਤੇ ਬੈਂਸ ਵੀ ਕਰਦੇ ਹਨ। ਬਹੁਜਨ ਸਮਾਜ ਦੀਆਂ ਮੁੱਖ ਸਮੱਸਿਆਂਵਾਂ ਤੇ ਪਹਿਰਾ ਵੀ ਦਿੰਦੇ ਹਨ। ਜਦੋਂ ਤੋਂ ਵਿਧਾਨ ਸਭਾ ਵਿੱਚ ਪਾਰਟੀ ਦਾ ਸ਼ੇਰ ਗਿਆ ਹੈ ਉਸ ਦਿਨ ਤੋਂ ਹੀ ਕੋਈ ਨਾ ਕੋਈ ਬਹੁਜਨ ਸਮਾਜ ਦੀ ਸਮੱਸਿਆਂ ਤੇ ਗੱਲ ਬਾਤ ਹੁੰਦੀ ਰਹਿੰਦੀ ਹੈ ਜੇਕਰ ਇੱਕ ਤੋਂ ਜ਼ਿਆਦਾ ਜਿੱਤ ਕੇ ਵਿਧਾਨ ਸਭਾ ਵਿੱਚ ਪਹੁੰਚਦੇ ਤਾਂ ਕੀ ਹੁੰਦਾ। ਪ੍ਰਵੀਨ ਬੰਗਾ ਜਨਰਲ ਸਕੱਤਰ ਬਸਪਾ ਪੰਜਾਬ, ਮਨੋਹਰ ਕਮਾਮ ਇੰਚਾਰਜ ਹਲਕਾ ਆਨੰਦਪੁਰ ਸਾਹਿਬ, ਸਰਬਜੀਤ ਜਾਫਰਪੁਰੀ ਜ਼ਿਲ੍ਹਾ ਪ੍ਰਧਾਨ ਬਸਪਾ ਨੇ ਆਪਣੇ ਵਿਚਾਰ ਰੱਖੇ। ਇਸ ਮੌਕੇ ਤੇ ਰਾਮ ਲੁਭਾਇਆ ਸਕੱਤਰ, ਹਰਬਲਾਸ ਬਸਰਾ, ਅਜੀਤ ਰਾਮ ਸਾਬਕਾ ਸਰਪੰਚ, ਵਿਜੇ ਗੁਣਾਚੌਰ ਯੂਥ ਆਗੂ, ਚਰਨਜੀਤ ਮੰਢਾਲੀ, ਜ਼ੋਰਾਵਰ ਬੋਧੀ, ਕੁਲਦੀਪ ਬਹਿਰਾਮ ਯੂਥ ਵਿੰਗ ਆਗੂ ਬਸਪਾ, ਦਰਸ਼ਨ ਬਹਿਰਾਮ, ਧਰਮਪਾਲ ਤਲਵੰਡੀ, ਮਿਸ਼ਨਰੀ ਗਾਇਕ ਰੂਪ ਲਾਲ ਧੀਰ, ਰਾਜ ਦਦਰਾਲ, ਸੁਰਿੰਦਰ ਸਿੰਘ ਛਿੰਦਾ, ਇੰਦਰਜੀਤ ਅਟਾਰੀ, ਮਲਕੀਤ ਮੁਕੰਦਪੁਰ, ਅਸ਼ੋਕ ਕੁਮਾਰ ਖੋਥੜਾ ਸਰਪੰਚ, ਗੁਰਦੇਵ ਕੌਰ ਸਾਬਕਾ ਚੇਅਰਮੈਨ, ਜਸਵਿੰਦਰ ਕੌਰ ਸਾਬਕਾ ਸਰਪੰਚ, ਪਰਮਜੀਤ ਕੌਰ ਸਾਬਕਾ ਸਰਪੰਚ, ਜਸਪਾਲ ਰੱਲ, ਅਮਰਜੀਤ ਲਧਾਣਾ ਉੱਚਾ, ਚਰਨਜੀਤ ਸੱਲ੍ਹਾ ਨੰਬਰਦਾਰ, ਗੁਰਮੁਖ ਨੌਰਥ ਐਮ ਸੀ ਨਵਾਂਸ਼ਹਿਰ, ਸੁਰਜੀਤ ਰੱਲ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਮਿਸ਼ਨ ਸੰਬੰਧੀ ਕਿਤਾਬਾਂ ਦਾ ਸਟਾਲ ਵੀ ਲੱਗਾ ਹੋਇਆ ਸੀ।

# ਸਾਬਕਾ ਵਿਧਾਇਕ ਪ੍ਰਕਾਸ਼ ਸਿੰਘ ਗੜ੍ਹਦੀਵਾਲਾ ਨੂੰ ਸੰਤ ਮਹਾਂਪੁਰਸ਼ਾਂ, ਸਿਆਸੀ ਤੇ ਸਮਾਜ ਸੇਵੀ ਆਗੂਆਂ ਕੀਤੇ ਸ਼ਰਧਾ ਦੇ ਫੁੱਲ ਭੇਟ

## ਜਰਨੈਲ ਸਿੰਘ ਗੜ੍ਹਦੀਵਾਲਾ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਸਿਆਸੀ ਵਾਰਸ ਥਾਪਿਆ



**ਫਗਵਾੜਾ 19 ਦਸੰਬਰ (ਬੀ.ਕੇ. ਰੱਤੂ)** ਸਾਬਕਾ ਵਿਧਾਇਕ, ਸਾਬਕਾ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ 'ਚ ਵੱਖ-ਵੱਖ ਵਕਾਰੀ ਅਹੁਦਿਆਂ 'ਤੇ ਰਹਿ ਚੁੱਕੇ ਸਵ। ਪ੍ਰਕਾਸ਼ ਸਿੰਘ ਗੜ੍ਹਦੀਵਾਲਾ ਨਮਿਤ ਕੀਰਤਨ ਤੇ ਅੰਤਿਮ ਅਰਦਾਸ ਸਮਾਗਮ ਗੁਰਦੁਆਰਾ ਸੰਤ ਸਾਗਰ ਸਾਹਿਬ ਪਿੰਡ ਜੌਹਲ ਵਿਖੇ ਕਰਵਾਇਆ ਗਿਆ। ਇਸ ਮੌਕੇ ਭਾਈ ਪਵਨਪ੍ਰੀਤ ਸਿੰਘ ਹਜ਼ੂਰੀ ਰਾਗੀ ਤੇ ਭਾਈ ਹਰਮੀਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸੰਤਗੜ੍ਹ ਸਾਹਿਬ ਜਲੰਧਰ ਦੇ ਜਥਿਆਂ ਨੇ ਵੈਰਾਗਮਈ ਕੀਰਤਨ ਦੁਆਰਾ ਹਾਜ਼ਰੀ ਲਵਾਈ। ਇਸ ਮੌਕੇ ਵਾਤਾਵਰਨ ਪ੍ਰੇਮੀ ਪਦਮਸ੍ਰੀ ਸੰਤ ਬਲਵੀਰ ਸਿੰਘ ਸੀਚੇਵਾਲ ਮੈਂਬਰ ਰਾਜ ਸਭਾ ਨੇ ਸਵ। ਪ੍ਰਕਾਸ਼ ਸਿੰਘ ਗੜ੍ਹੀਵਾਲਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੀ ਨਿਰਪੱਖ, ਬੇਦਾਗ਼ ਤੇ ਉਸਾਰੂ ਸੋਚ ਵਾਲੀ ਸਖਸ਼ੀਅਤ 'ਤੇ ਚਾਨਣਾ ਪਾਉਂਦੇ ਹੋਏ ਪਹੁੰਚੇ ਸੰਤਾਂ ਮਹਾਂਪੁਰਸ਼ਾਂ ਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਲੋਕ ਸਭਾ ਦੇ ਸਾਬਕਾ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ, ਗੁਰਪ੍ਰਤਾਪ ਸਿੰਘ ਵਡਾਲਾ ਸਾਬਕਾ ਵਿਧਾਇਕ ਨਕੋਦਰ ਜ਼ਿਲਾ ਪ੍ਰਧਾਨ ਅਕਾਲੀ ਦਲ (ਦਿਹਾਤੀ) ਜਲੰਧਰ, ਜੈ ਕ੍ਰਿਸ਼ਨ ਰੌੜੀ ਡਿਪਟੀ ਸਪੀਕਰ, ਸੁਖਵਿੰਦਰ ਕੋਟਲੀ ਕਾਂਗਰਸੀ ਵਿਧਾਇਕ ਆਦਮਪੁਰ, ਅਕਾਲੀ ਆਗੂ ਅਮਰਜੀਤ ਸਿੰਘ ਚੌਹਾਨ ਨੇ ਸੰਬੋਧਨ ਕਰਦਿਆਂ ਸਵ। ਗੜ੍ਹਦੀਵਾਲਾ ਦੀ ਸਾਦਗੀ ਭਰੀ ਸਖਸ਼ੀਅਤ ਤੇ ਉਨ੍ਹਾਂ ਦੀ ਸਮਾਜ ਪ੍ਰਤੀ ਸੋਚ 'ਤੇ ਚਾਨਣਾ ਪਾਉਂਦੇ ਹੋਏ ਵਿਛੜੇ ਆਗੂ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਸਾਬਕਾ ਐੱਮ.ਪੀ. ਸ਼ਮਸ਼ੇਰ ਸਿੰਘ ਦੂਲੋ, ਅਵਿਨਾਸ਼ ਰਾਏ ਖੰਨਾ, ਸਾਬਕਾ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਤੇ ਡੀ.ਜੀ.ਪੀ. (ਰਿਟਾ) ਇਕਬਾਲਪ੍ਰੀਤ ਸਿੰਘ ਸਹੋਤਾ ਵਲੋਂ ਸ਼ੋਕ ਸੰਦੇਸ਼ ਭੇਜੇ ਗਏ। ਸਟੇਜ ਦੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਸਿੱਖ ਵਿਦਵਾਨ ਗਿਆਨੀ ਭਗਵਾਨ ਸਿੰਘ ਜੌਹਲ ਨੇ ਸਵ। ਪ੍ਰਕਾਸ਼ ਸਿੰਘ ਗੜ੍ਹਦੀਵਾਲਾ ਦੀ ਜੀਵਨ 'ਤੇ ਚਾਨਣਾ ਪਾਇਆ। ਇਸ ਮੌਕੇ ਸੰਤਾਂ-ਮਹਾਂਪੁਰਸ਼ਾਂ ਵਲੋਂ ਸਵ। ਗੜ੍ਹਦੀਵਾਲਾ ਦੇ ਪੁੱਤਰਾਂ ਰਣਬੀਰ ਸਿੰਘ ਤਹਿਸੀਲ ਭਲਾਈ ਅਫਸਰ ਨੂੰ ਦਸਤਾਰ ਭੇਟ ਕੀਤੀ ਤੇ ਜਰਨੈਲ ਸਿੰਘ ਗੜ੍ਹਦੀਵਾਲਾ, ਇੰਜ ਸੁਖਬੀਰ ਸਿੰਘ ਗੜ੍ਹਦੀਵਾਲਾ, ਧੀ ਤੇ ਦਾਮਾਦ ਕਮਲਪ੍ਰੀਤ ਸਿੰਘ ਡੀ.ਏ. ਲੀਗਲ ਦਾ ਸਿਰੋਪਾਓ ਭੇਟ ਕੀਤੇ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵਲੋਂ ਜਰਨੈਲ ਸਿੰਘ ਗੜ੍ਹਦੀਵਾਲਾ ਨੂੰ ਦਸਤਾਰ ਭੇਟ ਕਰਕੇ ਸਵ. ਗੜ੍ਹਦੀਵਾਲਾ ਦਾ ਸਿਆਸੀ ਵਾਰਿਸ ਥਾਪਿਆ। ਸੰਤ ਬਾਬਾ ਹਰਜਿੰਦਰ ਸਿੰਘ ਚਾਹਵਾਲਿਆ ਸੰਤਾਂ ਮਹਾਂਪੁਰਸ਼ਾਂ ਦਾ ਸਨਮਾਨ ਕੀਤਾ।

ਇਸ ਮੌਕੇ ਸੰਤ ਬਾਬਾ ਜਸਪਾਲ ਸਿੰਘ ਓਡਰੇਵਾਲੇ, ਸੰਤ ਸ਼ਮਸ਼ੇਰ ਸਿੰਘ ਭਿੱਟੇਵੱਡ, ਸੰਤ ਭਗਵਾਨ ਸਿੰਘ ਹਰਖੋਵਾਲ, ਸੰਤ ਅਮਰੀਕ ਸਿੰਘ ਖੁਖਰੈਣ ਵਾਲੇ, ਸੰਤ ਬਲਰਾਜ ਸਿੰਘ ਜਿਆਣ, ਸੰਤ ਬੀਬੀ ਗਗਨਦੀਪ ਕੌਰ ਜਿਆਣ, ਮਹੰਤ ਗੁਰਵਿੰਦਰ ਸਿੰਘ ਹਜ਼ਾਰਾ, ਸੰਤ ਜੀਤ ਸਿੰਘ ਨੌਲੀ ਵਾਲੇ, ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ ਮੈਂਬਰ ਸ਼੍ਰੋਮਣੀ ਕਮੇਟੀ, ਸੰਤ ਸ਼ਿਵਜੀ ਕੋਟ ਫਤੂਹੀ, ਮਹੰਤ ਉਪੇਂਦਰਜੀ ਗੱਦੀ ਬਾਬਾ ਨਕੋਦਰ ਦਾਸ ਹਿਮਾਚਲ, ਸੰਤ ਦਰਸ਼ਨ ਸਿੰਘ ਸ਼ਾਸ਼ਤਰੀ ਕਨਖਲ (ਹਰਿਦੁਆਰ), ਸੰਤ ਬਾਬਾ ਹਰਜਿੰਦਰ ਸਿੰਘ ਚਾਹ ਵਾਲੇ, ਬਾਬਾ ਅਵਤਾਰ ਸਿੰਘ ਭੀਖੋਵਾਲ, ਸੰਤ ਗੁਰਨਾਮ ਸਿੰਘ ਡੇਰਾ ਨਿਰਮਲੇ ਡੱਲੀ, ਸੰਤ ਜੀਤ ਸਿੰਘ ਮੁੱਖੀ ਨਿਰਮਲ ਕੁਟੀਆ ਜ਼ੌਹਲਾ, ਸੰਤ ਰਮਿੰਦਰ ਦਾਸ ਬਹਾਦਰਪੁਰ, ਸੰਤ ਤੀਰਥ ਸਿੰਘ ਮੂਨਕ, ਨੁਮਾਇੰਦੇ ਸੰਤ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ ਤੋਂ ਇਲਾਵਾ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਪਰਮਜੀਤ ਸਿੰਘ ਮੰਨਣ ਸ਼੍ਰੋਮਣੀ ਕਮੇਟੀ ਮੈਂਬਰ, ਬੀਬੀ ਦਵਿੰਦਰ ਕੌਰ ਕਾਲਰਾ ਮੈਂਬਰ ਸ਼੍ਰੋਮਣੀ ਕਮੇਟੀ, ਪਵਨ ਕੁਮਾਰ ਟੀਨੂੰ ਸਾਬਕਾ ਸੰਸਦੀ ਸਕੱਤਰ ਗੁਰਚਰਨ ਸਿੰਘ ਚੰਨੀ ਸਾਬਕਾ ਜ਼ਿਲ੍ਹਾ ਪ੍ਰਧਾਨ ਅਕਾਲੀ ਦਲ, ਵਿਧਾਇਕ ਕਰਮਵੀਰ ਸਿੰਘ ਘੁੰਮਣ ਦਸੂਹਾ, ਜਸਵੀਰ ਸਿੰਘ ਸਿੰਘ ਰਾਜਾ ਗਿੱਲ ਟਾਂਡਾ, ਰਾਜਿੰਦਰ ਬੇਰੀ ਸਾਬਕਾ ਵਿਧਾਇਕ ਜਲੰਧਰ ਸੈਂਟਰਲ, ਸੁਭਾਸ਼ ਸੌਂਧੀ, ਲਖਵਿੰਦਰ ਸਿੰਘ ਲੱਖੀ ਗਿਲਜੀਆਂ ਜ਼ਿਲ੍ਹਾ ਪ੍ਰਧਾਨ ਅਕਾਲੀ ਦਲ ਹੁਸ਼ਿਆਰਪੁਰ, ਡਾ. ਜੰਗ ਬਹਾਦਰ ਸਿੰਘ ਰਾਏ ਮੈਂਬਰ ਸ਼੍ਰੋਮਣੀ ਕਮੇਟੀ, ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ, ਅਰਵਿੰਦਰ ਸਿੰਘ ਰਸੂਲਪੁਰ ਹਲਕਾ ਇੰਚਾਰਜ, ਚੌਧਰੀ ਬਲਵੀਰ ਸਿੰਘ ਮਿਆਣੀ ਸਾਬਕਾ ਮੰਤਰੀ, ਪਰਮਜੀਤ ਸਿੰਘ ਰਾਏਪੁਰ, ਸਾਬਕਾ ਵਿਧਾਇਕ ਲਵ ਕੁਮਾਰ ਗੋਲਡੀ, ਪ੍ਰੋ. ਹਰੰਬਸ ਸਿੰਘ ਬੋਲੀਨਾ, ਕੰਵਰਦੀਪ ਸਿੰਘ ਚੇਅਰਮੈਨ ਬਾਲ ਵਿਕਾਸ ਬੋਰਡ, ਪੈਟਰੋਲੀਅਮ ਐਸੋਸੀਏਸ਼ਨ ਵਲੋਂ ਹਨੀ ਗਿੱਲ, ਕੰਵਰ ਸਮਸ਼ੇਰ ਸਿੰਘ ਘੁੰਮਣ, ਗੁਰਵਿੰਦਰ ਸਿੰਘ ਪਾਬਲਾ ਜ਼ਿਲ੍ਹਾ ਪ੍ਰਧਾਨ 'ਆਪ' ਹੁਸ਼ਿਆਰਪੁਰ, ਕੰਢੀ ਕਿਸਾਨ ਸੰਘਰਸ਼ ਕਮੇਟੀ ਵਲੋਂ ਗੁਰਦੀਪ ਸਿੰਘ ਨੀਲਾ ਨਲੋਆ, ਜਗਮੋਹਨ ਸਿੰਘ ਡੀਸੀਪੀ ਜਲੰਧਰ, ਰਜਿੰਦਰ ਸਿੰਘ ਐੱਸ.ਐੱਸ.ਪੀ. (ਰਿਟਾ') ਹਰਵਿੰਦਰ ਸਿੰਘ ਸੰਧੂ ਅਤੇ ਨਵਰਾਜ ਘੁੰਮਣ, ਐੱਲ.ਪੀ.ਜੀ. ਫੈਡਰੇਸ਼ਨ ਆਫ਼ ਪੰਜਾਬ ਵਲੋਂ ਪ੍ਰਧਾਨ ਹਰਸਿਮਰ ਕੌਰ, ਬਸਪਾ ਆਗੂ ਗੁਰਲਾਲ ਸੈਲਾ, ਠੇਕੇਦਾਰ ਰਾਜਿੰਦਰ ਸਿੰਘ, ਕੁਲ ਹਿੰਦ ਕਿਸਾਨ ਸਭਾ ਵਲੋਂ ਦਰਸ਼ਨ ਸਿੰਘ ਮੱਟੂ, ਸੋਮ ਨਾਥ ਬੰਗੜ, ਸੂਬਾਈ ਮੁਲਾਜ਼ਮ ਆਗੂ ਮੱਖਣ ਸਿੰਘ ਵਾਹਿਦਪੁਰੀ, ਰਾਮ ਪਾਲ ਸਰਪੰਚ ਸਾਹਰੀ, ਬਾਬਾ ਗਿਆਨ ਚੰਦ, ਸੰਦੀਪ ਸ਼ਰਮਾ ਪੰਜਾਬ ਮੋਟਰ ਯੂਨੀਅਨ, ਰਜਿੰਦਰ ਸਿੰਘ ਰੀਹਲ ਆਪ ਆਗੂ, ਟਰਾਂਪੋਰਟਰ ਗੋਲਡੀ ਨਰਵਾਲ, ਸੰਤ ਸਿੰਘ ਜੰਡੋਰ, ਜਥੇਦਾਰ ਮਹਿੰਦਰ ਸਿੰਘ ਸਰੇਹੀਪੁਰ, ਸੁਖਵਿੰਦਰ ਸਿੰਘ ਮੂਨਕ, ਸਰਬਜੀਤ ਸਿੰਘ ਮੋਮੀ, ਬਾਬਾ ਕੁਲਵਿੰਦਰ ਸਿੰਘ, ਸੁਖਵਿੰਦਰ ਸਿੰਘ ਰਾਮਗੜ੍ਹੀਆ ਕਾਲਜ, ਬਿੱਕਰ ਸਿੰਘ ਫਗਵਾੜਾ, ਬੰਟੀ ਹਦੀਆਬਾਦ, ਪਾਰਸ ਸ਼ੌਂਕੀ ਹਰਦਾਸਪੁਰ, ਬਹਾਦਰ ਸਿੰਘ ਹਰਦਾਸਪੁਰ, ਤਰਲੋਕ ਚੰਦ ਕੋਟਸਦੀਕ ,ਜਸਵਿੰਦਰ ਸਿੰਘ ਸ਼ਾਹਪੁਰ, ਜਿੰਦਰ ਸਿੰਘ ਗਿੱਲ, ਅਮਰਜੀਤ ਸਿੰਘ ਪੁਰਖੋਵਾਲ, ਹਰਪ੍ਰੀਤ ਸਿੰਘ ਬੈਂਸ, ਜਸਵੀਰ ਸਿੰਘ ਆੜਤੀ, ਜੀਤ ਸਿੰਘ ਬਗਵਾਈਂ, ਸੁੱਚਾ ਸਿੰਘ ਬਿਲੜੋਂ, ਪ੍ਰਵੀਨ ਕਿੱਤਣਾ ਤੇ ਵੱਡੀ ਗਿਣਤੀ 'ਚ ਵੱਖ-ਵੱਖ ਵਰਗਾਂ ਤੋਂ ਇਲਾਵਾ ਪਰਿਵਾਰ ਵਲੋਂ ਰਣਬੀਰ ਸਿੰਘ ਤਹਿਸੀਲ ਭਲਾਈ ਅਫਸਰ, ਜਰਨੈਲ ਸਿੰਘ ਗੜ੍ਹਦੀਵਾਲਾ ਮੀਤ ਪ੍ਰਧਾਨ ਅਕਾਲੀ ਦਲ ਤੇ ਮੀਤ ਪ੍ਰਧਾਨ ਕੰਢੀ ਕਿਸਾਨ ਸੰਘਰਸ਼ ਕਮੇਟੀ, ਇੰਜ। ਸੁਖਬੀਰ ਸਿੰਘ, ਕਮਲਪ੍ਰੀਤ ਸਿੰਘ ਡੀ।ਏ। ਲੀਗਲ ਤੇ ਹੋਰ ਮੈਂਬਰ ਹਾਜ਼ਰ ਹੋਏ।

# 18 ਪੰਜਾਬ ਰੈਜੀਮੈਂਟ (ਹਰ ਮੈਦਾਨ ਫਤਿਹ) ਦੇ ਵੈਟਰਨਜ ਨੇ ਮਨਾਇਆ ਵੈਟਲ ਹੋਮਰ ਬ੍ਰਾਚੀਲ ਅਤੇ ਬਾਲਮਲਿਕ ਦਸੰਬਰ 1971 ਵਿਜੈ ਦਿਵਸ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** 18 ਪੰਜਾਬ ਰੈਜੀਮੈਂਟ (ਹਰ ਮੈਦਾਨ ਫਤਿਹ) ਦੇ ਸੇਵਾਮੁਕਤ ਵੈਟਰਨਜ ਨੇ ਸਥਾਨਕ ਹੋਟਲ ਯੂ-ਨਾਈਟ ਪਠਾਨਕੋਟ ਵਿਖੇ ਵੈਟਲ ਹੋਮਰ ਬ੍ਰਾਚੀਲ ਅਤੇ ਬਾਲਮਲਿਕ ਦਸੰਬਰ 1971 ਵਿਜੈ ਦਿਵਸ ਦਾ ਆਯੋਜਨ ਕੀਤਾ ਗਿਆ। ਸਭ ਤੋਂ ਪਹਿਲਾ ਸਾਰੇ ਵੈਟਰਨਜ ਵੱਲੋਂ ਯੁੱਧ ਵਿੱਚ ਸਹਾਦਤ ਪਾਉਂਣ ਵਾਲੇ ਸਹੀਦਾਂ ਦੀ ਯਾਦ ਵਿੱਚ 2 ਮਿੰਟ ਦਾ ਸੋਕ ਰੱਖ ਕੇ ਸਹੀਦਾਂ ਨੂੰ ਯਾਦ ਕੀਤਾ ਅਤੇ ਸਹੀਦਾਂ ਨੂੰ ਸਰਧਾਂਜਲੀ ਦਿੰਦੇ ਹੋਏ ਸਰਧਾ ਦੇ ਫੁੱਲ ਭੇਂਟ ਕੀਤੇ। ਸਮਾਰੋਹ ਦੋਰਾਨ ਇਸ ਯੁੱਧ ਵਿੱਚ ਭਾਗ ਲੈ ਚੁੱਕੇ ਵੀਰਸੈਨਿਕ ਕੈਪਟਨ ਜਗਤ ਸਿੰਘ ਚੋਹਾਣ ਅਤੇ ਕੈਪਟਨ ਨਵੀਨ ਰਾਮ ਵਰਮਾ ਨੇ ਸਾਰੇ ਵੈਟਰਨਜ ਨੂੰ ਯੁਨਿਟ ਦੀ ਬਹਾਦਰੀ ਤੇ ਰੋਸਨੀ ਪਾਉਂਦਿਆਂ ਯੁੱਧ ਨੀਤਿਆਂ ਬਾਰੇ ਦੱਸਿਆ। ਇਸ ਯੁੱਧ ਵਿੱਚ ਯੁਨਿਟ ਦੇ ਸੈਨਿਕਾਂ ਵੱਲੋਂ 1 ਮਹਾਵੀਰ ਚੱਕਰ, 1 ਵੀਰਚੱਕਰ, ਅਤੇ 2 ਸੈਨਾ ਮੈਡਲ ਬਹਾਦਰੀ ਪੁਰਸਕਾਰ ਪ੍ਰਾਪਤ ਕੀਤੇ। 18 ਪੰਜਾਬ ਰੈਜੀਮੈਂਟ ਨੂੰ ਇਸ ਬਹਾਦਰੀ ਦੇ ਲਈ ਵੈਟਲ ਹੋਮਰ ਬ੍ਰਾਚੀਲ ਅਤੇ ਬਾਲਮਲਿਕ ਨਾਲ ਸਨਮਾਨਤ ਕੀਤਾ ਗਿਆ।

ਸਮਾਰੋਹ ਦੇ ਅੰਤ ਵਿੱਚ ਕੈਪਟਨ ਸਾਲਿਗ ਰਾਮ ਸੈਣੀ ਦੀ ਪ੍ਰਧਾਨਗੀ ਵਿੱਚ ਪ੍ਰਬੰਧਨ ਟੀਮ ਦੇ ਮੈਂਬਰ ਕੈਪਟਨ ਸੁਰਿੰਦਰ ਸਿੰਘ ਮਨਕੋਟੀਆ, ਕੈਪਟਨ ਤੁਲਸੀ ਰਾਮ ਅਤੇ ਨਾਇਕ ਅਮਰਜੀਤ ਡੋਗਰਾ ਵੱਲੋਂ ਸਾਰੇ ਵੈਟਰਨਜ ਨੂੰ ਵੈਟਲ ਹੋਮਰ ਦਾ ਯਾਦਗਾਰ ਚਿਨ੍ਹ ਭੇਂਟ ਕਰਕੇ ਸਨਮਾਨਤ ਕੀਤਾ ਗਿਆ।

# ਰੋਟਰੀ ਕਲੱਬ ਬੰਗਾ ਵਲੋਂ ਡਿਸਪੈਂਸਰੀ ਨੂੰ ਦਵਾਈਆਂ ਦਾਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**-ਰੋਟਰੀ ਕਲੱਬ ਬੰਗਾ ਜੋ ਕਿ ਨਗਰ ਵਿਚ ਸਮਾਜ ਸੇਵਾ ਦੇ ਵੱਖ ਵੱਖ ਕੰਮ ਕਰਦਾ ਰਹਿੰਦਾ ਹੈ, ਵਲੋਂ ਅੱਜ ਤਪ ਅਸਥਾਨ ਸ਼੍ਰੀ ਨਾਭ ਕੰਵਲ ਰਾਜਾ ਸਾਹਿਬ, ਗੁਰੂਦਵਾਰਾ ਸਰੋਵਰ ਸਾਹਿਬ, ਗੁਣਾਚੌਰ ਵਿਚ ਪ੍ਰਬੰਧਕ ਕਮੇਟੀ ਵਲੋਂ ਚਲਾਈ ਜਾ ਰਹੀ ਮੁਫ਼ਤ ਡਿਸਪੈਂਸਰੀ ਨੂੰ ਦਵਾਈਆਂ ਪ੍ਰਦਾਨ ਕੀਤੀਆਂ ਗਈਆਂ। ਇਸ ਡਿਸਪੈਂਸਰੀ ਵਿਚ ਲੋੜਬੰਦ ਮਰੀਜਾਂ ਨੂੰ ਮੁਫ਼ਤ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਂ ਰਹੀਆਂ ਹਨ। ਕਲੱਬ ਦੇ ਪ੍ਰਧਾਨ ਗੁਰਜੰਟ ਸਿੰਘ ਦੀ ਅਗਵਾਈ ਵਿਚ ਰੋਟਰੀ ਟੀਮ ਦੇ ਮੈਂਬਰ ਉਥੇ ਪਹੁੰਚੇ ਅਤੇ ਉਨ੍ਹਾਂ ਨੇ ਇਸ ਸਹੂਲਤ ਉੱਤੇ ਤਸੱਲੀ ਪ੍ਰਗਟ ਕੀਤੀ। ਇਸ ਪ੍ਰੋਜੈਕਟ ਦੇ ਚੇਅਰਮੈਨ ਅਤੇ ਸਪਾਂਸਰ ਰੋਟੋ। ਮਨਧੀਰ ਸਿੰਘ ਚੱਠਾ ਸਨ ਜੋ ਕਿ ਆਪਣੇ ਇਲਾਕੇ ਵਿਚ ਵੱਖ ਵੱਖ ਸਮਾਜ ਸੇਵਾ ਦੇ ਕੰਮਾਂ ਲਈ ਹਮੇਸ਼ਾਂ ਤਤਪਰ ਰਹਿੰਦੇ ਹਨ। ਇਸ ਸਮੇਂ ਡਿਸਪੈਂਸਰੀ ਦੇ ਡਾਕਟਰ ਹਰਜਿੰਦਰ ਸਿੰਘ, ਰੋਟੋ ਗੁਰਜੰਟ ਸਿੰਘ, ਪ੍ਰਧਾਨ, ਰੋਟੋ ਮਨਧੀਰ ਸਿੰਘ ਚੱਠਾ, ਰੋਟੋ। ਸੁਰਜੀਤ ਸਿੰਘ ਬੀਸਲਾ, ਰੋਟੋ ਸੁਰਿੰਦਰ ਪਾਲ ਖੇਪੜ, ਰੋਟੋ। ਸਰਨਜੀਤ ਸਿੰਘ, ਰੋਟੋ। ਸ਼ਮਸ਼ਾਦ ਅਲੀ, ਰੋਟੋ. ਰਾਜ ਕੁਮਾਰ ਬਜ਼ਾੜ, ਰੋਟੋ ਭੁਪਿੰਦਰ ਸਿੰਘ, ਰੋਟੋ ਇੰਦਰਜੀਤ ਸਿੰਘ, ਪ੍ਰਬੰਧਕ ਕਮੇਟੀ ਦੇ ਮੈਂਬਰ ਮਾਸਟਰ ਅਜੀਤ ਸਿੰਘ, ਰਾਜਵਿੰਦਰ ਸ਼ੇਰਗਿੱਲ, ਪਰਮਜੀਤ ਸਿੰਘ ਆਦਿ ਹਾਜਰ ਸਨ।




"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖ਼ਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਪਾਕਿਸਤਾਨ ਸਥਿਤ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਮਲਕਪੁਰ ਤੋਂ ਰਵਾਨਾ ਹੋਇਆ ਸਿੱਖ ਸ਼ਰਧਾਲੂਆਂ ਦਾ ਜੱਥਾ




**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਬਾਜਵਾ ਦੀ ਅਗਵਾਈ ਹੇਠ ਪਿੰਡ ਮਲਕਪੁਰ ਤੋਂ ਸਿੱਖ ਸੰਗਤਾਂ ਦਾ ਇਕ ਜੱਥਾ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨਾਂ ਲਈ ਰਵਾਨਾ ਹੋਇਆ। ਜੱਥੇ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸਿੰਘ ਸ੍ਰੀ ਸਿੰਘ ਸਭਾ ਪਿੰਡ ਮਲਕਪੁਰ ਦੇ ਹੈਂਡ ਗ੍ਰੰਥੀ ਭਾਈ ਜਸਵਿੰਦਰ ਸਿੰਘ ਨੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਰਾਏ ਸਾਥੀਆਂ ਸਮੇਤ ਪਹੁੰਚੇ ਅਤੇ ਸੰਗਤਾਂ ਨੂੰ ਸ਼ੁੱਭ ਇੱਛਾਵਾਂ ਦਿੱਤੀਆਂ। ਮਨਜੀਤ ਸਿੰਘ ਰਾਏ ਨੇ ਸ਼ਰਧਾਲੂਆਂ ਦੀ ਬੱਸ ਨੂੰ ਰਵਾਨਾ ਕਰਨ ਸਮੇਂ ਕਿਹਾ ਕਿ ਭਾਗਾਂ ਨਾ ਹੀ ਗੁਰੂ ਘਰਾਂ ਦੇ ਦਰਸ਼ਨਾਂ ਦਾ ਸੁਭਾਗ ਮਿਲਦਾ ਹੈ। ਉਹਨਾਂ ਸਮੂਹ ਸੰਗਤ ਨੂੰ ਪੂਰੀ ਸ਼ਰਧਾ ਦੇ ਨਾਲ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਇਸ ਪਾਵਨ ਅਸਥਾਨ ਦੇ ਦਰਸ਼ਨ ਕਰਨ ਲਈ ਪ੍ਰੇਰਿਆ। ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਜੱਥੇ ਵਿਚ ਸੀਨੀਅਰ ਕਿਸਾਨ ਆਗੂ ਹਰਦੀਪ ਸਿੰਘ ਨਸੀਰਾਬਾਦ, ਸਤਵਿੰਦਰ ਸਿੰਘ ਸਾਬਕਾ ਸਰਪੰਚ, ਗੁਰਮੇਜ ਸਿੰਘ, ਨਿਰਮਲ ਸਿੰਘ, ਦਿਲਬਾਗ ਸਿੰਘ, ਗੁਰਨਾਮ ਸਿੰਘ, ਮਨਸਿਮਰਨ ਸਿੰਘ, ਅਮਨਦੀਪ ਸਿੰਘ ਘੁੰਮਣ, ਸਤਵੰਤ ਸਿੰਘ ਬਾਜਵਾ, ਲਖਵਿੰਦਰ ਸਿੰਘ, ਦਵਿੰਦਰ ਸਿੰਘ, ਸਿਮਰਨਜੀਤ ਕੌਰ ਢਿੱਲੋਂ, ਜਸਵਿੰਦਰ ਸਿੰਘ ਰਾਮਪੁਰ ਸੁੰਨੜਾ, ਰਮਨਦੀਪ ਕੌਰ, ਮਨਪ੍ਰੀਤ ਕੌਰ, ਸੁਖਜਿੰਦਰ ਕੌਰ ਬਾਜਵਾ, ਰਾਜਵਿੰਦਰ ਕੌਰ, ਪ੍ਰਦੀਪ ਕੌਰ ਕੰਗਨੀਵਾਲ, ਬਲਦੇਵ ਸਿੰਘ, ਮਨਵੀਰ ਕੌਰ, ਗੁਰਨਾਮ ਸਿੰਘ, ਖੁਸ਼ਪ੍ਰੀਤ ਸਿੰਘ, ਰਮਨਪ੍ਰੀਤ ਸਿੰਘ, ਰਜਿੰਦਰ ਕੌਰ ਆਦਿ ਸ਼ਾਮਲ ਸਨ।

# ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਦਾ ਫਗਵਾੜਾ ਪਹੁੰਚਣ 'ਤੇ ਕੀਤਾ ਨਿੱਘਾ ਸਵਾਗਤ

## ਵਿਸ਼ਵ ਭਰ ਵਿੱਚ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਨਿਰੰਤਰ ਯਤਨਾਂ ਦੀ ਲੋੜ – ਡਾ. ਕਥੂਰੀਆ



**ਫਗਵਾੜਾ 19 ਦਸੰਬਰ (ਬੀ.ਕੇ. ਰੱਤੂ)** ਪੰਜਾਬੀ ਲੇਖਕਾਂ ਅਤੇ ਪੰਜਾਬੀ ਪਿਆਰਿਆਂ ਨਾਲ ਕੀਤੀ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਵਿਸ਼ਵ ਪੰਜਾਬੀ ਸਭਾ, ਕੈਨੇਡਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਵਿਸ਼ਵ ਭਰ ਵਿੱਚ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਨਿਰੰਤਰ ਯਤਨਾਂ ਦੀ ਲੋੜ ਹੈ। ਇਸੇ ਲੋੜ ਨੂੰ ਧਿਆਨ 'ਚ ਰੱਖਦਿਆਂ ਕੈਨੇਡਾ ਵਿੱਚ ਵਿਸ਼ਵ ਪੰਜਾਬੀ ਸਭਾ ਦਾ ਗਠਨ ਕੀਤਾ ਗਿਆ ਹੈ ਜੋ ਕਿ ਵਿਸ਼ਵ ਭਰ 'ਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਕੰਮ ਕਰ ਰਹੇ ਲੋਕਾਂ, ਸੰਸਥਾਵਾਂ ਨੂੰ ਇੱਕ ਪਲੇਟਫਾਰਮ ਉਤੇ ਲਿਆਏਗੀ। ਇਸੇ ਮੰਤਵ ਨਾਲ ਪੰਜਾਬ ਭਵਨ ਬਰੈਂਪਟਨ ਵਿਖੇ ਪੰਜਾਬ ਭਵਨ ਉਸਾਰਿਆ ਗਿਆ ਹੈ ਅਤੇ ਵੱਖੋ-ਵੱਖਰੇ ਦੇਸ਼ਾਂ ਖਾਸ ਕਰਕੇ ਪੰਜਾਬ 'ਚ ਇਸ ਸੰਸਥਾ ਦੀਆਂ ਸਰਗਰਮੀਆਂ ਵਧਾਈਆਂ ਜਾ ਰਹੀਆਂ ਹਨ। ਫਗਵਾੜਾ ਵਿਖੇ ਡਾ: ਦਲਬੀਰ ਸਿੰਘ ਕਥੂਰੀਆ ਅਤੇ ਬਲਬੀਰ ਕੌਰ ਰਾਏਕੋਟੀ ਪ੍ਰਧਾਨ ਪੰਜਾਬ ਚੈਪਟਰ ਦਾ ਸਕੇਪ ਸਾਹਿੱਤਕ ਸੰਸਥਾ ਦੇ ਪ੍ਰਧਾਨ ਪਰਵਿੰਦਰਜੀਤ ਸਿੰਘ, ਸਾਬਕਾ ਪ੍ਰਧਾਨ ਬਲਦੇਵ ਰਾਜ ਕੋਮਲ , ਸਾਬਕਾ ਪ੍ਰਧਾਨ ਰਵਿੰਦਰ ਚੋਟ, ਸਾਬਕਾ ਪ੍ਰਧਾਨ ਕਰਮਜੀਤ ਸਿੰਘ ਸੰਧੂ, ਸੁਖਵਿੰਦਰ ਸਿੰਘ ਪ੍ਰਧਾਨ ਸਰਬ ਨੌਜਵਾਨ ਸਭਾ, ਵਿਜੈ ਕੁਮਾਰ ਜਨਰਲ ਸਕੱਤਰ, ਮੀਤ ਪ੍ਰਧਾਨ ਰਵਿੰਦਰ ਰਾਏ ਅਤੇ ਉੱਘੇ ਵਕੀਲ ਐਸ.ਐਲ. ਵਿਰਦੀ ਅਤੇ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਸਵਾਗਤ ਕੀਤਾ।

ਇਸ ਸਮੇਂ ਬੋਲਦਿਆਂ ਐਡਵੋਕੇਟ ਐਸ. ਐਲ. ਵਿਰਦੀ ਨੇ ਕਿਹਾ ਕਿ ਫਗਵਾੜਾ ਵਿਦਿਅਕ, ਸਾਹਿੱਤਕ, ਸਭਿਆਚਾਰਕ ਸਰਗਰਮੀਆਂ ਦਾ ਧੁਰਾ ਹੈ ਅਤੇ ਇਥੋਂ ਦੇ ਲੇਖਕ, ਚਿੰਤਕ, ਲਗਾਤਾਰ ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਲਈ ਯਤਨਸ਼ੀਲ ਹਨ।

ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਫਗਵਾੜਾ ਦੀਆਂ ਸਾਹਿੱਤਕ, ਸਮਾਜਿਕ ਸੰਸਥਾਵਾਂ ਵਿਸ਼ਵ ਪੱਧਰ 'ਚ ਡਾ: ਦਲਬੀਰ ਸਿੰਘ ਕਥੂਰੀਆ, ਸੁੱਖੀ ਬਾਠ ਅਤੇ ਹੋਰ ਸ਼ਖ਼ਸੀਅਤਾਂ ਵਲੋਂ ਆਰੰਭੀਆਂ ਸਰਗਰਮੀਆਂ ਨਾਲ ਸਾਂਝ ਪਾਕੇ ਖੁਸ਼ੀ ਮਹਿਸੂਸ ਕਰਦੀਆਂ ਹਨ। ਇਸ ਸਮੇਂ ਹੋਰਨਾਂ ਤੋਂ ਬਿਨ੍ਹਾਂ ਸੰਧੂ ਵਰਿਆਣਵੀ, ਕੰਵਲਜੀਤ ਸਿੰਘ ਲੱਕੀ ਲੁਧਿਆਣਾ, ਗੁਰਸੇਵਕ ਸਿੰਘ ਜਲੰਧਰ, ਅਮਰਜੋਤ ਸਿੰਘ ਜਲੰਧਰ, ਮਨਦੀਪ ਬਾਸੀ ਆਦਿ ਹਾਜ਼ਰ ਸਨ।

ਇਸ ਸਮੇਂ ਡਾ: ਦਲਬੀਰ ਸਿੰਘ ਕਥੂਰੀਆ ਅਤੇ ਬਲਬੀਰ ਕੌਰ ਰਾਏਕੋਟੀ ਨੂੰ ਪੁਸਤਕਾਂ ਦਾ ਸੈਟ ਅਤੇ ਦੁਸ਼ਾਲੇ ਦੇ ਕੇ ਸਨਮਾਨਤ ਕੀਤਾ ਗਿਆ।







# ਨਿਊਜ਼ੀਲੈਂਡ ਕਬੱਡੀ ਕੱਪ ਦੇ ਸਟਾਰ ਖਿਡਾਰੀ ਫਰਿਆਦ ਦਾ ਆਦਮਪੁਰ ਪੁੱਜਣ ਤੇ ਸ਼ਾਨਦਾਰ ਸਵਾਗਤ

## ਸ਼ਾਮ 84 ਕਠਾਰ ਰੋਡ ਤੇ ਪੈਂਦੇ ਪਿੰਡ ਭਗਵਾਨਪੁਰ ਦਾ ਹੈ ਵਾਸੀ





**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਨਿਊਜ਼ੀਲੈਂਡ ਵਿੱਚ ਹੋਏ ਕਬੱਡੀ ਕੱਪ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰਨ ਉਪਰੰਤ ਅੱਜ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਫਰਿਆਦ ਭਗਵਾਨਪੁਰੀਆ ਦੇ ਵਾਪਿਸ ਆਦਮਪੁਰ ਪੁੱਜਣ ਤੇ ਇਲਾਕਾ ਨਿਵਾਸੀਆਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਜਿਕਰਯੋਗ ਹੈ ਕਿ ਕਬੱਡੀ ਜਗਤ ਵਿਚ ਫਰਿਆਦ ਇਕ ਵੱਡਾ ਨਾਮ ਹੈ ਜਿਸਨੇ ਕਠਾਰ - ਸ਼ਾਮ ਚੁਰਾਸੀ ਰੋਡ ਲਾਗਲੇ ਇੱਕ ਛੋਟੇ ਜਿਹੇ ਪਿੰਡ ਭਗਵਾਨਪੁਰ ਵਿੱਚ ਰਹਿੰਦੇ ਹੋਏ ਅਤੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹੋਏ ਕਬੱਡੀ ਦੇ ਸਿਖਰਾਂ ਨੂੰ ਛੂਹਿਆ ਹੈ। ਫਰਿਆਦ ਦੇ ਸ਼ਗਿਰਦਾਂ ਤੇ ਦੋਸਤਾਂ ਨੇ ਓਹਦੇ ਜਿੱਤ ਕੇ ਆਉਣ ਦੀ ਖੁਸ਼ੀ ਵਿੱਚ ਆਦਮਪੁਰ ਤੋਂ ਭਗਵਾਨਪੁਰ ਤੱਕ ਟਰੈਕਟਰਾਂ ਅਤੇ ਕਾਰਾਂ ਵਿਚ ਮਾਰਚ ਕੱਢਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਲੈਕਚਰਾਰ ਗੁਰਿੰਦਰ ਸਿੰਘ ਨੇ ਦੱਸਿਆ ਕਿ ਫਰਿਆਦ ਸਾਡੇ ਇਲਾਕੇ ਵਿਚ ਕਬੱਡੀ ਦਾ ਥੰਮ ਹੈ।

ਫਰਿਆਦ ਨੇ ਵੱਡੇ ਟੂਰਨਾਮੈਂਟਾਂ ਵਿਚ ਜਿੱਥੇ ਮੋਟਰ ਸਾਈਕਲ, ਨਗਦ ਰਾਸ਼ੀ ਆਦਿ ਵੱਡੇ ਵੱਡੇ ਇਨਾਮ ਜਿੱਤੇ ਹਨ, ਉਥੇ ਹੀ ਨਿਊਜ਼ੀਲੈਂਡ ਵਿਚ ਵਧੀਆ ਖੇਡ ਦਾ ਪ੍ਰਦਰਸ਼ਨ ਕਰਕੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਓਹਨਾਂ ਦਸਿਆ ਕਿ ਫਰਿਆਦ ਤੇ ਉਸਦਾ ਵੱਡਾ ਭਰਾ ਲਤੀਫ਼ ਮੁਹੰਮਦ ਸੈਂਕੜੇ ਨੌਜਵਾਨਾਂ ਨੂੰ ਮੁਫ਼ਤ ਕਬੱਡੀ ਦੀ ਟ੍ਰੇਨਿੰਗ ਦੇ ਕੇ ਓਹਨਾਂ ਦੀ ਜਿੰਦਗੀ ਨੂੰ ਵੀ ਵਧੀਆ ਬਣਾ ਰਹੇ ਹਨ। ਏਸ ਮੌਕੇ ਇਲਾਕਾ ਨਿਵਾਸੀਆਂ ਨੇ ਸਰਕਾਰਾਂ ਤੋਂ ਮੰਗ ਕੀਤੀ ਹੈ ਕਿ ਫਰਿਆਦ ਨੂੰ ਕਬੱਡੀ ਟ੍ਰੇਨਰ ਦੀ ਸਰਕਾਰੀ ਨੌਕਰੀ ਦਿੱਤੀ ਜਾਵੇ ਤਾਂ ਜੋ ਪੰਜਾਬ ਦੀ ਮਾਂ ਖੇਡ ਕਬੱਡੀ ਨੂੰ ਤਕੜਾ ਹੁਲਾਰਾ ਮਿਲੇ।

# ਕਿਸਾਨਾਂ ਨੂੰ ਗੁਲਾਬੀ ਸੁੰਡੀ ਦੇ ਹਮਲੇ ਸਬੰਧੀ ਜਾਗਰੂਕ ਕਰਨ ਲਈ ਖੇਤੀ ਮਾਹਿਰਾਂ ਦੀ ਟੀਮ ਵੱਲੋਂ ਪ੍ਰਭਾਵਿਤ ਫ਼ਸਲ ਦਾ ਸਰਵੇਖਣ

**ਛਾਜਲੀ/ਸੰਗਰੂਰ, (ਦਲਜੀਤ ਕੌਰ)–** ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਿਰਾਂ ਉਤੇ ਆਧਾਰਿਤ ਟੀਮ ਵੱਲੋਂ ਅੱਜ ਛਾਜਲੀ ਵਿਖੇ ਪ੍ਰਭਾਵਿਤ ਫ਼ਸਲ ਦਾ ਨਿਰੀਖਣ ਕੀਤਾ ਗਿਆ। ਇਸ ਟੀਮ ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸੀਨੀਅਰ ਕੀਟ ਵਿਗਿਆਨੀ ਡਾ. ਬੇਅੰਤ ਸਿੰਘ ਦੇ ਨਾਲ ਡਾ. ਹਰੀ ਰਾਮ ਸਹਾਰਨ, ਸੀਨੀਅਰ ਫਸਲ ਵਿਗਿਆਨੀ, ਮੁੱਖ ਖੇਤੀਬਾੜੀ ਅਫ਼ਸਰ ਡਾ. ਹਰਬੰਸ ਸਿੰਘ ਚਹਿਲ ਅਤੇ ਕਗਾਰ ਪੱਧਰ ਤੋਂ ਵਧੇਰੇ ਪਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਖੇਤੀ ਮਾਹਿਰਾਂ ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਇਸ ਸਬੰਧੀ ਘਬਰਾਉਣ ਦੀ ਬਜਾਏ ਆਪਣੀ ਫਸਲ ਦਾ ਲਗਾਤਾਰ ਨਿਰੀਖਣ ਕੀਤਾ ਜਾਵੇ, ਜੇਕਰ ਕਣਕ ਦੀ ਫਸਲ ਵਿੱਚ ਸੁੰਡੀ ਦਾ ਹਮਲਾ ਦੇਖਣ ਨੂੰ ਮਿਲਦਾ ਹੈ ਤਾਂ ਤੁਰੰਤ ਵਿਭਾਗ ਨਾਲ ਤਾਲਮੇਲ ਕੀਤਾ ਜਾਵੇ ਤਾਂ ਜੋ ਸਮੇਂ ਸਿਰ ਇਸ ਦੀ ਰੋਕਥਾਮ ਲਈ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਸ਼ੁਦਾ ਕੀਟਨਾਸ਼ਕਾਂ ਦੀ ਇਸ ਉੱਪਰ ਸਪਰੇਅ ਕਰਕੇ ਇਸ ਉਤੇ ਕਾਬੂ



ਕੇ।ਵੀ।ਕੇ।, ਸੰਗਰੂਰ ਦੇ ਡਿਪਟੀ ਡਾਇਰੈਕਟਰ ਡਾ. ਮਨਦੀਪ ਸਿੰਘ ਸ਼ਾਮਲ ਸਨ। ਇਸ ਟੀਮ ਨੇ ਪਿੰਡ ਵਿੱਚ ਮੌਜੂਦ ਕਿਸਾਨਾਂ ਨੂੰ ਇਸ ਦੇ ਢੁਕਵੇਂ ਹੱਲ ਦੱਸੇ।

ਟੀਮ ਦੇ ਦੌਰੇ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫਸਰ ਡਾ. ਹਰਬੰਸ ਸਿੰਘ ਚਹਿਲ ਨੇ ਦੱਸਿਆ ਕਿ ਇਸ ਸਾਲ ਕਣਕ ਦੀ ਵਧੇਰੇ ਬਿਜਾਈ ਨਵੰਬਰ ਦੇ ਪਹਿਲੇ ਪੰਦਰਵਾੜੇ ਵਿੱਚ ਕੀਤੀ ਗਈ ਹੈ ਜਿਸ ਨੂੰ ਕਿਸਾਨਾਂ ਵੱਲੋਂ ਹੁਣ ਪਹਿਲਾ ਪਾਣੀ ਲਗਾਇਆ ਜਾ ਰਿਹਾ ਹੈ ਅਤੇ ਫਸਲ ਚੰਗੀ ਹਾਲਤ ਵਿੱਚ ਹੈ ਪਰੰਤੂ ਕੁਝ ਰਕਬੇ, ਜਿਨ੍ਹਾਂ ਦੀ ਬਿਜਾਈ ਅਕਤੂਬਰ ਵਿੱਚ ਹੋਈ ਹੈ, ਉੱਪਰ ਗੁਲਾਬੀ ਸੁੰਡੀ ਦਾ ਹਮਲਾ ਵੇਖਣ ਨੂੰ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਡਾਇਰੈਕਟਰ ਖੇਤੀਬਾੜੀ, ਪੰਜਾਬ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ਾਂ ਤਹਿਤ ਕਿਸਾਨਾਂ ਨੂੰ ਗੁਲਾਬੀ ਸੁੰਡੀ ਦੇ ਹਮਲੇ ਸਬੰਧੀ ਜਾਗਰੁਕ ਕਰਨ ਲਈ ਵਿਭਾਗ ਦੇ ਖੇਤੀ ਮਾਹਿਰਾਂ ਵੱਲੋਂ ਕਿਸਾਨਾਂ ਦੀ ਪ੍ਰਭਾਵਿਤ ਫ਼ਸਲ ਦਾ ਸਰਵੇਖਣ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਅੰਦਰ ਹੁਣ ਤੱਕ ਲਗਭਗ 100 ਏਕੜ ਰਕਬੇ ਉੱਪਰ ਗੁਲਾਬੀ ਸੁੰਡੀ ਦਾ ਹਮਲਾ ਪਾਇਆ ਗਿਆ ਹੈ ਜਿਨ੍ਹਾਂ ਵਿੱਚੋਂ ਸਿਰਫ਼ 15 ਏਕੜ ਰਕਬੇ ਉੱਪਰ ਹੀ ਹਮਲਾ ਆਰਥਕ ਪਾਇਆ ਜਾ ਸਕੇ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਮੇਂ ਕਣਕ ਦੇ ਪੀਲੇ ਪੈਣ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਕਿ ਤੱਤਾਂ ਦੀ ਘਾਟ, ਸਿੰਚਾਈ ਲਈ ਜ਼ਿਆਦਾ ਪਾਣੀ ਦੀ ਵਰਤੋਂ, ਉੱਲੀ ਰੋਗ, ਗੈਰ ਸਿਫਾਰਿਸ਼ਸੁਦਾ ਕੀਟਨਾਸ਼ਕਾਂ ਦੀ ਵਰਤੋਂ ਆਦਿ ਜੋ ਕਿ ਫਸਲ ਦਾ ਚੰਗੀ ਤਰ੍ਹਾਂ ਮੁਆਇਨਾ ਕਰਨ 'ਤੇ ਹੀ ਪਤਾ ਲਗਾਏ ਜਾ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਗੁਲਾਬੀ ਸੁੰਡੀ ਦੇ ਹਮਲੇ ਵਾਲੇ ਖੇਤ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਕਣਕ ਦੀ ਫਸਲ ਨੂੰ ਪਾਣੀ ਦਿਨ ਸਮੇਂ ਲਗਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਕਿਉਂਕਿ ਪੰਛੀ ਸੁੰਡੀ ਨੂੰ ਕੰਟਰੋਲ ਕਰਨ ਵਿੱਚ ਸਹਾਈ ਹੁੰਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਖੇਤ ਵਿੱਚ ਜ਼ਿਆਦਾ ਹਮਲਾ ਪਾਇਆ ਜਾਂਦਾ ਹੈ ਤਾਂ 1 ਲੀਟਰ ਕਲੋਰੋਪਾਈਰੋਫਾਸ 20% ਈਸੀ ਜਾਂ 7 ਕਿੱਲੋ ਫਿਪਰੋਨਿਲ 0.3% ਨੂੰ 20 ਕਿੱਲੋ ਮਿੱਟੀ ਵਿੱਚ ਰਲਾ ਕੇ ਪਹਿਲੇ ਪਾਣੀ ਤੋਂ ਪਹਿਲਾਂ ਛਿੜਕਾਅ ਕਰਕੇ ਇਸਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ 50 ਮਿ।ਲੀ। ਕਲੋਰੈਂ-ਟਰਾਨੀਲੀਪਰੋਲ 18.5% ਐਸਸੀ ਦਾ 80—100 ਲੀਟਰ ਪਾਣੀ ਵਿੱਚ ਘੋਲ ਬਣਾ ਕੇ ਸਪਰੇਅ ਵੀ ਕੀਤੀ ਜਾ ਸਕਦੀ ਹੈ।

# ਮੁੱਖ ਮੰਤਰੀ ਪੰਜਾਬ ਨੇ ਆਪਣੇ ਕੈਬਨਿਟ ਮੰਤਰੀਆਂ ਅਤੇ ਅਧਿਕਾਰੀਆਂ ਸਮੇਤ ਸੰਯੁਕਤ ਕਿਸਾਨ ਮੋਰਚਾ ਨਾਲ ਵਿਸਥਾਰ ਸਹਿਤ ਕਿਸਾਨੀ ਮਸਲੇ ਵਿਚਾਰੇ

**ਚੰਡੀਗੜ੍ਹ, (ਦਲਜੀਤ ਕੌਰ)** ਅੱਜ ਪੰਜਾਬ ਭਵਨ ਵਿਖੇ ਸੰਯੁਕਤ ਕਿਸਾਨ ਮੋਰਚਾ ਪੰਜਾਬ ਵਿੱਚ ਸ਼ਾਮਿਲ ਜਥੇਬੰਦੀਆਂ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਪੈਨਲ ਮੀਟਿੰਗ ਹੋਈ। ਮੀਟਿੰਗ ਵਿੱਚ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਐਨ ਆਰ ਆਈ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਮੁੱਖ ਸਕੱਤਰ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ। ਮੀਟਿੰਗ ਵਿੱਚ ਕਿਸਾਨਾਂ ਦੇ ਮੰਗਾਂ ਮਸਲਿਆਂ ਨੂੰ ਸਮਾਂਬੱਧ ਤਰੀਕੇ ਨਾਲ ਹੱਲ ਕਰਨ ਲਈ ਇੱਕ ਸਬ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ।ਇਸ ਕਮੇਟੀ ਵਿੱਚ ਸੂਬੇ ਦੇ ਖੇਤੀਬਾੜੀ ਮੰਤਰੀ ਤੋਂ ਇਲਾਵਾ ਤਿੰਨ ਅਧਿਕਾਰੀ ਅਤੇ ਸੰਯੁਕਤ ਕਿਸਾਨ ਮੋਰਚਾ ਦੇ ਪੰਜ ਕਿਸਾਨ ਆਗੂ ਸ਼ਾਮਲ ਹੋਣਗੇ। ਸੰਯੁਕਤ ਕਿਸਾਨ ਮੋਰਚਾ ਵਲੋਂ ਇਨ੍ਹਾਂ ਪੰਜ ਆਗੂਆਂ ਦੇ ਨਾਂ ਮੀਟਿੰਗ ਕਰਕੇ ਤੈਅ ਕਰਨ ਮਗਰੋਂ ਦਿੱਤੇ ਜਾਣਗੇ।

ਮੀਟਿੰਗ ਵਿੱਚ ਕਿਸਾਨ ਜਥੇਬੰਦੀਆਂ ਦੀ ਇੱਕ ਅਹਿਮ ਮੰਗ ਦਿੱਲੀ ਮੋਰਚੇ ਦੇ ਸ਼ਹੀਦ ਕਿਸਾਨ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਨੌਕਰੀਆਂ ਦੇਣ ਬਾਰੇ ਸੀ। ਇਸ ਬਾਰੇ ਸੰਯੁਕਤ ਕਿਸਾਨ ਮੋਰਚਾ ਵੱਲੋਂ ਵਿਸਥਾਰ ਵਿੱਚ ਮੁੱਖ ਮੰਤਰੀ ਦੇ ਧਿਆਨ ਵਿੱਚ ਮਾਮਲਾ ਲਿਆਉਣ ਮਗਰੋਂ ਪੰਜਾਬ ਸਰਕਾਰ ਨੇ ਸੂਬਾਈ ਪੱਧਰ ਤੇ ਵਿਸ਼ੇਸ਼ ਖੇਤੀਬਾੜੀ ਸਕੱਤਰ ਸ੍ਰੀ ਸਈਅਮ ਅਗਰਵਾਲ ਨੂੰ ਨੋਡਲ ਅਫਸਰ ਨਿਯੁਕਤ ਕਰਕੇ 31 ਮਾਰਚ ਤੱਕ ਇਹ ਮਾਮਲਾ ਹੱਲ ਕਰਨ ਦੀ ਹਦਾਇਤ ਕੀਤੀ ਗਈ।ਇਸੇ ਤਰ੍ਹਾਂ ਪੁਲਿਸ ਕੇਸਾਂ ਦੇ ਨਿਪਟਾਰੇ ਲਈ ਪੁਲਿਸ ਅਧਿਕਾਰੀ ਜਸਕਰਨ ਸਿੰਘ ਨੂੰ ਨੋਡਲ ਅਫਸਰ ਨਿਯੁਕਤ ਕੀਤਾ ਗਿਆ ਹੈ।

ਕਿਸਾਨਾਂ ਸਿਰ ਚੜੇ ਕਰਜ਼ੇ ਦੇ ਮਾਮਲੇ ਵਿੱਚ ਮੁੱਖ ਮੰਤਰੀ ਪੰਜਾਬ ਨੇ ਕਿਸਾਨਾਂ ਨੂੰ ਫੌਰੀ ਰਾਹਤ ਵਜੋਂ ਸਹਿਕਾਰੀ ਅਦਾਰਿਆਂ ਦੇ ਕਰਜ਼ੇ ਦੇ ਨਿਪਟਾਰੇ ਲਈ ਇੱਕ ਮੁਸ਼ਤ ਕਰਜ਼ ਨਿਬੇੜੂ ਯੋਜਨਾ ਲਈ ਸਿਧਾਂਤਕ ਸਹਿਮਤੀ ਦਿੰਦਿਆਂ ਵੀ ਮੁੱਖ ਸਕੱਤਰ ਨੂੰ ਇਸ ਸਬੰਧੀ ਦੂਜੇ ਬੈਂਕਾਂ ਦੀ ਇਸ ਸਬੰਧੀ ਨੀਤੀ ਅਤੇ ਨਾਬਾਰਡ ਨਾਲ ਸਲਾਹ ਮਸ਼ਵਰਾ ਕਰਕੇ ਜ਼ਰੂਰੀ ਕਦਮ ਚੁੱਕਣ ਦੀ ਹਦਾਇਤ ਮੌਕੇ ਤੇ ਜਾਰੀ ਕੀਤੀ।

ਜ਼ਮੀਨਾਂ ਦੇ ਤਕਸੀਮ ਦੇ ਕੇਸਾਂ ਬਾਰੇ ਸੰਯੁਕਤ ਕਿਸਾਨ ਮੋਰਚੇ ਨੇ ਮੰਗ ਕੀਤੀ ਕਿ ਜਿੱਥੇ ਕੋਈ ਵਿਵਾਦ ਨਹੀਂ ਹੈ, ਉਹ ਤਕਸੀਮ ਦੇ ਕੇਸ ਪਿੰਡਾਂ ਵਿੱਚ ਕੈਂਪ ਲਗਾ ਕੇ ਸਮਾਂ-ਬੱਧ ਤਰੀਕੇ ਨਾਲ ਹੱਲ ਕੀਤੇ ਜਾਣ ਅਤੇ ਸਮੇਂ ਸਿਰ ਕਾਰਵਾਈ ਨਾ ਕਰਨ ਵਾਲੇ ਅਫਸਰਾਂ ਤੇ ਵਿਭਾਗੀ ਕਾਰਵਾਈ ਕੀਤੀ ਜਾਵੇ। ਮੁੱਖ ਮੰਤਰੀ ਸਾਹਿਬ ਨੇ ਵਾਅਦਾ ਕੀਤਾ ਕਿ ਪਿੰਡਾਂ ਵਿੱਚ 01/01/2024 ਤੋਂ 13/04/2024 ਤੱਕ ਕੈਂਪ ਲਗਾ ਕੇ ਤਕਸੀਮ ਬਗੈਰਾ ਦੇ ਨਿਰਵਿਵਾਦ ਕੇਸ ਹੱਲ ਕੀਤੇ ਜਾਣਗੇ। ਸਰਹੰਦ ਫੀਡਰ ਤੇ ਲਿਫਟ ਪੰਪਾਂ ਵਾਲੀਆਂ ਮੋਟਰਾਂ ਬਾਰੇ ਸੰਯੁਕਤ ਕਿਸਾਨ ਮੋਰਚੇ ਦੀ ਮੰਗ ਤੇ ਵਾਅਦਾ ਕੀਤਾ ਗਿਆ ਕਿ ਇੱਕ ਜਨਵਰੀ ਤੋਂ ਇਹਨਾਂ ਮੋਟਰਾਂ ਨੂੰ ਖੇਤੀਬਾੜੀ ਕਨੈਕਸ਼ਨ ਐਲਾਨ ਕੇ ਬਿੱਲ ਮਾਫ ਕਰ ਦਿੱਤੇ ਜਾਣਗੇ।

ਸੰਯੁਕਤ ਕਿਸਾਨ ਮੋਰਚੇ ਵੱਲੋਂ ਮੰਗ ਕੀਤੀ ਗਈ ਸੀ ਕਿ ਖਾਦਾਂ ਦੇ ਨਾਲ ਨੈਨੋ ਪੈਕਿੰਗ ਦੇਣੀ ਬੰਦ ਕੀਤੀ ਜਾਵੇ। ਇਸ ਤੇ ਤੁਰੰਤ ਪਾਬੰਦੀ ਲਾਉਣ ਦਾ ਫੈਸਲਾ ਕਰਕੇ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਨੂੰ ਇਸ ਉੱਪਰ ਅਮਲ ਯਕੀਨੀ ਬਣਾਉਣ ਦਾ ਆਦੇਸ਼ ਦਿੱਤਾ ਗਿਆ। ਇਸੇ ਤਰ੍ਹਾਂ ਨਕਲੀ ਕੀੜੇ ਮਾਰ ਅਤੇ ਨਦੀਨ ਨਾਸ਼ਕ ਦਵਾਈਆਂ, ਬੀਜ ਅਤੇ ਖਾਦਾਂ ਦੇ ਮਸਲੇ ਤੇ ਮੁੱਖ ਮੰਤਰੀ ਸਾਹਿਬ ਨੇ ਮੋਬਾਇਲ ਸੈਂਪਲ ਵੈਨਾਂ ਦੇ ਪਾਇਲਟ ਪ੍ਰੋਜੈਕਟ ਨੂੰ ਸਹੀ ਢੰਗ ਨਾਲ ਲਾਗੂ ਕਰਨ ਦੇ ਨਾਲ ਹੀ ਡਾਇਰੈਕਟਰ ਖੇਤੀਬਾੜੀ ਨੂੰ ਹਦਾਇਤਾਂ ਕੀਤੀਆਂ ਕਿ ਉਲੰਘਣਾ ਕਰਨ ਵਾਲੇ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।

ਜੰਗਲੀ ਜਾਨਵਰਾਂ ਤੋਂ ਫਸਲਾਂ ਦੀ ਰਾਖੀ ਲਈ ਮੁੜ ਤੋਂ 12 ਬੋਰ ਦੇ ਹਥਿਆਰ ਦਾ ਲਾਇਸੰਸ ਦੇਣ ਅਤੇ ਪਿੰਡਾਂ ਦੇ ਕਲਸਟਰ ਬਣਾ ਸਮੁੱਚੀ ਪ੍ਰਕਿਰਿਆਂ ਨੂੰ ਸਰਲ ਬਣਾਉਣ ਦੀ ਮੰਗ ਨੂੰ ਵੀ ਮੰਨਦਿਆਂ ਹੋਇਆਂ ਇਸ ਸਬੰਧੀ ਅਧਿਕਾਰੀਆਂ ਨੂੰ ਅਗਲੀ ਕਾਰਵਾਈ ਲਈ ਦਿਸ਼ਾ ਨਿਰਦੇਸ਼ ਦਿੱਤੇ। ਅਵਾਰਾ ਪਸ਼ੂਆਂ ਅਤੇ ਕੁੱਤਿਆਂ ਦਾ 31 ਮਾਰਚ 2024 ਤੱਕ ਕੋਈ ਨਾ ਕੋਈ ਹੱਲ ਕੱਢਣ ਦਾ ਵਾਅਦਾ ਕੀਤਾ ਗਿਆ। ਸੜਕਾਂ ਤੇ ਪਸ਼ੂ ਖੁੱਲੇ ਛੱਡਣ ਵਾਲਿਆਂ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ।

ਕਿਸਾਨਾਂ ਨੂੰ ਹੜ੍ਹਾਂ ਅਤੇ ਗੜੇਮਾਰੀ ਕਾਰਨ ਖਰਾਬ ਹੋਈਆਂ ਫਸਲਾਂ ਦਾ ਮੁਆਵਜਾ 31 ਮਾਰਚ 2024 ਤੱਕ ਦੇਣ ਦਾ ਵਾਅਦਾ ਕੀਤਾ ਗਿਆ। ਗੰਨੇ ਦੇ ਖਰਾਬੇ ਲਈ ਗਿਰਦਾਵਰੀ ਕਰਨ ਸਬੰਧੀ ਚਿੱਠੀ ਜਾਰੀ ਕਰ ਦਿੱਤੀ ਗਈ ਹੈ।

ਇਸੇ ਤਰ੍ਹਾਂ ਸਹਿਕਾਰੀ ਸੁਸਾਇਟੀਆਂ ਵਿੱਚ ਨਵੇਂ ਖਾਤੇ ਖੋਲਣ ਤੇ ਲਾਈ ਪਾਬੰਦੀ ਹਟਾਉਣ ਦੀ ਮੰਗ ਨੂੰ ਮੰਨਦਿਆਂ ਇੱਕ ਜਨਵਰੀ 2024 ਤੋਂ ਇਸ ਉੱਪਰ ਲੱਗੀ ਪਾਬੰਦੀ ਹਟਾ ਦਿੱਤੀ ਜਾਵੇਗੀ ਅਤੇ ਨਵੇਂ ਕਿਸਾਨ ਸਹਿਕਾਰੀ ਸੁਸਾਇਟੀਆਂ ਦੇ ਮੈਂਬਰ ਬਣ ਸਕਣਗੇ।

ਆਬਾਦਕਾਰਾਂ ਅਤੇ ਗੰਨਾ ਕਾਸ਼ਤਕਾਰਾਂ ਦੇ ਮਸਲਿਆਂ ਸਬੰਧੀ ਵੀ ਸਰਕਾਰ ਇੱਕ ਸਬ ਕਮੇਟੀ ਬਣਾਵੇਗੀ ਅਤੇ ਜ਼ਮੀਨਾਂ ਦੇ ਮਾਹਿਰ ਵਿਅਕਤੀਆਂ ਕੋਲੋਂ ਸਲਾਹ ਮਸ਼ਵਰਾ ਲੈ ਕੇ ਮਸਲੇ ਹੱਲ ਕਰਨ ਦਾ ਯਤਨ ਕੀਤਾ ਜਾਵੇਗਾ।

ਸੰਯੁਕਤ ਕਿਸਾਨ ਮੋਰਚਾ ਵੱਲੋਂ ਮੰਗ ਕੀਤੀ ਗਈ ਸੀ ਕਿ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਸਰਕਾਰ ਪਾਣੀਆਂ ਤੇ ਮਾਲਕੀ ਦਾ ਹੱਕ ਜਤਾਵੇ ਅਤੇ ਡੈਮ ਸੇਫਟੀ ਐਕਟ ਰੱਦ ਕਰਵਾਉਣ ਲਈ ਕੇਂਦਰ ਤੇ ਜ਼ੋਰ ਪਾਵੇ। ਸਰਕਾਰ ਵੱਲੋਂ ਕਿਹਾ ਗਿਆ ਕਿ ਉਹ ਕੇਂਦਰ ਨਾਲ ਪਾਣੀਆਂ ਦੀ ਲੜਾਈ ਪੂਰੀ ਦ੍ਰਿੜਤਾ ਨਾਲ ਲੜੇਗੀ।

ਸੰਯੁਕਤ ਕਿਸਾਨ ਮੋਰਚਾ ਵੱਲੋਂ ਮੰਗ ਕੀਤੀ ਗਈ ਕਿ ਬਿਜਲੀ ਸੋਧ ਬਿੱਲ 2022 ਨੂੰ ਰੱਦ ਕਰਵਾਉਣ ਲਈ ਪੰਜਾਬ ਸਰਕਾਰ ਕੇਂਦਰ ਤੇ ਜ਼ੋਰ ਪਾਵੇ ਅਤੇ ਬਿਜਲੀ ਵੰਡ ਦੇ ਖੇਤਰ ਵਿੱਚ ਨਿੱਜੀ ਕੰਪਨੀਆਂ ਨੂੰ ਲਾਇਸੰਸ ਦੇਣ ਦੀ ਕੇਂਦਰ ਦੀ ਨੀਤੀ ਪੰਜਾਬ ਵਿੱਚ ਲਾਗੂ ਨਾ ਕੀਤੀ ਜਾਵੇ। ਇਸ ਤੇ ਮੁੱਖ ਮੰਤਰੀ ਸਾਹਿਬ ਨੇ ਕਿਹਾ ਕਿ ਪੰਜਾਬ ਵਿੱਚ ਬਿਜਲੀ ਵੰਡ ਦੇ ਖੇਤਰ ਵਿੱਚ ਨਿੱਜੀ ਕੰਪਨੀਆਂ ਨੂੰ ਦਾਖਲ ਨਹੀਂ ਕੀਤਾ ਜਾਵੇਗਾ। ਚਿਪ ਵਾਲੇ ਸਮਾਰਟ ਮੀਟਰਾਂ ਸਬੰਧੀ ਦੱਸਿਆ ਗਿਆ ਕਿ ਪੁਰਾਣੀ ਕਿਸਮ ਦੇ ਮੀਟਰ ਬਣਨੇ ਹੀ ਬੰਦ ਹੋ ਗਏ ਹਨ ਪਰ ਪੰਜਾਬ ਸਰਕਾਰ ਸਮਾਰਟ ਮੀਟਰਾਂ ਨੂੰ ਪ੍ਰੀਪੇਡ ਵਿੱਚ ਨਹੀਂ ਬਦਲੇਗੀ।

ਮੀਟਿੰਗ ਵਿੱਚ ਹਰਿੰਦਰ ਸਿੰਘ ਲੱਖੋਵਾਲ, ਹਰਮੀਤ ਸਿੰਘ ਕਾਦੀਆਂ, ਰਮਿੰਦਰ ਸਿੰਘ ਪਟਿਆਲਾ, ਬਲਦੇਵ ਸਿੰਘ ਨਿਹਾਲਗੜ੍ਹ, ਡਾਕਟਰ ਦਰਸ਼ਨ ਪਾਲ, ਜੋਗਿੰਦਰ ਸਿੰਘ ਉਗਰਾਹਾਂ, ਰੁਲਦੂ ਸਿੰਘ ਮਾਨਸਾ, ਬੂਟਾ ਸਿੰਘ ਬੁਰਜ ਗਿੱਲ, ਸੁਖ ਗਿੱਲ ਮੋਗਾ, ਅੰਗਰੇਜ਼ ਸਿੰਘ ਮੋਹਾਲੀ, ਬਲਵਿੰਦਰ ਸਿੰਘ ਮੱਲ੍ਹੀ ਨੰਗਲ, ਬਲਵਿੰਦਰ ਸਿੰਘ ਰਾਜੂ ਔਲਖ, ਸਤਨਾਮ ਸਿੰਘ ਸਾਹਨੀ, ਡਾ. ਸਤਨਾਮ ਸਿੰਘ ਅਜਨਾਲ, ਗੁਰਦਰਸ਼ਨ ਸਿੰਘ, ਬੂਟਾ ਸਿੰਘ ਸ਼ਾਦੀਪੁਰ, ਸਤਿਨਾਮ ਸਿੰਘ ਬਹਿਰੂ, ਜੰਗਵੀਰ ਸਿੰਘ ਚੌਹਾਨ, ਕੁਲਦੀਪ ਸਿੰਘ ਵਜੀਦਪੁਰ, ਬਿੰਦਰ ਸਿੰਘ ਗੋਲੇਵਾਲਾ, ਜਗਮਨਦੀਪ ਸਿੰਘ ਪੜ੍ਹੀ, ਗੁਰਵਿੰਦਰ ਸਿੰਘ ਬੱਲੋ, ਹਰਜੀਤ ਸਿੰਘ ਰਵੀ, ਨਿਰਵੈਲ ਸਿੰਘ ਡਾਲੇਕੇ, ਹਰਬੰਸ ਸਿੰਘ ਸੰਘਾ, ਕਿਰਨਜੀਤ ਸਿੰਘ ਸੇਖੋਂ ਅਤੇ ਰਛਪਾਲ ਸਿੰਘ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਨੇ ਸਮਾਜਿਕ ਅਤੇ ਪਰਿਵਾਰਿਕ ਸ਼ਾਰਟ ਫਿਲਮ 'ਘਰ ਵਾਪਸੀ' ਦਾ ਪੋਸਟਰ ਕੀਤਾ ਜਾਰੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਸਮਾਜਿਕ ਅਤੇ ਪਰਿਵਾਰਿਕ ਸ਼ਾਰਟ ਫਿਲਮ ਘਰ ਵਾਪਸੀ ਦਾ ਪੋਸਟਰ ਜਾਰੀ ਕੀਤਾ। ਮਝੂਰ ਦੋਆਬਾ ਫਿਲਮਸ ਚੈਨਲ ਵਲੋਂ ਸਮਾਜ ਨੂੰ ਸਮਰਪਿਤ ਕੀਤੀਆਂ ਪਰਿਵਾਰਿਕ ਅਤੇ ਸਮਾਜਿਕ ਸਮੱਸਿਆਵਾਂ 'ਤੇ ਉਨ੍ਹਾਂ ਦੇ ਹੱਲ ਸਬੰਧੀ ਨਵੀਂ ਪ੍ਰੇਰਣਾਦਾਇਕ ਆ ਰਹੀ ਫਿਲਮ ਘਰ ਵਾਪਸੀ, ਜਿਸ ਵਿੱਚ ਨੌਜਵਾਨ ਲੜਕੇ/ਲੜਕੀਆਂ ਲਵ ਅਫੇਅਰਜ਼, ਮੈਰਿਜ ਮਾਮਲੇ ਅਤੇ ਨਸ਼ੇ ਸਬੰਧੀ ਮਾਂ-ਬਾਪ ਤੋਂ ਜੋ ਬਾਗੀ ਸੁਰ ਅਪਣਾ ਰਹੇ ਹਨ ਅਤੇ ਇਸ ਦਾ ਸੰਤਾਪ, ਤ੍ਰਾਸਦੀ ਮਾਪਿਆ ਨੂੰ ਕਿਵੇਂ ਪੇਲਣੀ ਪੈ ਰਹੀ ਹੈ, ਦੇ ਮਨੋਵਿਗਿਆਨਿਕ ਵਿਸ਼ਲੇਸ਼ਣ 'ਤੇ ਆਧਾਰਿਤ ਹੈ। ਇਸ ਮੌਕੇ 'ਤੇ ਫਿਲਮ ਦੇ ਪ੍ਰੋਡਿਊਸਰ ਤੇ ਰੰਗਕਰਮੀ ਸੁਰਜੀਤ ਮਝੂਰ ਅਤੇ ਫਿਲਮੀ ਕਾਸਟਿੰਗ ਜਯੋਤੀ ਅਰੋੜਾ (ਬਾਲੀਵੁੱਡ ਅਦਾਕਾਰਾ), ਸ਼ਿੰਗਾਰਾ ਮੁਜੱਫਰਪੁਰ, ਜਸਵੀਰ ਸਿੰਘ ਪੀ.ਏ, ਬਹਾਦਰ ਸਿੰਘ ਰੀਡਰ, ਅਸ਼ੀਸ਼ ਕੁਮਾਰ ਅਤੇ ਹੋਰ ਸਟਾਫ ਵਲੋਂ ਲੋਕਾਂ ਨੂੰ ਸਮਰਪਿਤ ਫਿਲਮ ਦਾ ਪੋਸਟਰ ਜਾਰੀ ਕਰਨ 'ਤੇ ਖੁਸ਼ੀ ਜਾਹਰ ਕੀਤੀ ਗਈ।



# ਸਰੀਰ-ਦਾਨੀ ਅਤੇ ਜਮਹੂਰੀ ਹੱਕਾਂ ਦੀ ਲਹਿਰ ਦੇ ਜੁਝਾਰੂ ਆਗੂ ਨਾਮਦੇਵ ਭੁਟਾਲ ਨੂੰ ਹਜ਼ਾਰਾਂ ਲੋਕਾਂ ਨੇ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ

## ਬੁਲਾਰਿਆਂ ਨੇ ਉਨ੍ਹਾਂ ਦੀ ਦ੍ਰਿੜਤਾ-ਦਲੇਰੀ ਤੇ ਸਮਰਪਿਤ ਭਾਵਨਾ ਦੀ ਕੀਤੀ ਭਰਪੂਰ ਸ਼ਲਾਘਾ







**ਲਹਿਰਾਗਾਗਾ, (ਦਲਜੀਤ ਕੌਰ)**– ਅੱਜ ਇੱਥੇ ਜਮਹੂਰੀ ਲਹਿਰ ਦੇ ਜੁਝਾਰੂ ਆਗੂ ਨਾਮਦੇਵ ਭੁਟਾਲ ਦੇ ਸ਼ਰਧਾਂਜਲੀ ਸਮਾਗਮ ਵਿੱਚ ਜੁੜੇ ਹਜ਼ਾਰਾਂ ਲੋਕਾਂ ਨੇ ਅਜਮੇਰ ਅਕਲੀਆ ਦੇ ਸ਼ਰਧਾਂਜ਼ਲੀ ਗੀਤ ਅਤੇ ਆਪਣੇ ਮਹਿਬੂਬ ਆਗੂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਨਮ ਅੱਖਾਂ ਨਾਲ ਸ਼ਰਧਾਂਜਲੀ ਭੇਟ ਕੀਤੀ। ਸਥਾਨਕ ਜੀਪੀਐਫ ਕੰਪਲੈਕਸ ਵਿੱਚ ਇਨਕਲਾਬੀ ਭਾਵਨਾ ਨੂੰ ਬੁਲੰਦ ਕਰਦੇ ਫਲੈਕਸਾਂ, ਮਾਟੋਆਂ ਤੇ ਝੰਡਿਆਂ ਨਾਲ ਸਜਾਏ ਪੰਡਾਲ ਵਿੱਚ ਪੰਜਾਬ ਦੇ ਕੋਨੇ-ਕੋਨੇ ਤੋਂ ਪਹੁੰਚੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਤੇ ਕਾਰਕੁੰਨਾਂ ਨੇ ਨਾਮਦੇਵ ਭੁਟਾਲ ਦੇ ਸਰੋਕਾਰਾਂ ਨੂੰ ਅਗਾਂਹ ਤੋਰਨ ਦਾ ਅਹਿਦ ਲਿਆ ਅਤੇ ਉਨ੍ਹਾਂ ਵੱਲੋਂ ਆਪਣੀ 70 ਸਾਲ ਦੀ ਜ਼ਿੰਦਗੀ ਵਿੱਚੋਂ 50 ਸਾਲ ਤੋਂ ਵਧੇਰੇ ਸਮਾਂ ਇਨਕਲਾਬੀ ਜਮਹੂਰੀ ਲਹਿਰ ਦੇ ਲੇਖੇ ਲਾਉਣ ਅਤੇ ਵਿੱਛੜਣ ਤੋਂ ਪਹਿਲਾਂ ਆਪਣਾ ਸਰੀਰ ਮੈਡੀਕਲ ਖੋਜਾਂ ਲਈ ਅਰਪਿਤ ਕਰਨ ਦੀ ਅਦੁੱਤੀ ਭਾਵਨਾ ਨੂੰ ਸਲਾਮ ਕੀਤੀ।

ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਜਮਹੂਰੀ ਅਧਿਕਾਰ, ਪੰਜਾਬ ਦੇ ਸੂਬਾਈ ਪ੍ਰਧਾਨ ਪ੍ਰੋ: ਜਗਮੋਹਣ ਸਿੰਘ ਤੇ ਜਿਲ੍ਹਾ ਪ੍ਰਧਾਨ ਸਵਰਨਜੀਤ ਸਿੰਘ ਨੇ ਕਿਹਾ ਕਿ ਸਾਥੀ ਨਾਮਦੇਵ ਭੁਟਾਲ ਇੱਕ ਬਹੁਤ ਸੁਲਝੀ ਹੋਈ ਸਖਸ਼ੀਅਤ ਦਾ ਨਾਂ ਸੀ। ਉਹ ਸੰਨ 2012 ਤੋਂ ਆਪਣੇ ਏਅੰਤਲੇ ਸਾਹ ਤੱਕ ਸਭਾ ਦੇ ਸੂਬਾ ਆਗੂ ਅਤੇ ਪੂਰਾ ਇੱਕ ਦਹਾਕਾ ਜਿਲ੍ਹਾ ਪ੍ਰਧਾਨ ਦੀਆਂ ਬੇਹੱਦ ਅਹਿਮ ਜ਼ੁੰਮੇਵਾਰੀਆਂ ਨਿਭਾਉਂਦੇ ਰਹੇ। ਉਹਨੇ ਸਭਾ ਦੀਆਂ ਕਈ ਤੱਥ-ਖੋਜ ਟੀਮਾਂ ਦੀ ਅਗਵਾਈ ਕੀਤੀ। ਉਨ੍ਹਾਂ ਕਿਹਾ ਕਿ ਜਮਹੂਰੀ ਤੇ ਮਨੁੱਖੀ ਅਧਿਕਾਰਾਂ 'ਤੇ ਮੋਦੀ ਸਰਕਾਰ ਦੇ ਫਿਰਕੂ-ਫ਼ਾਸ਼ੀ ਹਮਲਿਆਂ ਦੇ ਇਸ ਨਾਜ਼ੁਕ ਸਮੇਂ ਵਿੱਚ ਨਾਮਦੇਵ ਭੁਟਾਲ ਦਾ ਅਚਾਨਕ ਤੁਰ ਜਾਣਾ ਜਮਹੂਰੀ ਲਹਿਰ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਕਰੀਬ ਅੱਧੀ ਸਦੀ ਤੋਂ ਨਾਮਦੇਵ ਭੁਟਾਲ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਕਰਦੇ ਆ ਰਹੇ ਲੋਕ ਚੇਤਨਾ ਮੰਚ, ਲਹਿਰਾਗਾਗਾ ਦੇ ਪ੍ਰਧਾਨ ਗਿਆਨ ਚੰਦ ਸ਼ਰਮਾ ਨੇ ਕਿਹਾ ਕਿ ਉਹ ਲੋਕ ਚੇਤਨਾ ਮੰਚ ਦੇ ਸੀਨੀਅਰ ਅਤੇ ਜ਼ੁੰਮੇਵਾਰ ਆਗੂ ਸੀ। ਪਿਛਲੇ ਤੀਹ ਸਾਲਾਂ ਤੋਂ ਲਹਿਰਾਗਾਗਾ ਉਹਦੀ ਰਿਹਾਇਸ਼ ਹੀ ਨਹੀਂ ਸੀ, ਕਰਮਭੂਮੀ ਵੀ ਸੀ।

ਉਹਨੇ ਸ਼ਹੀਦ ਪ੍ਰਿਥੀਪਾਲ ਰੰਧਾਵਾ ਦੇ ਕਾਤਲਾਂ ਵਿਰੁੱਧ ਘੋਲ, ਬੱਸ ਕਿਰਾਏ ਵਿੱਚ ਵਾਧੇ ਵਿਰੁੱਧ ਘੋਲ, ਫਿਰਕੂ ਤੇ ਹਕੂਮਤੀ ਦਹਿਸ਼ਤਗਰਦੀ ਵਿਰੁੱਧ ਜਮਹੂਰੀ ਤਾਕਤਾਂ ਦੇ ਘੋਲ ਤੋਂ ਛੁੱਟ ਅਨੇਕਾਂ ਸਥਾਨਕ ਘੋਲਾਂ ਦੀ ਅਗਵਾਈ ਕੀਤੀ। ਇਸ ਦੌਰਾਨ ਉਹਨੂੰ ਗ੍ਰਿਫਤਾਰੀਆਂ ਤੇ ਝੂਠੇ ਪੁਲਸ ਕੇਸਾਂ ਦਾ ਸਾਹਮਣਾ ਵੀ ਕਰਨਾ ਪਿਆ। ਉਹਦੀ ਜੀਵਨ ਸਾਥੀ ਜਸਵੰਤ ਕੌਰ ਸਮੇਤ ਦੋਵੇਂ ਬੇਟੇ ਤੇ ਬੇਟੀ ਉਹਦੇ ਮੋਢੇ ਨਾਲ ਮੋਢਾ ਜੋੜ ਕੇ ਸਾਥ ਦਿੰਦੇ ਰਹੇ ਹਨ।

ਲੋਕ ਚੇਤਨਾ ਮੰਚ ਦੇ ਸੀਨੀਅਰ ਮੀਤ ਪ੍ਰਧਾਨ ਜਗਜੀਤ ਭੁਟਾਲ ਨੇ ਕਿਹਾ ਉਹ ਰਣਬੀਰ ਕਾਲਜ਼, ਸੰਗਰੂਰ ਵਿੱਚ ਪੜ੍ਹਦਿਆਂ ਉਹ 1970ਵਿਆਂ ਦੇ ਪਹਿਲੇ ਸਾਲਾਂ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਰਾਹੀਂ ਇਨਕਲਾਬੀ ਤੇ ਜਮਹੂਰੀ ਵਿਚਾਰਧਾਰਾ ਨਾਲ ਜੁੜਿਆ ਅਤੇ ਐਮਰਜੈਂਸੀ ਤੋਂ ਤੁਰੰਤ ਬਾਅਦ ਇਲਾਕੇ ਦੀ ਨੌਜਵਾਨ ਭਾਰਤ ਸਭਾ ਦੇ ਆਗੂ ਤੋਂ ਸੂਬਾਈ ਆਗੂ ਦੇ ਅਹੁਦੇ 'ਤੇ ਪਹੁੰਚਿਆ ਸੀ।

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਨਾਮਦੇਵ ਨਾਲ ਆਪਣੇ ਲੰਮੇ ਸੰਘਰਸ਼ੀ ਤੇ ਨਿੱਜੀ ਰਿਸ਼ਤੇ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਉਹਨੇ ਦਿੱਲੀ ਦੇ ਬਾਰਡਰਾਂ 'ਤੇ ਲੜੇ ਇਤਿਹਾਸਕ ਕਿਸਾਨ ਘੋਲ ਸਮੇਤ ਅਨੇਕਾਂ ਘੋਲਾਂ ਦੀ ਜਚ ਕੇ ਹਮਾਇਤ ਕੀਤੀ। ਕਿਸਾਨ ਆਗੂ ਮਨਜੀਤ ਧਨੇਰ ਨੇ ਕਿਹਾ ਕਿ ਉਨ੍ਹਾਂ ਨੌਜਵਾਨ ਭਾਰਤ ਸਭਾ ਵਿੱਚ ਇੱਕਠੇ ਕੰਮ ਕਰਨ ਤੋਂ ਛੁੱਟ ਕਿਸਾਨ ਲਹਿਰ 'ਤੇ ਹਰ ਬਿਪਤਾ ਸਮੇਂ ਨਾਮਦੇਵ ਭੁਟਾਲ ਨੂੰ ਆਪਣੇ ਨਾਲ ਖੜ੍ਹੇ ਪਾਇਆ। ਨਾਮਦੇਵ ਭੁਟਾਲ ਨੇ ਜਿਉਂਦਿਆਂ ਲੋਕਾਂ ਲੇਖੇ ਲਾਇਆ ਅਤੇ ਮਰਨ ਉਪਰੰਤ ਮੈਡੀਕਲ ਖੋਜਾਂ ਦੇ ਲੇਖੇ ਲਾਇਆ।

ਨਾਮਦੇਵ ਦੇ ਨਜ਼ਦੀਕੀ ਦੋਸਤ ਰਹੇ ਇੱਕ ਹੋਰ ਕਿਸਾਨ ਆਗੂ ਜਗਮੋਹਣ ਪਟਿਆਲਾ ਨੇ ਕਿਹਾ ਕਿ ਨਾਮਦੇਵ ਬਹੁਤ ਹੀ ਸੁਲਝਿਆ ਹੋਇਆ ਆਗੂ ਸੀ। ਉਹਦੇ ਵਿੱਛੜ ਜਾਣ ਨਾਲ ਉਹਦੇ ਦੋਸਤ-ਮਿੱਤਰਾਂ ਸਮੇਤ ਜਨਤਕ ਜਥੇਬੰਦੀਆਂ ਨੇ ਸਮਾਜਿਕ ਤੇ ਸਿਆਸੀ ਸਲਾਹਕਾਰ ਖੋ ਲਿਆ ਹੈ।

ਨਾਮਦੇਵ ਭੁਟਾਲ ਹੋਰਾਂ ਦੇ ਗੂਹੜੇ ਪਰਿਵਾਰਕ ਮਿੱਤਰ ਜਸਟਿਸ ਰਾਜਸ਼ੇਖ਼ਰ ਅੱਤਰੀ ਅਤੇ ਐਡਵੋਕੇਟ ਸੰਪੂਰਨ ਸਿੰਘ ਛਾਜਲੀ ਨੇ ਪਰਿਵਾਰ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਇਸ ਪਰਿਵਾਰ ਦਾ ਇਲਾਕੇ ਵਿੱਚ ਆਪਣਾ ਇੱਕ ਨਾਂ ਹੈ ਜਿਹੜਾ ਹਰ ਦੁੱਖਦੇ-ਸੁੱਖਦੇ ਲੋਕਾਂ ਨਾਲ ਖੜ੍ਹਿਆ ਹੈ।

ਸੁਬਾਰਡੀਨੇਟ ਫੈਡਰੇਸ਼ਨ ਤੇ ਫੀਲਡ ਕਾਮਿਆਂ ਦੇ ਆਗੂ ਕਰਮਜੀਤ ਬੀਹਲਾ ਨੇ ਕਿਹਾ ਕਿ ਨਾਮਦੇਵ ਭੁਟਾਲ ਨੇ ਜਿੱਥੇ ਜਮਹੂਰੀ ਲਹਿਰ ਵਿੱਚ ਲਾਮਿਸਾਲ ਯੋਗਦਾਨ ਦਿੱਤਾ, ਉੱਥੇ ਨਾਲ ਹੀ ਖੇਤੀਬਾੜੀ ਸਹਿਕਾਰੀ ਸਭਾ ਦਾ ਈਮਾਨਦਾਰ ਮੁਲਾਜ਼ਮ ਹੋਣ ਦੇ ਨਾਤੇ ਕਿਸਾਨਾਂ ਦੀ ਸੇਵਾ ਕੀਤੀ ਅਤੇ ਮੁਲਾਜ਼ਮ ਘੋਲਾਂ ਵਿੱਚ ਹਿੱਸਾ ਲਿਆ।

ਇਸ ਮੌਕੇ ਕਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਡਾ: ਦਰਸ਼ਨ ਪਾਲ, ਲੋਕ ਸੰਗਰਾਮ ਮੰਚ ਦੇ ਸੁਖਵਿੰਦਰ ਸਿੰਘ, ਤਰਕਸ਼ੀਲ ਸੁਸਾਇਟੀ ਦੇ ਬਲਵੀਰ ਚੰਦ ਲੌਂਗੋਵਾਲ, ਰੈਡੀਕਲ ਪੀਪਲਜ਼ ਫੋਰਮ ਦੇ ਸੁਖਦਰਸ਼ਨ ਨੱਤ, ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਧਰਮਪਾਲ, ਕੁਦਰਤ ਮਾਨਵ ਕੇਂਦਰਤ ਲਹਿਰ ਦੇ ਸੁਖਦੇਵ ਭੁਪਾਲ ਅਤੇ ਕੁੱਲ ਹਿੰਦ ਕਿਸਾਨ ਫੈਡਰੇਸ਼ਨ ਦੇ ਐਡਵੋਕੇਟ ਕਿਰਨਜੀਤ ਸਿੰਘ ਸੇਖੋਂ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਨਾਮਦੇਵ ਭੁਟਾਲ ਦੀ ਜ਼ਿੰਦਗੀ 'ਤੇ ਝਾਤ ਪਾਉਂਦਾ ਡਾਕੂਮੈਂਟਰੀ ਵੀ ਦਿਖਾਈ ਗਈ। ਇਸ ਮੌਕੇ ਪਰਿਵਾਰ ਵੱਲੋਂ ਬੂਟਿਆਂ ਦਾ ਲੰਗਰ ਵੀ ਲਾਇਆ ਗਿਆ। ਪੁਸਤਕ ਪ੍ਰਦਰਸ਼ਨੀਆਂ ਵੀ ਲੱਗੀਆਂ।

ਪੰਜਾਬ ਭਰ ਦੀਆਂ ਦਰਜ਼ਨਾਂ ਕਿਸਾਨ, ਮਜ਼ਦੂਰ, ਨੌਜਵਾਨ, ਵਿਦਿਆਰਥੀ, ਮੁਲਾਜ਼ਮ, ਪੈਨਸ਼ਨਰਜ਼ ਅਤੇ ਹੋਰ ਜਥੇਬੰਦੀਆਂ ਅਤੇ ਸੰਸਥਾਵਾਂ ਵੱਲੋਂ ਸ਼ੋਕ ਮਤੇ ਭੇਜੇ ਗਏ।

ਨਾਮਦੇਵ ਭੁਟਾਲ ਦੇ ਸ਼ਰਧਾਂਜ਼ਲੀ ਸਮਾਗਮ ਨੂੰ ਸਫਲ ਕਰਨ ਵਿੱਚ ਮੰਚ ਦੇ ਸਕੱਤਰ ਹਰਭਗਵਾਨ ਗੁਰਨੇ, ਸ਼ਮੁੰਦਿਰ ਸਿੰਘ, ਤਰਸੇਮ ਭੋਲੂ, ਪੂਰਨ ਸਿੰਘ ਖਾਈ, ਮਹਿੰਦਰ ਸਿੰਘ, ਗੁਰਚਰਨ ਸਿੰਘ, ਭੀਮ ਸਿੰਘ, ਸੁਖਦੇਵ ਚੰਗਾਲੀਵਾਲਾ, ਰਾਮਚੰਦਰ ਖਾਈ ਅਤੇ ਪਰਿਵਾਰਕ ਮੈਂਬਰ ਸੁਖਵਿੰਦਰ ਹੈਪੀ, ਦਿਲਪ੍ਰੀਤ ਦੀਪੀ, ਮਨਪ੍ਰੀਤ ਮੋਨੂ ਵੀ ਹਾਜ਼ਰ ਸਨ।

****







# ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਿਤ 25 ਸਾਲਾ ਰਮਨਦੀਪ ਸਿੰਘ ਦੀ ਔਕਲੈਂਡ ਦੇ ਵਿਚ ਹੱਤਿਆ

## ਸਕਿਉਰਿਟੀ ਗਾਰਡ ਵਜੋਂ ਕੰਮ ਕਰਨ ਲੱਗਿਆ ਸੀ ਤੇ ਮਾਪਿਆਂ ਦਾ ਸੀ ਇਕੱਲਾ ਪੁੱਤ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਬੀਤੇ ਕੱਲ੍ਹ ਔਕਲੈਂਡ ਦੇ ਇਕ ਨਗਰ ਮੈਸੀ ਵਿਖੇ 'ਰੋਇਲ ਰਿਜ਼ਰਵ' (ਕਾਰ ਪਾਰਕ) ਦੇ ਵਿਚ 25 ਸਾਲਾ ਜਿਸ ਨੌਜਵਾਨ ਦਾ ਅੱਧੀ ਰਾਤ ਕਤਲ ਹੋ ਗਿਆ ਸੀ, ਉਸ ਦੀ ਪਹਿਚਾਣ ਪੁਲਿਸ ਵੱਲੋਂ




ਰਮਨਦੀਪ ਸਿੰਘ ਵੱਜੋਂ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਇਹ ਨੌਜਵਾਨ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕੋਟਲੀ ਸ਼ਾਹਪੁਰ ਨਾਲ ਸਬੰਧਿਤ ਸੀ। ਪਿਤਾ ਸ। ਧੰਨਾ ਸਿੰਘ ਆਰਮੀ ਵਿਚ ਹਨ ਅਤੇ ਮਾਤਾ ਘਰ ਬਾਰ ਸੰਭਾਲਦੇ ਹਨ। ਇਸ ਨੌਜਵਾਨ ਦੀ ਇਕ ਛੋਟੀ ਭੈਣ ਹੈ। ਮਾਪਿਆਂ ਦਾ ਇਹ ਇਕੱਲਾ ਪੁੱਤਰ ਸੀ। 2018 ਦੇ ਵਿਚ ਇਹ ਨੌਜਵਾਨ ਇਥੇ ਪੜ੍ਹਨ ਆਇਆ ਸੀ। ਰਮਨਦੀਪ ਸਿੰਘ ਇਕ ਠੇਕੇਦਾਰ ਦੇ ਰਾਹੀਂ ਸਕਿਉਰਿਟੀ ਗਾਰਡ ਦੀ ਨੌਕਰੀ ਕੁਝ ਹਫ਼ਤੇ ਪਹਿਲਾਂ ਹੀ ਕਰਨ ਲੱਗਾ ਸੀ। ਘਟਨਾ ਦਾ ਪੂਰਾ ਵੇਰਵਾ ਅਜੇ ਆਉਣਾ ਬਾਕੀ ਹੈ।

ਪੁਲਿਸ ਨੇ ਇਸ ਸਬੰਧ ਵਿਚ 26 ਸਾਲਾ ਇਕ ਵਿਅਕਤੀ ਨੂੰ ਕਤਲ ਦੇ ਦੋਸ਼ ਅਧੀਨ ਗ੍ਰਿਫਤਾਰ ਕੀਤਾ ਹੈ ਜਿਸ ਨੂੰ ਬੀਤੇ ਕੱਲ੍ਹ ਅਦਾਲਤ ਦੇ ਵਿਚ ਪੇਸ਼ ਕੀਤਾ ਗਿਆ। ਉਸਨੇ ਆਪਣੇ ਤਿੰਨ ਸਮਰਥਕਾਂ ਦੇ ਲਈ ਹੱਥ ਹਿਲਾਇਆ। ਉਸਨੂੰ 31 ਜਨਵਰੀ ਤੱਕ ਪੁਲਿਸ ਹਿਰਾਸਤ ਵਿਚ ਰੱਖਣ ਲਈ ਅਦਾਲਤੀ ਹੁਕਮ ਜਾਰੀ ਹੋਏ। ਉਸਦੇ ਇਕ ਸਮਰਥਕ ਨੇ ਉਸਨੂੰ 'ਲਵ ਯੂ' ਵੀ ਕਿਹਾ।

ਘਟਨਾ ਉਪਰੰਤ ਅੱਧੀ ਰਾਤ ਜਦੋਂ ਇਸਦੀ ਸੂਚਨਾ ਪੁਲਿਸ ਅਤੇ ਐਂਬੂਲੈਂਸ ਨੂੰ ਦਿੱਤੀ ਗਈ, ਤਾਂ ਇਹ ਨੌਜਵਾਨ ਬੇਸੁੱਧ ਸੀ ਅਤੇ ਉਦੋਂ ਤੱਕ ਕਾਫੀ ਦੇਰ ਹੋ ਚੁੱਕੀ ਸੀ। ਮੈਡੀਕਲ ਸਟਾਫ ਨੇ ਇਸਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਪੁਲਿਸ ਨੇ ਗੰਭੀਰ ਹਲਾਤਾਂ ਵੱਜੋਂ ਇਸ ਘਟਨਾ ਨੂੰ ਲਿਆ ਅਤੇ ਪੁਲਿਸ ਟੀਮ ਅਤੇ ਫੋਰੈਂਸਿਕ ਲੈਬਾਰਟਰੀ ਵਾਲੇ ਸੈਂਪਲ ਲੈਣ ਪਹੁੰਚੇ। ਮ੍ਰਿਤਕ ਦਾ ਪੋਸਟ ਮਾਰਟਮ ਅੱਜ ਕੀਤਾ ਗਿਆ।

ਵਰਨਣਯੋਗ ਹੈ ਕਿ ਇਸੇ ਪਾਰਕ ਦੇ ਨੇੜੇ ਪੁਲਿਸ ਨੇ ਨਾਲ ਲਗਦੇ ਘਰ ਤੋਂ ਕੁਝ ਲੋਕ ਗ੍ਰਿਫਤਾਰ ਵੀ ਕੀਤੇ ਸਨ।ਪਰ ਪੁਲਿਸ ਨੇ ਇਹ ਗੱਲ ਸਪਸ਼ਟ ਨਹੀਂ ਕੀਤੀ ਕਿ ਉਸ ਘਟਨਾ ਦਾ ਰਮਨਦੀਪ ਸਿੰਘ ਦੀ ਘਟਨਾ ਨਾਲ ਸਬੰਧ ਹੈ। ਪੁਲਿਸ ਨੇ ਇਕ ਮੋਟਰਸਾਈਕਲ ਅਤੇ ਇਕ ਹੋਰ ਵਾਹਨ ਵੀ ਉਥੇ ਕਬਜ਼ੇ ਵਿਚ ਲਿਆ ਹੋਇਆ ਸੀ।

ਕੁਝ ਲੋਕ ਇਕ ਘਰ ਤੋਂ ਬਾਹਰ ਕਿਤੇ ਭੱਜ ਵੀ ਗਏ ਹਨ। ਇਸ ਨੌਜਵਾਨ ਨੇ ਦੂਜਿਆਂ ਦੀ ਸੁਰੱਖਿਆ ਕਰਦਿਆਂ ਆਪਣੀ ਜਾਨ ਗਵਾ ਲਈ। ਇੰਡੀਆ ਰਹਿੰਦਾ ਪਰਿਵਾਰ ਵੀ ਗਹਿਰੇ ਸਦਮੇ ਦੇ ਵਿਚ ਹੈ। ਇਸ ਘਟਨਾ ਨੂੰ ਲੈ ਕੇ ਨਿਊਜ਼ੀਲੈਂਡ ਭਾਈਚਾਰਾ ਕਾਫੀ ਸਦਮੇ ਦੇ ਵਿਚ ਹੈ।




# ਸੀ ਐਮ ਦੀ ਯੋਗਸ਼ਾਲਾ ਦੇ ਤਹਿਤ ਗੁਰੂ ਰਵਿਦਾਸ ਆਯੁਰਵੇਦ ਯੂਨੀਵਰਸਿਟੀ ਵੱਲੋਂ ਕੇਸੀ ਕਾਲਜ 'ਚ ਰਿਫਰੈਸ਼ਰ ਕੋਰਸ ਦੀ ਸ਼ੁਰੂਆਤ

## ਗੁਰੂ ਰਵਿਦਾਸ ਆਯੁਰਵੇਦ ਯੂਨੀਵਰਸਿਟੀ ਪੰਜਾਬ ਵਲੋ ਸਿਖਿਆਰਥੀਆਂ ਨੂੰ ਦਿੱਤੀ ਜਾ ਰਹੀ ਟ੍ਰੇਨਿਗ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਕਰਿਆਮ ਰੋਡ 'ਤੇ ਸਥਿਤ ਕੇਸੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਪੰਜਾਬ ਦੇ ਮੁੱਖ ਮੰਤਰੀ ਸ। ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ 'ਤੇ ਗੁਰੂ ਰਵਿਦਾਸ ਆਯੁਰਵੇਦ ਯੂਨੀਵਰਸਿਟੀ ਪੰਜਾਬ ਵੱਲੋਂ ਸੀਐਮ ਦੀ ਯੋਗਸ਼ਾਲਾ ਵਿਖੇ 15 ਰੋਜ਼ਾ ਯੋਗਾ ਸਿਖਲਾਈ ਦਾ ਹਜ਼ਾਰ ਲੋਕ ਨਿਯਮਿਤ ਤੌਰ 'ਤੇ ਯੋਗ ਕਰਕੇ ਲਾਭ ਲੈ ਰਹੇ ਹਨ। ਉਹਨਾਂ ਦੀ ਸਿਹਤ 'ਚ ਵੀ ਸੁਧਾਰ ਹੋ ਰਿਹਾ ਹੈ। ਇਸਦੇ ਲਈ ਇੱਕ ਹੈਲਪਲਾਈਨ ਨੰਬਰ 7669400500 ਵੀ ਸ਼ੁਰੂ ਕੀਤਾ ਗਿਆ ਹੈ, ਬੱਸ ਇੱਕ ਮਿਸ ਕਾਲ ਕਰੋ ਅਤੇ ਪੰਜਾਬ ਸਰਕਾਰ ਇੱਕ ਮੁਫਤ ਯੋਗਾ ਅਧਿਆਪਕ ਮੁਹੱਈਆ ਕਰਵਾਏਗੀ। ਲੋਕ



ਰਿਫਰੈਸ਼ਰ ਕੋਰਸ ਸ਼ੁਰੂ ਕੀਤਾ ਗਿਆ ਹੈ। ਇਸ 'ਚ ਵਿਸ਼ੇਸ਼ ਤੌਰ 'ਤੇ ਗੁਰੂ ਰਵਿਦਾਸ ਆਯੁਰਵੇਦ ਯੂਨੀਵਰਸਿਟੀ ਪੰਜਾਬ ਦੇ ਰਜਿਸਟਰਾਰ ਡਾ। ਸੰਜੀਵ ਗੋਇਲ, ਪੰਜਾਬ ਦੇ ਯੋਗਾ ਵਿਭਾਗ ਦੇ ਸੀਨੀਅਰ ਸਲਾਹਕਾਰ ਅਮਰੇਸ਼ ਝਾਂ, ਸੀਨੀਅਰ ਸਲਾਹਕਾਰ ਕਮਲੇਸ਼ ਕੁਮਾਰ ਮਿਸ਼ਰਾ, ਕੇਸੀ ਗਰੁੱਪ ਦੇ ਕੈਂਪਸ ਡਾਇਰੈਕਟਰ ਡਾ। ਰਸ਼ਮੀ ਗੁਜਰਾਤੀ, ਐਸ।ਏ।ਓ ਰਜਿੰਦਰ ਮੂੰਮ, ਨੋਡਲ ਅਫ਼ਸਰ ਡਾ. ਗਗਨ ਸਿੰਘ ਧਾਕੜ ਸ਼ਾਮਲ ਹੋਏ। ਸਭ ਤੋਂ ਪਹਿਲਾਂ ਜੋਤ ਜਗਾਉਣ ਦੀ ਰਸਮ ਅਦਾ ਕੀਤੀ ਗਈ। ਐਚਆਰ ਮਨੀਸ਼ਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪੰਜਾਬੀਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਬਣਾਉਣ ਲਈ ਆਪਣੀ ਨਿਵੇਕਲੀ ਪਹਿਲ ਸੀਐਮ ਦੀ ਯੋਗਸ਼ਾਲਾ ਸ਼ੁਰੂ ਕੀਤੀ ਹੈ। ਰਜਿਸਟਰਾਰ ਡਾ. ਸੰਜੀਵ ਗੋਇਲ ਨੇ ਕਿਹਾ ਕਿ ਪੰਜਾਬ ਸਰਕਾਰ ਯੋਗਾ ਰਾਹੀਂ ਪੰਜਾਬ ਦੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਾ ਕੇ ਤੰਦਰੁਸਤ ਰੱਖ ਕੇ ਹਸਪਤਾਲਾਂ 'ਚ ਭੀੜ ਘੱਟਾਉਣਾ ਚਾਹੁੰਦੀ ਹੈ। ਇੱਕ ਪਾਸੇ ਜਿੱਥੇ ਪੰਜਾਬ ਸਰਕਾਰ ਸੀਐਮ ਦੀ ਯੋਗਸ਼ਾਲਾ ਰਾਹੀਂ ਆਮ ਲੋਕਾਂ ਨੂੰ ਸਿਹਤਮੰਦ ਬਣਾਉਣ ਦੀ ਮੁਹਿੰਮ ਚਲਾ ਰਹੀ ਹੈ, ਉੱਥੇ ਹੀ ਦੂਜੇ ਪਾਸੇ ਯੋਗਾ ਕੋਰਸ ਕਰਨ ਵਾਲੇ ਲੋਕਾਂ ਨੂੰ ਰਿਫਰੈਸ਼ਰ ਕੋਰਸਾਂ ਰਾਹੀਂ ਵਧੀਆ ਯੋਗਾ ਅਧਿਆਪਕ ਬਣਨ ਲਈ ਉਤਸ਼ਾਹਿਤ ਕਰ ਰਹੀ ਹੈ। ਸੀਨੀਅਰ ਯੋਗਾ ਸਲਾਹਕਾਰ ਅਮਰੇਸ਼ ਝਾਂ ਅਤੇ ਕਮਲੇਸ਼ ਕੁਮਾਰ ਮਿਸ਼ਰਾ ਨੇ ਦੱਸਿਆ ਕਿ ਸੀਐਮ ਦੀ ਯੋਗਸ਼ਾਲਾ ਅਧੀਨ 290 ਯੋਗਾ ਟਰੇਨਰ ਲੋਕਾਂ ਨੂੰ ਯੋਗਾ ਸਿਖਾ ਰਹੇ ਹਨ। ਰੋਜ਼ਾਨਾ ਕਰੀਬ 1200 ਥਾਵਾਂ 'ਤੇ ਯੋਗਾ ਦੀਆਂ ਕਲਾਸਾਂ ਲਗਾਤਾਰ ਚੱਲ ਰਹੀਆਂ ਹਨ। ਲਗਭਗ 30 ਖਾਣ ਪੀਣ ਅਤੇ ਯੋਗਾ ਅਭਿਆਸ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਪ੍ਰਾਪਤ ਕਰ ਸਕਣਗੇ। ਤੁਸੀਂ www.cmidyogashala.punjabi.n 'ਤੇ ਰਜਿਸਟਰ ਕਰ ਸਕਦੇ ਹੋ। ਵਰਤਮਾਨ 'ਚ, ਭਾਰਤ 'ਚ ਪੰਜਾਬ ਹੀ ਇੱਕ ਅਜਿਹਾ ਰਾਜ ਹੈ ਜਿੱਥੇ ਲੋਕ ਉਕਤ ਸਥਾਨਾਂ 'ਤੇ ਨਿਯਮਿਤ ਤੌਰ 'ਤੇ ਯੋਗਾ ਦਾ ਅਭਿਆਸ ਕਰ ਰਹੇ ਹਨ।ਅੱਜ ਬਹੁਤ ਸਾਰੇ ਲੋਕ ਸਾਹ ਪ੍ਰਣਾਲੀ, ਬਲੱਡ ਪ੍ਰੈਸ਼ਰ, ਸ਼ੂਗਰ ਲੈਵਲ ਅਤੇ ਦਿਲ ਨਾਲ ਸਬੰਧਤ ਬਿਮਾਰੀਆਂ ਤੋਂ ਪੀੜਤ ਹਨ। ਯੋਗਾ ਇਨ੍ਹਾਂ ਸਾਰੇ ਮਰੀਜ਼ਾਂ ਦੀ ਬਹੁਤ ਮਦਦ ਕਰਦਾ ਹੈ।

ਉਨ੍ਹਾਂ ਨੂੰ ਵੱਖ-ਵੱਖ ਤਰ੍ਹਾਂ ਦੇ ਆਸਣ, ਪ੍ਰਾਣਾਯਾਮ, ਧਿਆਨ, ਮੁਦਰਾ, ਬੰਦ, ਧਾਰਣਾ ਅਤੇ ਯੋਗਾ ਕਿਰਿਆਵਾਂ ਦੀ ਸਿਖਲਾਈ ਦਿੱਤੀ ਜਾ ਰਹੀ ਹੈ, ਤਾਂ ਜੋ ਉਹ ਚੰਗੇ ਯੋਗਾ ਅਧਿਆਪਕ ਬਣ ਸਕਣ। ਉਨ੍ਹਾਂ ਕਿਹਾ ਕਿ 'ਸੀ।ਐਮ ਦਿ ਯੋਗਸ਼ਾਲਾ' ਰਾਹੀਂ ਜਿੱਥੇ ਲੋਕ ਸਿਹਤਮੰਦ ਜੀਵਨ ਬਤੀਤ ਕਰ ਸਕਣਗੇ, ਉੱਥੇ ਉਨ੍ਹਾਂ ਨੂੰ ਯੋਗਾ ਇੰਸਟਰਕਟਰ ਅਤੇ ਯੋਗ ਮਾਰਗ ਦਰਸ਼ਨ ਆਸਾਨੀ ਨਾਲ ਮਿਲ ਜਾਵੇਗਾ। ਕੈਂਪਸ ਡਾਇਰੈਕਟਰ ਡਾ: ਰਸ਼ਮੀ ਗੁਜਰਾਤੀ ਨੇ ਕਿਹਾ ਕਿ ਇੱਕ ਸਿਹਤਮੰਦ ਜੀਵਨ ਸ਼ੈਲੀ ਅਤੇ ਨਿਯਮਤ ਯੋਗਾ ਅਭਿਆਸ ਕਈ ਬਿਮਾਰੀਆਂ ਦੇ ਖ਼ਤਰੇ ਨੂੰ ਕਾਫ਼ੀ ਹੱਦ ਤੱਕ ਘਟਾਉਂਦਾ ਹੈ। ਇਸ ਮੌਕੇ ਸੁਪਰਵਾਈਜ਼ਰ ਪ੍ਰਤੀਮਾ, ਕਿਰਨ ਬਾਲਾ, ਨਿਰਮਲ ਸਿੰਘ, ਵੰਦਨਾ, ਜਤਿਨ ਕੁਮਾਰ, ਰਾਹੁਲ, ਸੰਜੀਵ ਕਨਵਰ, ਵਿਪਨ ਕੁਮਾਰ, ਇੰਜ. ਜਫਤਾਰ ਅਹਿਮਦ, ਅੰਕੁਸ਼ ਨਿਝਾਵਨ, ਡਾ. ਰਾਜ ਕੁਮਾਰ ਸਮੇਤ ਹੋਰ ਸਟਾਫ਼ ਵੀ ਹਾਜ਼ਰ ਰਿਹਾ।

# ਅਕਾਸ਼ ਆਨੰਦ ਦੇ ਬਸਪਾ ਦੇ ਰਾਸ਼ਟਰੀ ਕੋਆਰਡੀਨੇਟਰ ਬਣਨ ਨਾਲ ਨੌਜਵਾਨ ਵਰਗ ਵਿੱਚ ਖੁਸ਼ੀ ਦੀ ਲਹਿਰ - ਪ੍ਰਦੀਪ ਜੱਸੀ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਵਲੋਂ ਇੱਕ ਬਹੁਤ ਹੀ ਸਹੀ ਅਤੇ ਠੀਕ ਸਮੇਂ ਤੇ ਫੈਸਲਾ ਲੈਂਦੇ ਹੋਏ ਅਕਾਸ਼ ਆਨੰਦ ਨੂੰ ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਕੋਆਰਡੀਨੇਟਰ ਲਾਇਆ ਹੈ। ਇਸ ਨਾਲ ਬਸਪਾ ਦੇ ਨੌਜਵਾਨ ਵਰਗ ਵਿੱਚ ਬਹੁਤ ਹੀ ਖੁਸ਼ੀ ਦੀ ਲਹਿਰ ਚੱਲ ਰਹੀ ਹੈ ਪਰ ਇਸ ਦੇ ਨਾਲ ਨਾਲ ਬਸਪਾ ਵਿੱਚੋ ਬਾਹਰ ਗਏ ਅਖੌਤੀ ਮਿਸ਼ਨਰੀਆਂ ਦੀ ਨੀਂਦ ਉੱਡ ਗਈ ਹੈ। ਉਹ ਹਰ ਰੋਜ ਇਸ ਫੈਸਲੇ ਦੀ ਵਿਰੋਧਤਾ ਕਰ ਰਹੇ ਹਨ ਅਤੇ ਵਰਕਰਾਂ ਨੂੰ ਗਲਤ ਸੰਦੇਸ਼ ਦੇਣ ਦਾ ਯਤਨ ਕਰ ਰਹੇ ਹਨ ਲ ਹੁਣ ਬਹੁਜਨ ਸਮਾਜ ਪਾਰਟੀ ਦਾ ਹਰ ਵਰਕਰ ਬਸਪਾ ਨਾਲ ਚਟਾਨ ਵਾਂਗ ਖੜ੍ਹਾ ਹੈ ਅਤੇ ਅਖੌਤੀ ਮਿਸ਼ਨਰੀਆਂ ਨੂੰ ਮੂੰਹ ਤੋੜਵਾਂ ਜਵਾਬ ਦੇ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬਸਪਾ ਪੰਜਾਬ ਦੇ ਸੀਨੀਅਰ ਆਗੂ ਸ਼੍ਰੀ ਪ੍ਰਦੀਪ ਜੱਸੀ ਨੇ ਵਿਸ਼ੇਸ਼ ਮਿਲਣੀ ਦੌਰਾਨ ਕੀਤਾ। ਸ਼੍ਰੀ ਪ੍ਰਦੀਪ ਜੱਸੀ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੀ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵਿਸ਼ੇਸ਼ ਭੂਮਿਕਾ ਹੋਵੇਗੀ।

ਇਸ ਟੀਚੇ ਨੂੰ ਪੂਰਾ ਕਰਨ ਵਾਸਤੇ ਉਹਨਾਂ ਹਰ ਇੱਕ ਵਰਕਰ ਨੂੰ ਆਪਣਾ ਯੋਗਦਾਨ ਪਾਉਣ ਵਾਸਤੇ ਅਪੀਲ ਕੀਤੀ ਲਬਹੁਜਨ ਸਮਾਜ ਪਾਰਟੀ ਹਰ ਇੱਕ ਧਰਮ, ਹਰ ਜਾਤ ਦੇ ਹੱਕਾਂ ਦੀ ਰਾਖੀ ਲਈ ਵਚਨਵੱਧ ਹੈ ਅਤੇ ਮਜਦੂਰ, ਕਿਸਾਨ, ਵਿਦਿਆਰਥੀ, ਵਪਾਰੀ ਅਤੇ ਸਾਰੇ ਮੁਲਾਜਮਾਂ ਦੇ ਹੱਕਾਂ ਦੀ ਪ੍ਰਾਪਤੀ ਲਈ ਹਮੇਸ਼ਾ ਸੰਘਰਸ਼ ਕੀਤਾ ਹੈ। ਸਾਨੂੰ ਸਾਰਿਆਂ ਨੂੰ ਇੱਕ ਪਲੇਟਫਾਰਮ ਨੀਲਾ ਝੰਡਾ ਹਾਥੀ ਨਿਸ਼ਾਨ ਦੀ ਅਗਵਾਈ ਵਿੱਚ ਇਕੱਠੇ ਹੋਣ ਦੀ ਲੋੜ ਹੈ।

# ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ 'ਤੇ ਚੱਲਦਿਆਂ ਕਮਜ਼ੋਰ ਵਰਗ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਸਰਕਾਰ ਵਚਨਬੱਧ - ਬ੍ਰਹਮ ਸ਼ੰਕਰ ਜਿੰਪਾ

## ਕੈਬਨਿਟ ਮੰਤਰੀ ਨੇ ਸੰਤ ਸੰਮੇਲਨ ਵਿਚ ਸੰਤ ਨਿਰੰਜਨ ਦਾਸ ਅਤੇ ਹੋਰਨਾਂ ਸੰਤਾਂ- ਮਹਾਂਪੁਰਸ਼ਾਂ ਤੋਂ ਲਿਆ ਆਸ਼ੀਰਵਾਦ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਰਹੀਮਪੁਰ ਵਿਖੇ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਸੰਤ ਨਿਰੰਜਨ ਦਾਸ ਜੀ ਦੀ ਮੌਜੂਦਗੀ ਵਿਚ ਕਰਵਾਏ ਗਏ ਸੰਤ ਸੰਮੇਲਨ ਵਿਚ ਸੰਤ ਨਿਰੰਜਨ ਦਾਸ ਜੀ ਅਤੇ ਹੋਰਨਾਂ ਮਹਾਂਪੁਰਸ਼ਾਂ ਤੋਂ ਅਸ਼ੀਰਵਾਦ ਲਿਆ। ਸੰਤ ਸੰਮੇਲਨ ਪ੍ਰਬੰਧਕ ਕਮੇਟੀ ਰਹੀਮਪੁਰ ਵੱਲੋਂ ਕਰਵਾਏ ਗਏ ਇਸ ਸੰਤ ਸੰਮੇਲਨ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੇ ਸੰਤ ਸੰਮੇਲਨ ਲਗਾਤਾਰ ਹੁੰਦੇ ਰਹਿਣੇ ਚਾਹੀਦੇ ਹਨ ਜੋ ਸਮਾਜ ਦੀ ਅਗਵਾਈ ਕਰਦੇ ਹੋਏ ਉਨ੍ਹਾਂ ਦਾ ਸਮਾਜਿਕ ਤੇ ਧਾਰਮਿਕ ਤੌਰ 'ਤੇ ਵਿਕਾਸ ਕਰਦੇ ਹਨ। ਇਸ ਦੌਰਾਨ ਉਨ੍ਹਾਂ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ 'ਤੇ ਚੱਲਦਿਆਂ ਸਮਾਜ ਦੇ ਕਮਜ਼ੋਰ ਤੇ ਪਛੜੇ ਵਰਗਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਸਮਰਪਿਤ ਭਾਵਨਾ ਨਾਲ ਕੰਮ ਕਰਨ ਦਾ ਪ੍ਰਣ ਲਿਆ।

ਉਨ੍ਹਾਂ ਕਿਹਾ ਕਿ ਸਮਾਜ ਦੇ ਕਮਜ਼ੋਰ ਵਰਗ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਇਕ ਆਦਰਸ਼ ਸਮਾਜ ਦਾ ਸੰਦੇਸ਼ ਦਿੱਤਾ ਜਿਥੇ ਕਿਸੇ ਨੂੰ ਵੀ ਕਿਸੇ ਕਿਸਮ ਦੀ ਤਕਲੀਫ਼ ਬਰਦਾਸ਼ਤ ਨਹੀਂ ਕਰਨੀ ਪੈਂਦੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਜੀਵਨ ਅਤੇ ਮਹਾਨ ਸਿੱਖਿਆਵਾਂ ਮਨੁੱਖਤਾ ਨੂੰ ਬਰਾਬਰੀ ਵਾਲਾ ਸਮਾਜ ਸਿਰਜਣ ਦੀ ਦਿਸ਼ਾ ਪ੍ਰਦਾਨ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਇਕ ਮਹਾਨ ਅਧਿਆਤਮਿਕ ਗੁਰੂ ਅਤੇ ਸਮਾਜ ਦੇ ਗਰੀਬ ਅਤੇ ਬੇਸਹਾਰਾ ਤਬਕਿਆਂ ਦੇ ਮਸੀਹਾ ਸਨ, ਜਿਨ੍ਹਾਂ ਨੇ ਸਾਨੂੰ ਨੇਕ ਅਤੇ ਉੱਤਮ ਜੀਵਨ ਜਿਊਣ ਦਾ ਉਪਦੇਸ਼ ਦਿੱਤਾ।

ਬ੍ਰਹਮ ਸ਼ੰਕਰ ਜਿੰਪਾ ਨੇ ਡੇਰਾ ਬੱਲਾਂ ਵੱਲੋਂ ਲੋਕ ਭਲਾਈ ਵਿਚ ਨਿਭਾਈ ਜਾ ਰਹੀ ਭੂਮਿਕਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਡੇਰੇ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਅਤੇ ਫਲਸਫੇ ਨਾਲ ਲੋਕਾਂ ਨੂੰ ਜੋੜਨ ਦੇ ਨਾਲ-ਨਾਲ ਸਮਾਜ ਦੇ ਲੋੜਵੰਦ ਅਤੇ ਪਛੜੇ ਵਰਗਾਂ ਨੂੰ ਮਿਆਰੀ ਸਿੱਖਿਆ ਅਤੇ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿਚ ਹਮੇਸ਼ਾ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਡੇਰੇ ਵੱਲੋਂ ਲੋਕਾਂ ਦੀ ਭਲਾਈ ਲਈ ਕੀਤੀਆਂ ਜਾ ਰਹੀਆਂ ਨਿਰਸਵਾਰਥ ਸੇਵਾਵਾਂ ਦੀ ਵੀ ਸ਼ਲਾਘਾ ਕੀਤੀ। ਇਸ ਦੌਰਾਨ ਵਿਧਾਇਕ ਰਾਜ ਕੁਮਾਰ, ਸਾਬਕਾ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ, ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਨਗਰ ਨਿਗਮ ਦੀ ਵਿੱਤ ਕਮੇਟੀ ਦੇ ਚੇਅਰਮੈਨ ਬਲਵਿੰਦਰ ਬਿੰਦੀ ਅਤੇ ਚੰਦਨ ਲੱਕੀ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

## ਡਿਪਟੀ ਕਮਿਸ਼ਨਰ ਨੇ ਲੈਮਰੀਨ ਟੈਕਨੀਕਲ ਸਕਿੱਲ ਯੂਨੀਵਰਸਿਟੀ ਵਿਖੇ ਆਪਦਾ ਮਿੱਤਰਾ ਸਿਖਲਾਈ 'ਚ ਕੀਤੀ ਸ਼ਿਰਕਤ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)-** ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਲੈਮਰੀਨ ਟੈਕਨੀਕਲ ਸਕਿੱਲ ਯੂਨੀਵਰਸਿਟੀ ਬਲਾਚੌਰ ਵਿਖੇ ਆਪਦਾ ਮਿੱਤਰ ਸਿਖਲਾਈ ਦੇ ਆਖਰੀ ਦਿਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਅਤੇ ਐਸ.ਡੀ.ਐਮ. ਨਵਾਂਸ਼ਹਿਰ ਡਾ: ਅਕਸ਼ਿਤਾ ਜੈਨ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਸਿਖਲਾਈ ਪ੍ਰੋਗਰਾਮ ਵਿੱਚ ਪਹੁੰਚਣ 'ਤੇ ਲੈਮਰੀਨ ਯੂਨੀਵਰਸਿਟੀ ਦੇ ਚਾਂਸਲਰ ਡਾ: ਸੰਦੀਪ ਸਿੰਘ ਕੌੜਾ ਨੇ ਉਨ੍ਹਾਂ ਦਾ ਭਰਵਾ ਸਵਾਗਤ ਕੀਤਾ। ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਵਲੰਟੀਅਰਾਂ ਨੂੰ ਕਿਸੇ ਵੀ ਚੁਣੌਤੀ ਦਾ ਸਾਹ-ਮਣਾ ਕਰਨ ਲਈ ਤਿਆਰ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਦੇਸ਼ ਵਿੱਚ ਕਿਸੇ ਵੀ ਕਿਸਮ ਦੀ ਕੁਦਰਤੀ ਜਾਂ ਮਾਨਵ ਰਚਿਤ ਆਫ਼ਤ ਦੌਰਾਨ ਰਾਹਤ ਪ੍ਰਦਾਨ ਕਰਨ ਲਈ ਭਾਰਤ ਸਰਕਾਰ, ਐਨ.ਡੀ.ਐਮ.ਏ, ਐਸ.ਡੀ.ਐਮ.ਏ, ਡੀ.ਡੀ.ਐਮ.ਏ. ਐਸ.ਬੀ.ਐਸ. ਨਗਰ ਅਤੇ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਨਿਸਟਰੇਸ਼ਨ ਚੰਡੀਗੜ੍ਹ ਵੱਲੋਂ ਸ਼ੁਰੂ ਕੀਤੀ ਗਈ ਹੈ। ਇਸ ਮੌਕੇ ਪ੍ਰੋ। ਭਾਟੀਆ ਜੀ ਨੇ ਕਿਹਾ ਕਿ ਸਾਡੇ ਅੱਜ ਖਰਚੇ ਗਏ 100 ਰੁਪਏ ਕੱਲ੍ਹ ਨੂੰ 1 ਕਰੋੜ ਦੀ ਬੱਚਤ ਕਰ ਸਕਦੇ ਹਨ ਅਤੇ ਉਨ੍ਹਾਂ ਨੇ ਕਿਹਾ ਕਿ ਇਹ ਸਿਖਲਾਈ ਅੰਤਰਰਾਸ਼ਟਰੀ ਪੱਧਰ 'ਤੇ ਦਿੱਤੀ ਜਾ ਰਹੀ ਹੈ ਅਤੇ ਉਨ੍ਹਾਂ ਨੇ ਸਮੂਹ ਟ੍ਰੇਨਰਾਂ ਨੂੰ ਇਹ ਸਿਖਲਾਈ ਅੰਤਰਰਾਸ਼ਟਰੀ ਮਿਆਰ ਅਨੁਸਾਰ ਕਰਵਾਉਣ ਦੀ ਹਦਾਇਤ ਕੀਤੀ। ਇਸ ਸਕੀਮ ਤਹਿਤ ਇੱਕ ਲੱਖ ਪੂਰੀ ਤਰ੍ਹਾਂ ਤੰਦਰੁਸਤ ਵਲੰਟੀਅਰ ਭਾਰਤ ਦੇ 350 ਜ਼ਿਲ੍ਹਿਆਂ ਨੂੰ ਆਫ਼ਤਾਂ ਦੌਰਾਨ ਬਚਾਅ ਕਾਰਜਾਂ ਲਈ ਸਿਖਲਾਈ ਦਿੱਤੀ ਜਾ ਰਹੀ ਹੈ। ਹਰੇਕ ਸਿੱਖਿਅਤ ਕਮਿਊਨਿਟੀ ਵਾਲੰਟੀਅਰ ਨੂੰ ਇੱਕ ਨਿੱਜੀ ਸੁਰੱਖਿਆ ਐਮਰਜੈਂਸੀ ਐਕਸ਼ਨ ਕਿੱਟ ਦੇ ਨਾਲ ਨਾਲ ਜੀਵਨ ਅਤੇ ਡਾਕਟਰੀ ਸਹੂਲਤਾਂ ਨੂੰ ਕਵਰ ਕਰਨ ਵਾਲਾ ਸਮੂਹ ਬੀਮਾ ਪ੍ਰਦਾਨ ਕੀਤਾ ਜਾਵੇਗਾ। ਇਸ ਸਕੀਮ ਤਹਿਤ ਬੀਤੇ ਦਿਨੀਂ ਐਸ.ਬੀ.ਐਸ. ਨਗਰ ਪੰਜਾਬ ਵਿਖੇ 12 ਰੋਜ਼ਾ ਸਿਖਲਾਈ ਕੈਂਪ ਦੀ ਸ਼ੁਰੂਆਤ ਕੋਰਸ ਡਾਇਰੈਕਟਰ ਪ੍ਰੋ. ਡਾ: ਜੋਗ ਸਿੰਘ ਭਾਟੀਆ (ਸੀਨੀਅਰ ਕੰਸਲਟੈਂਟ, ਮੈਗਸੀਪਾ) ਦੀ ਅਗਵਾਈ ਹੇਠ ਜ਼ਿਲ੍ਹੇ ਦੇ 200 ਵਲੰਟੀਅਰਾਂ ਨੂੰ ਦੇਸ਼ ਭਰ ਦੇ ਤਜਰਬੇਕਾਰ ਟ੍ਰੇਨਰਾਂ ਵੱਲੋਂ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਮੌਕੇ ਤਹਿਸੀਲਦਾਰ ਪ੍ਰਵੀਨ ਛਿੱਬਰ, ਨਾਇਬ ਤਹਿਸੀਲਦਾਰ ਅਮਰਪ੍ਰੀਤ ਕੁਮਾਰ, ਸੰਯੁਕਤ ਰਜਿਸਟਰਾਰ ਸਤਬੀਰ ਸਿੰਘ ਬਾਜਵਾ, ਸ਼ਰੁਤੀ ਅਗਰਵਾਲ ਸਲਾਹਕਾਰ, ਯੋਗੇਸ਼ ਉਨਿਆਲ, ਸੁਨੀਲ ਜਰਿਆਲ, ਗੁਲਸ਼ਨ ਹੀਰਾ, ਹਰਕੀਰਤ ਸਿੰਘ, ਅਮਨਪ੍ਰੀਤ ਕੌਰ, ਯੋਗੇਸ਼ ਸ਼ਰਮਾ, ਸਟੈਨਜਿਨ ਸੈਲਾ, ਕੁਮਾਰੀ ਨੂਰਨਿਸ਼ਾ, ਸ਼ੁਭਮ ਵਰਮਾ, ਸਚਿਨ ਸ਼ਰਮਾ ਅਤੇ ਅੰਸ਼ੁਮਨ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।



## ਐਡਵੋਕੇਟ ਰਣਜੀਤ ਕੁਮਾਰ ਦੂਜੀ ਵਾਰ ਬਣੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਪ੍ਰਧਾਨ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਐਡਵੋਕੇਟ ਰਣਜੀਤ ਕੁਮਾਰ ਦੂਜੀ ਵਾਰ ਜ਼ਿਲ੍ਹਾ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਪ੍ਰਧਾਨ ਚੁਣੇ ਗਏ ਹਨ। ਇਸ ਪ੍ਰਧਾਨੀ ਦੇ ਪਦ ਨੂੰ ਪ੍ਰਾਪਤ ਕਰਕੇ ਰਣਜੀਤ ਸਿੰਘ ਐਡਵੋਕੇਟ ਨੇ ਕਿਹਾ ਕਿ ਉਹ ਪਹਿਲਾਂ ਵਾਂਗ ਆਪਣੀ ਕਿੱਤੇ ਵਿੱਚ ਲੋਕ ਸੇਵਾ ਲਈ ਹਾਜ਼ਰ ਹੈ ਅਤੇ ਵਕੀਲ ਭਾਈਚਾਰੇ ਦੇ ਹਰ ਮਸਲੇ ਨੂੰ ਹੱਲ ਕਰਵਾਉਣ ਲਈ ਉਹ ਆਪਣੀਆਂ ਸੇਵਾਵਾਂ



ਦਾ ਸਰਬਉਚ ਪ੍ਰਯੋਗ ਕਰਨਗੇ।

ਇਸ ਦੇ ਨਾਲ ਨਾਲ ਓਹ ਸਮਾਜੀ ਕੰਮਾਂ ਨੂੰ ਪਹਿਲ ਦੇ ਆਧਾਰ ਤੇ ਕਰਦਿਆਂ ਸਮਾਜ ਦੀ ਭਲਾਈ ਲਈ ਪਹਿਲਾਂ ਵਾਂਗ ਹੀ ਸਮਾਜ ਸੇਵਾ ਕਰਨਗੇ ਅਤੇ ਆਪਣੇ ਮਿਸ਼ਨ ਤੇ ਪਹਿਰਾ ਦਿੰਦਿਆਂ ਰਹਿਬਰਾਂ ਦੀ ਗੱਲ ਨੂੰ ਜਨ ਜਨ ਤੱਕ ਪਹੁੰਚਾਉਂਦੇ ਰਹਿਣਗੇ।

ਇਸ ਜਿੱਤ ਉਪਰੰਤ ਉਹਨਾਂ ਕਿਹਾ ਕਿ ਉਹ ਵਕੀਲ ਭਾਈਚਾਰੇ ਲਈ ਹਰ ਵੇਲੇ ਉਹਨਾਂ ਦੀ ਇੱਜਤ ਨੂੰ ਹੋਰ ਵੀ ਬੁਲੰਦ ਕਰਨ ਲਈ ਕਾਰਜਸ਼ੀਲ ਹੋਣਗੇ ਅਤੇ ਉਹਨਾਂ ਇਹ ਵੀ ਕਿਹਾ ਕਿ ਅਸੀਂ ਆਪਣੇ ਪ੍ਰੋਫੈਸ਼ਨ ਨੂੰ ਇਸ ਕਦਰ ਲੋਕ ਸੇਵਾ ਵਿੱਚ ਹਾਜ਼ਰ ਕਰਾਂਗੇ ਕਿ ਆਉਣ ਵਾਲੇ ਆਉਣ ਵਾਲੀਆਂ ਪੀੜ੍ਹੀਆਂ ਵਕਾਲਤ ਪ੍ਰੋਫੈਸ਼ਨ ਵੱਲ ਉਤਸ਼ਾਹਿਤ ਹੋਣਗੀਆਂ ਤੇ ਉਹ ਵੀ ਆਪਣੇ ਆਪ ਨੂੰ ਵਕਾਲਤ ਪ੍ਰੋਫੈਸ਼ਨ ਵਿੱਚ ਪਾ ਕੇ ਇਸ ਕਾਰਵਾਂ ਨੂੰ ਹੋਰ ਵੀ ਅੱਗੇ ਲੈ ਕੇ ਜਾਣਗੀਆਂ ।

ਉਹਨਾਂ ਇਸ ਜਿੱਤ ਮਗਰੋਂ ਸਾਰੇ ਹੀ ਵਕੀਲ ਭਾਈਚਾਰੇ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਜਿਨਾਂ ਨੇ ਉਸ ਨੂੰ ਬਿਨਾਂ ਕਿਸੇ ਭੇਦ ਭਾਵ, ਜਾਤ ਪਾਤ, ਊਚ ਨੀਚ ਤੋਂ ਉੱਪਰ ਉੱਠ ਕੇ ਇਹ ਸੇਵਾ ਪ੍ਰਧਾਨ ਕਰਵਾਈ । ਉਹਨਾਂ ਇਸ ਮੌਕੇ ਕਿਹਾ ਕਿ ਇਸ 26 ਸਾਲ ਦੇ ਪ੍ਰੋਫੈਸ਼ਨ ਟਾਈਮ ਵਿੱਚ ਉਹਨਾਂ ਨੂੰ ਬਹੁਤ ਕੁਝ ਵਕੀਲ ਭਾਈਚਾਰੇ ਤੋਂ ਸਿੱਖਣ ਨੂੰ ਮਿਲਿਆ।

ਉਹਨਾਂ ਕਿਹਾ ਕਿ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਉਹ ਹਰ ਇੱਕ ਲੋੜਮੰਦ ਵਿਅਕਤੀ ਨੂੰ ਇਨਸਾਫ ਦਿਵਾਉਣਗੇ। ਜਿਕਰਯੋਗ ਹੈ ਕਿ ਐਡਵੋਕੇਟ ਰਣਜੀਤ ਕੁਮਾਰ ਇੱਕ ਬੇਹੱਦ ਮਿਹਨਤੀ ਅਤੇ ਮਿਸ਼ਨਰੀ ਸਖਸ਼ੀਅਤ ਹੈ, ਜੋ ਸਮਾਜ ਦੀ ਹਰ ਸਮੇਂ ਪਹਿਰੇਦਾਰੀ ਕਰਦੇ ਆਏ ਹਨ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਅੰਬੇਡਕਰ ਜੀ ਦੇ ਮਿਸ਼ਨ, ਉਨਾਂ ਦੀ ਵਿਚਾਰਧਾਰਾ ਨੂੰ ਸਮਰਪਿਤ ਹੋ ਕੇ ਲੋਕ ਹਿਤਾਂ ਵਿੱਚ ਉਤਰੇ ਹਨ। ਸਮਾਜ ਵਿੱਚ ਉਹਨਾਂ ਦੀ ਇੱਕ ਚੰਗੇ ਅਤੇ ਯੋਗ ਬੁਲਾਰੇ ਵਜੋਂ ਸਥਾਪਿਤੀ ਹੋ ਚੁੱਕੀ ਹੈ। ਵਕਾਲਤ ਪ੍ਰੋਫੈਸ਼ਨ ਵਿੱਚ ਉਹ ਆਪਣੀਆਂ ਸੇਵਾਵਾਂ ਬਤੌਰ ਏ ਪ੍ਰਧਾਨ ਬੇਝਿਜਕ, ਨਿਧੱੜਕ ,ਜਾਂਬਾਜ ਹੋ ਕੇ ਨਿਭਾਉਣ, ਸਾਡੀ ਇਹੀ ਦਿਲੀ ਦੁਆ ਹੈ।

## ਨਸ਼ਾ ਛੁਡਾਊ ਅਤੇ ਮੁੜ ਵਸੇਵਾ ਕੇਂਦਰ ਨਵਾਂਸ਼ਹਿਰ ਵਲੋਂ ਸ ਸ ਸ ਸ ਸਕੂਲ ਮੁੱਤੋਂ ਵਿਖੇ ਜਾਗਰੂਕਤਾ ਕੈਂਪ ਲਗਾਇਆ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)-** ਅੱਜ ਰੈੱਡ ਕਰਾਸ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਨਵਾਂਸ਼ਹਿਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪਿੰਡ ਮੁੱਤੋਂ ਵਿਖੇ "ਨਸ਼ਾ ਮੁਕਤ ਭਾਰਤ ਅਭਿਆਨ" ਤਹਿਤ ਜਾਗਰੂਕਤਾ ਕੈਂਪ ਲਗਾਇਆ ਗਿਆ। ਸਮਾਰਟ ਸਕੂਲ ਮੁੱਤੋਂ ਵਿਖੇ ਕਰਵਾਏ ਗਏ ਸਮਾਗਮ ਦੀ ਪ੍ਰਧਾਨਗੀ ਸ਼੍ਰੀਮਤੀ ਡਾ। ਨੀਲਮ ਰਾਣੀ (ਅਧਿਆਪਕ) ਵਲੋਂ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸ: ਚਮਨ ਸਿੰਘ (ਪ੍ਰੋਜੈਕਟ ਡਾਇਰੈਕਟਰ) ਨੇ ਕਿਹਾ ਕਿ ਪੰਜਾਬ ਦੀ ਧਰਤੀ ਨੇ ਹਮੇਸ਼ਾ ਹੀ ਬਹਾਦਰ ਯੋਧਿਆਂ ਨੂੰ ਜਨਮ ਦਿੱਤਾ ਹੈ ਪਰ ਕੁਝ ਲੋਕ ਆਪਣੇ ਫਾਇਦੇ ਲਈ ਨੌਜਵਾਨਾਂ ਨੂੰ ਨਸ਼ਿਆਂ ਦੇ ਰਾਹ 'ਤੇ ਪਾ ਕੇ ਪੰਜਾਬ ਦੇ ਭਵਿੱਖ ਨੂੰ ਖ਼ਤਰੇ ਵਿਚ ਪਾ ਰਹੇ ਹਨ। ਸਾਨੂੰ ਅਜਿਹੇ ਲੋਕਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਨਸ਼ਿਆਂ ਦੀ ਇਸ ਭੈੜੀ ਦਲ-ਦਲ ਤੋਂ ਬਚਣ ਲਈ ਸੁਚੇਤ ਰਹਿਣਾ ਚਾਹੀਦਾ ਹੈ। ਉਨ੍ਹਾਂ ਵਿਦਿਆਰਥਣਾਂ ਨੂੰ ਵਿਦਿਆਰਥੀ ਜੀਵਨ ਵਿੱਚ ਆ ਰਹੀਆਂ ਮੁਸ਼ਕਿਲਾਂ ਤੋਂ ਜਾਣੂ ਕਰਵਾਇਆ ਅਤੇ ਅਧਿਆਪਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਕੂਲੀ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਸਮੇਂ-ਸਮੇਂ 'ਤੇ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਬਾਰੇ ਵੀ ਜਾਣੂ ਕਰਵਾਉਣ ਤਾਂ ਜੋ ਵਿਦਿਆਰਥੀ ਇਨ੍ਹਾਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਹੋ ਸਕਣ। ਵਿਦਿਆਰਥੀਆਂ ਨੂੰ ਨਾਇਕਾਂ ਅਤੇ ਯੋਧਿਆਂ ਦੀਆਂ ਜੀਵਨੀਆਂ ਪੜ੍ਹ ਕੇ ਅਤੇ ਉਨ੍ਹਾਂ ਤੋਂ ਸੇਧ ਲੈ ਕੇ ਆਦਰਸ਼ ਜੀਵਨ ਬਤੀਤ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਨਵ ਚੇਤਨਾ ਮਾਡਿਊਲ ਬਾਰੇ ਵੀ ਵਿਦਿਆਰਥੀਆਂ ਨਾਲ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਦਿਆਂ ਸ੍ਰੀਮਤੀ ਡਾ। ਕਮਲਜੀਤ ਕੌਰ (ਕੌਂਸਲਰ) ਨੇ ਕਿਹਾ ਕਿ ਸਾਨੂੰ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਸਕੂਲ ਵਿੱਚ ਪਹੁੰਚਣਾ ਚਾਹੀਦਾ ਹੈ ਤਾਂ ਜੋ ਉਹ ਮਾੜੀ ਸੰਗਤ ਵਿੱਚ ਨਾ ਫਸਣ ਕਿਉਂਕਿ ਨਸ਼ਿਆਂ ਕਾਰਨ ਬੱਚਿਆਂ ਦਾ ਸਰੀਰਕ, ਬੌਧਿਕ ਅਤੇ ਮਾਨਸਿਕ ਵਿਕਾਸ ਪ੍ਰਭਾਵਿਤ ਹੁੰਦਾ ਹੈ। ਨਸ਼ੇ ਕਾਰਨ ਉਹ ਸਮਾਜ ਅਤੇ ਪਰਿਵਾਰ ਤੋਂ ਦੂਰ ਹੋ ਜਾਂਦੇ ਹਨ। ਉਨ੍ਹਾਂ ਰੈੱਡ ਕਰਾਸ ਨਸ਼ਾ ਛੁਡਾਊ ਕੇਂਦਰ ਨਵਾਂਸ਼ਹਿਰ ਅਤੇ ਇਸ ਦੀ ਦਾਖਲਾ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਨਸ਼ੇ ਦੇ ਆਦੀ ਵਿਅਕਤੀਆਂ ਦਾ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ। ਸ਼੍ਰੀਮਤੀ ਨੀਲਮ ਰਾਣੀ (ਅਧਿਆਪਕ) ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦਿਆਂ ਰੈੱਡ ਕਰਾਸ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਸਟਾਫ਼ ਮੈਂਬਰ ਅਲਕਾ, ਗੁਰਪ੍ਰੀਤ ਕੌਰ, ਰੁਪਿੰਦਰ ਕੌਰ ਅਤੇ ਵਿਦਿਆਰਥੀ ਹਾਜ਼ਰ ਸਨ।




## ਤਰਕ ਤੇ ਪਖੰਡ ਆਹਮੋ-ਸਾਹਮਣੇ - ਜਦੋਂ ਜੋਤਸ਼ੀਆਂ ਨੇ ਮਾਫ਼ੀ ਮੰਗ ਕੇ ਜਾਨ ਛੁਡਾਈ - ਕੁੱਲੇਵਾਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਗੜਸ਼ੰਕਰ ਚੰਡੀਗੜ੍ਹ ਮੁੱਖ ਮਾਰਗ ਤੇ ਪਿੰਡ ਬਗਵਾਈਂ - ਇਬਰਾਹੀਮਪੁਰ 'ਚ ਮੈਂ ਲੰਬਾ ਸਮਾਂ ਬਤੌਰ ਮੈਡੀਕਲ ਪ੍ਰੈਕਟੀਸ਼ਨਰ ਕੰਮ ਕੀਤਾ ਜਿੱਥੇ ਅਨੇਕਾਂ ਤਰਕਸ਼ੀਲ ਨਾਟਕ ਮੇਲੇ ਤੇ ਹੋਰ ਸਰਗਰਮੀਆਂ ਅਸੀਂ ਕਰਵਾਉਂਦੇ ਰਹੇ। ਲੋਕਾਂ ਨੂੰ ਤਰਕਸ਼ੀਲ ਸੁਸਾਇਟੀ ਬਾਰੇ ਜਾਣਕਾਰੀ ਸੀ। ਇੱਕ ਵਾਰੀ ਕੀ ਹੋਇਆ ਕਿ ਗੜ੍ਹਸ਼ੰਕਰ-ਚੰਡੀਗੜ੍ਹ ਮੁੱਖ ਮਾਰਗ ਤੇ ਇੱਕ ਮਿੱਤਰ ਨੇ ਐਸ।ਟੀ।ਡੀ। ਉਦੋਂ ਲਾਈ ਹੋਈ ਸੀ ਤੇ ਉੱਥੇ ਭੀੜ ਪਈ ਰਹਿੰਦੀ ਸੀ। ਮੈਂ ਉੱਥੋਂ ਲੰਘਿਆ ਤਾਂ ਦੋ ਅਖੌਤੀ ਜੋਤਸ਼ੀ ਉੱਥੇ ਲੋਕਾਂ ਦੇ ਭਵਿੱਖ ਦੱਸਣ ਚ ਮਸ਼ਰੂਫ ਸਨ। ਲੋਕਾਂ ਨੂੰ ਝੂਠੀਆਂ-ਸੱਚੀਆਂ ਗੱਲਾਂ ਦਸ ਚੱਕਰਾਂ ਵਿੱਚ ਫ਼ਸਾ ਰਹੇ ਸਨ। ਮੈਂ ਸਕੂਟਰ ਰੋਕ ਕੁੱਝ ਸਮਾਂ ਸਾਰਾ ਡਰਾਮਾ ਅੱਖੀਂ ਦੇਖਦਾ ਰਿਹਾ। ਬਾਅਦ ਵਿੱਚ ਮੈਂ ਹੌਲੀ ਦੇਣੀ ਜਾ ਕੇ ਭੀੜ ਵਿੱਚ ਜਾ ਖੜਾ ਹੋਇਆ ਤੇ ਜੋਤਸ਼ੀਆਂ ਦੇ ਚੱਲਦੇ ਕੰਮ ਚ ਮੈਂ ਮਲਕ ਦੇਣੀ ਦੀ ਉਹਨਾਂ ਦੇ ਕੋਲ ਪਿਆ ਉਨ੍ਹਾਂ ਦਾ ਇੱਕ ਵੱਡਾ ਝੋਲਾ ਜਿਹਾ ਖਿਸਕਾ ਲਿਆ ਤੇ ਐਸ।ਟੀ।ਡੀ। ਵਾਲੇ ਨੂੰ ਫੜਾ ਦਿੱਤਾ ਜਿਸ ਵਿੱਚ ਚੌਲ ਤੇ ਥੋੜਾ ਜਿਹਾ ਆਟਾ ਸੀ। ਉਨ੍ਹਾਂ ਦੇ ਕੋ.ਲ ਖੜ੍ਹੇ ਲੋਕਾਂ ਦਾ ਜਦੋਂ ਕੰਮ ਮੁੱਕਾ ਤਾਂ ਅਖੌਤੀ ਜੋਤਸ਼ੀ ਬਿਨਾਂ ਕੁੱਝ ਦੱਸੇ ਆਲਾ ਦੁਆਲਾ ਦੇਖਦੇ ਰਹੇ।

ਬਾਅਦ ਵਿੱਚ ਇੱਕ ਜਣਾ ਕਹਿੰਦਾ ਕਿ 'ਮੇਰੇ ਚਾਵਲ ਕਹਾਂ ਗਏ, ਮੇਰਾ ਆਟਾ ਕਹਾਂ ਗਿਆ। ਅਸੀਂ ਕੋਲ ਖੜਿਆਂ ਉਨ੍ਹਾਂ ਨੂੰ ਕੰਨੋਂ ਫ਼ੜ ਲਿਆ ਤੇ ਪੁੱਛਿਆ ਕਿ ਇਹਨਾਂ ਲੋਕਾਂ ਦੇ ਤੁਹਾਨੂੰ ਘਰ ਦੇ ਮੈਂਬਰਾਂ ਬਾਰੇ, ਰਿਸ਼ਤੇਦਾਰਾਂ ਬਾਰੇ ਤੇ ਉਨ੍ਹਾਂ ਦੇ ਭਵਿੱਖ ਬਾਰੇ ਜੇ ਪਤਾ ਹੈ ਤਾਂ ਆਪਣੀ ਵਿੱਦਿਆ ਨਾਲ ਜ਼ਰਾ ਚੌਲਾਂ ਦੇ ਝੋਲੇ ਦੀ ਭਾਲ ਕਰੋ ਤਾਂ, ਜੇ ਤੁਸੀਂ ਲੱਭ ਲਿਆ ਤਾਂ ਇਨਾਮ ਦੇਵਾਂਗਾ। ਜਦੋਂ ਉਨ੍ਹਾਂ ਨੂੰ ਕੋਈ ਗੱਲ ਨਾ ਅਹੁੜੀ ਤਾਂ ਝੱਟ ਪੈਰ ਫ਼ੜਨ ਲੱਗੇ, ਕਹਿੰਦੇ ਸਰਦਾਰ ਜੀ ਇਹ ਤਾਂ ਤੀਰ-ਤੁੱਕਾ ਹੈ ਸਾਡੇ ਪਾਸ ਕੋਈ ਸ਼ਕਤੀ ਨਹੀਂ। ਉੱਥੇ ਪਹਿਲਾਂ ਵਾਲੇ ਠਗੇ ਗਏ ਲੋਕਾਂ ਨੇ ਉਨ੍ਹਾਂ ਨੂੰ ਘੇਰਾ ਪਾ ਲਿਆ ਤੇ ਆਪਣੇ ਪੈਸੇ ਮੁੜਵਾਏ।ਲੋਕਾਂ ਨੂੰ ਪਤਾ ਲੱਗ ਗਿਆ ਕਿ ਇਹ ਸਾਰਾ ਕੁਝ ਝੂਠ ਤੇ ਧੋਖਾ ਹੈ। ਲੋਕਾਂ ਸਾਹਮਣੇ ਉਹਨਾਂ ਝੋਲਿਆਂ ਚੋ ਇੱਕ ਕਿੱਲੋ ਦੇ ਕਰੀਬ ਧਾਗੇ- ਤਵੀਤ ਜਿਹੇ ਕੱਢੇ ਤੇ ਉਹਨਾਂ ਮੰਨਿਆ ਕਿ ਲੋਕਾਂ ਨੂੰ ਅਸੀਂ ਭਰਮ ਜਾਲ ਚ ਪਾ ਕੇ ਆਪਣਾ ਤੋਰੀ ਫੁਲਕਾ ਚਲਾਉਂਦੇ ਹਾਂ। ਉਨ੍ਹਾਂ ਕੰਨ ਫ਼ੜ ਕੇ ਲੋਕਾਂ ਤੋਂ ਮੁਆਫ਼ੀ ਮੰਗੀ ਦੋਨੋਂ ਹੱਥ ਖੜ੍ਹੇ ਕਰ ਕੇ ਖਹਿੜਾ ਛੁਡਾਵਾਇਆ ਤੇ ਅੱਗੇ ਤੋਂ ਅਜਿਹਾ ਨਾ ਕਰਨ ਦਾ ਭਰੋਸਾ ਦਿੱਤਾ।

ਇਸ ਮੌਕੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦਿਆਂ ਮੈਂ ਹੋਰ ਅਜਿਹੀਆਂ ਘਟਨਾਵਾਂ ਬਾਰੇ ਗੱਲ ਸਾਂਝੀ ਕੀਤੀ ਤੇ ਦੱਸਿਆ ਕਿ ਜੇ ਕੋਈ ਵਿਅਕਤੀ ਸੁਸਾਇਟੀ ਵਲੋਂ ਰੱਖੀਆਂ 23ਸ਼ਰਤਾਂ ਪੂਰੀਆਂ ਕਰਕੇ ਦਿਖਾਵੇ ਤਾਂ ਉਸਨੂੰ ਸੁਸਾਇਟੀ ਵਲੋਂ ਰੱਖਿਆ ਇਨਾਮ ਦਿੱਤਾ ਜਾਵੇਗਾ ਜੋ ਅਜੇ ਤੱਕ ਵੀ ਕੋਈ ਜਿੱਤ ਨਾ ਸਕਿਆ,ਆਪਣੀਆਂ ਜਮਾਨਤਾਂ ਜ਼ਰੂਰ ਜ਼ਬਤ ਕਰਵਾ ਗਏ। ਹੱਥਾਂ ਦੀਆਂ ਲਕੀਰਾਂ ਤੇ ਮੱਥੇ ਦੀਆਂ ਲਕੀਰਾਂ ਚ ਕੁੱਝ ਨਹੀਂ ਲਿਖਿਆ। ਲੋਕਾਂ ਨੂੰ ਆਪਣੀ ਹੋਣੀ ਦੇ ਆਪ ਮਾਲਕ ਬਣਨ ਲਈ ਪ੍ਰੇਰਿਆ। ਵਹਿਮਾਂ ਭਰਮਾਂ ਵਿੱਚ ਫਸਕੇ ਲੁੱਟ ਕਰਵਾਉਣ ਤੋਂ ਬਚਣ ਲਈ ਸੁਨੇਹਾ ਦਿੱਤਾ ਤੇ ਵਿਗਿਆਨਕ ਸੋਚ ਦੇ ਧਾਰਨੀ ਬਣਨ ਦਾ ਸੱਦਾ ਦਿੱਤਾ। ਅੰਤ ਚ ਇਹੀ ਕਹਾਂਗੇ "ਤਰਕਸ਼ੀਲ ਦਿੰਦੇ ਨੇ ਹੋਕਾ, ਜੋਤਿਸ਼ ਵਿੱਦਿਆ ਝੂਠ ਤੇ ਧੋਖਾ।"

# ਯਾਦਗਾਰੀ ਹੋ ਨਿਬੜਿਆ "ਪੇਰੀਆਰ ਰਚਨਾਵਲੀ-ਨਵੇਂ ਯੁੱਗ ਦਾ ਸੁਕਰਾਤ" ਲੋਕ-ਅਰਪਣ ਤੇ ਗੋਸ਼ਟੀ ਸਮਾਗਮ





ਅਦਾਰਾ ਸੰਗਰਾਮੀ ਲਹਿਰ ਵਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਗ਼ਦਰੀ ਸ਼ਹੀਦ ਵਿਸ਼ਨੂ ਗਣੇਸ਼ ਪਿੰਗਲੇ ਹਾਲ ਵਿਖੇ ਆਲਮੀ ਪ੍ਰਸਿੱਧੀ ਦੇ ਮਾਲਕ ਏਸ਼ੀਆਈ ਖਿੱਤੇ ਦੇ ਜ਼ਹੀਨ ਚਿੰਤਕ ਤੇ ਸਮਾਜ ਸੁਧਾਰਕ ਈ.ਵੀ.ਰਾਮਾਸਾਮੀ ਪੇਰੀਆਰ ਦੀ ਸਮੁਚੀ ਰਚਨਾ 'ਤੇ ਅਧਾਰਿਤ ਡਾ. ਜਸਵੰਤ ਰਾਏ ਵਲੋਂ ਅਨੁਵਾਦਤ ਵੱਡ-ਅਕਾਰੀ ਪੁਸਤਕ ਉਪੇਰੀਆਰ ਰਚਨਾਵਲੀ-ਨਵੇਂ ਯੁੱਗ ਦਾ ਸੁਕਰਾਤ" ਦਾ ਕਰਵਾਇਆ ਲੋਕ-ਅਰਪਣ ਅਤੇ ਗੋਸ਼ਟੀ ਸਮਾਗਮ ਯਾਦਗਾਰੀ ਹੋ ਨਿਬੜਿਆ।ਸਮਾਗਮ ਦੀ ਪ੍ਰਧਾਨਗੀ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਸਾਬਕਾ ਮੁਖੀ ਡਾ. ਕਰਮਜੀਤ ਸਿੰਘ, ਨਵਾਂ ਜ਼ਮਾਨਾ ਦੇ ਸਾਹਿਤ ਸੰਪਾਦਕ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ, ਸੰਗਰਾਮੀ ਲਹਿਰ ਦੇ ਸੰਪਾਦਕ ਮੰਗਤ ਰਾਮ ਪਾਸਲਾ, ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਦੇ ਸਹਾਇਕ ਸਕੱਤਰ ਅਤੇ ਇਤਿਹਾਸਕਾਰ ਚਰੰਜੀ ਲਾਲਾ ਕੰਗਣੀਵਾਲ ਅਤੇ ਉੱਘੇ ਲੋਕ ਆਗੂ ਮਾਸਟਰ ਹਰਕੰਵਲ ਨੇ ਕੀਤੀ।ਮੁਖ ਪਰਚਾ ਅਨੁਵਾਦਕ ਡਾ. ਜਸਵੰਤ ਰਾਏ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਨੇ ਪੇਸ਼ ਕਰਦਿਆਂ ਕਿਹਾ ਕਿ ਪੇਰੀਆਰ ਇੱਕ ਮਿਸ਼ਨਰੀ, ਕ੍ਰਾਂਤੀਕਾਰੀ ਸਮਾਜ ਸੁਧਾਰਕ ਸਨ ਜਿਨ੍ਹਾਂ ਨੇ ਆਪਣੀ ਆਪਣੀ ਸਾਰੀ ਸੰਪੱਤੀ ਆਤਮ ਸਨਮਾਨ ਅੰਦੋਲਨ ਦੇ ਨਾਂ ਕਰਕੇ ਤਮਾਮ ਉਮਰ ਦਲਿਤਾਂ ਦਮਿਤਾਂ ਦੇ ਮਾਨਵਵਾਦੀ ਹੱਕਾਂ ਲਈ ਕੰਮ ਕੀਤਾ।ਉਸ ਦੇ ਕੰਮਾਂ ਦਾ ਘੇਰਾ ਰੱਬ, ਆਤਮਾ, ਜੋਤਿਸ਼ ਤੋਂ ਵੀ ਪਾਰ ਬੜਾ ਵਸੀਹ ਹੈ।ਲੋਕ ਹਿੱਤਾਂ ਲਈ ਕੰਮ ਕਰਦਿਆਂ ਉਨ੍ਹਾਂ ਅਨੇਕ ਵਾਰ ਜੇਲ੍ਹ ਯਾਤਰਾ ਅਤੇ ਸੈਕੜੇ ਅੰਦੋਲਨਾਂ ਦੀ ਅਗਵਾਈ ਕੀਤੀ ਜਿਨਾਂ ਬਾਰੇ ਜਾਣਕਾਰੀ ਬੜੇ ਵਿਸਤਾਰ ਨਾਲ ਲੋਕ ਅਰਪਿਤ ਕੀਤੀ ਜਾ ਰਹੀ ਪੁਸਤਕ ਵਿੱਚ ਦਰਜ ਹੈ।ਡਾ. ਹਰਜਿੰਦਰ ਅਟਵਾਲ ਨੇ ਪੇਰੀਆਰ ਦੇ ਕਥਨ 'ਤਰਕਹੀਣਤਾ ਵਿੱਚੋਂ ਗ਼ੁਲਾਮੀ ਨਿਕਲਦੀ ਹੈ ਤੇ ਗ਼ੁਲਾਮੀ ਗਰੀਬੀ ਅਤੇ ਸੋਸ਼ਣ ਦਾ ਕਾਰਨ ਬਣਦੀ ਹੈ' ਨੂੰ ਵਿਸਤਾਰ ਦਿੰਦਿਆਂ ਕਿਹਾ ਕਿ ਪੇਰੀਆਰ ਤਰਕਹੀਣਤਾ, ਕਿਸਮਤਵਾਦ, ਜੋਤਿਸ਼ ਅਤੇ ਥੋਥੀਆਂ ਰਸਮਾਂ ਦਾ ਕੱਟੜ ਵਿਰੋਧੀ ਸੀ।ਵਿਚਾਰਧਾਰਾ 'ਤੇ ਅਡੋਲ ਅਤੇ ਨਿਰਭੈਅ ਹੋ ਕੇ ਚੱਲਣ ਵਾਲੇ ਪੇਰੀਆਰ ਦੇ ਵਿਚਾਰ ਅਜੋਕੇ ਦੌਰ ਵਿੱਚ ਵੱਧ ਪ੍ਰਸੰਗਿਕ ਜਾਪਦੇ ਹਨ।ਇਹ ਵਿਚਾਰ ਗੁਰੂਆਂ ਭਗਤਾਂ ਦੇ ਨਾਲ ਨਾਲ ਫੂਲੇ, ਅੰਬੇਡਕਰ, ਮੰਗੂ ਰਾਮ ਮੁਗੋਵਾਲੀਆ ਅਤੇ ਸ਼ਹੀਦ ਭਗਤ ਸਿੰਘ ਦੀ ਵਚਾਰਧਾਰਾ ਨੂੰ ਅਗਾਂਹ ਤੋਰਦੇ ਲਗਦੇ ਹਨ।ਚਰੰਜੀ ਲਾਲ ਕੰਗਣੀਵਾਲ ਨੇ ਵੀਹਵੀਂ ਸਦੀ ਦੇ ਦੂਜੇ ਤੀਜੇ ਦਹਾਕੇ ਦੌਰਾਨ ਚੱਲੀਆਂ ਲੋਕ ਲਹਿਰਾਂ ਨਾਲ ਪੇਰੀਆਰ ਦੇ ਸੰਘਰਸ਼ ਨੂੰ ਜੋੜ ਕੇ ਭਾਵਪੂਰਨ ਵਿਚਾਰ ਪੇਸ਼ ਕੀਤੇ।ਮੰਗਤ ਰਾਮ ਪਾਸਲਾ ਨੇ ਕਿਹਾ ਕਿ ਭਾਵੇਂ ਅਸੀਂ ਲੇਟ ਤੁਰੇ ਹਾਂ ਪਰ ਆਰਥਿਕ ਅਤੇ ਸਮਾਜਿਕ ਪੱਖਾਂ ਨੂੰ ਇਕਸਾਰ ਜੋੜ ਕੇ ਵਿਢਿਆ ਸੰਘਰਸ਼ ਇਨ੍ਹਾਂ ਰਹਿਬਰਾਂ ਦੀ ਸੋਚ ਨੂੰ ਅੱਗੇ ਲੈ ਕੇ ਜਾਵੇਗਾ।ਭਰੇ ਹਾਲ ਵਿੱਚ ਬੈਠੇ ਸਰੋਤਿਆਂ ਦੇ ਸਵਾਲਾਂ ਦੇ ਡਾ. ਜਸਵੰਤ ਰਾਏ ਨੇ ਸੰਖੇਪ ਜਵਾਬ ਦਿੱਤੇ।ਪੁਸਤਕ ਲੋਕ-ਅਰਪਣ ਕਰਨ ਉਪਰੰਤ ਇਸ ਮੌਕੇ ਪਾਰਟੀ ਆਰ.ਐਮ.ਪੀ.ਆਈ. ਦੀ ਵੈਬਸਾਈਟ ਵੀ ਲਾਂਚ ਕੀਤੀ ਗਈ।ਡਾ. ਕਰਮਜੀਤ ਸਿੰਘ ਨੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਕਿਹਾ ਕਿ ਡਾ. ਜਸਵੰਤ ਰਾਏ ਨੇ ਇਸ ਅਨੁਵਾਦ ਰਾਹੀਂ ਉਤਰੀ ਭਾਰਤ ਵਿੱਚ ਅੱਜ ਦੇ ਸ਼ੁਧ ਚਾਰਵਾਕ ਪੇਰੀਆਰ ਦੀ ਭਰਵੀਂ ਹਾਜ਼ਰੀ ਲੁਆ ਦਿੱਤੀ ਹੈ।ਬੁਧ, ਸਮਾਜ, ਸਿੱਖਿਆ, ਔਰਤ, ਵਿਦਿਆਰਥੀ, ਅਰਥ ਸ਼ਾਸਤਰ ਬਾਰੇ ਪੇਰੀਆਰ ਦੇ ਕਥਨ ਗੌਲਣਯੋਗ ਹਨ।ਉਨ੍ਹਾਂ ਨੇ ਪੇਰੀਆਰ ਬਾਰੇ ਹੋਈ ਗੱਲਬਾਤ 'ਤੇ ਆਪਣੀਆਂ ਸਾਰਥਕ ਟਿੱਪਣੀਆਂ ਦਿੱਤੀਆਂ।ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਸਾਥੀ ਮਹੀਪਾਲ ਨੇ ਬਾਖ਼ੂਬੀ ਨਿਭਾਈ।ਇਸ ਮੌਕੇ ਅੰਬੇਡਕਰੀ ਅਤੇ ਖੱਬੇ ਪੱਖੀ ਵਿਚਾਰਧਾਰਾ ਨੂੰ ਪ੍ਰਣਾਏ ਮਿਸ਼ਨਰੀ ਕਾਰਕੁੰਨਾਂ ਤੋਂ ਇਲਾਵਾ ਵੱਖ-ਵੱਖ ਖੇਤਰਾਂ ਦੀ ਸਿਰਕੱਢ ਸਮਾਜਿਕ ਅਤੇ ਸਾਹਿਤਕ ਹਸਤੀਆਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ (9815825999)**

# ਸ਼ਹੀਦ ਊਧਮ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਚਾਰ-ਚਰਚਾ 26 ਨੂੰ

**ਜਲੰਧਰ-** ਆਜ਼ਾਦੀ ਸੰਗਰਾਮ ਦੇ ਇਤਿਹਾਸ ਅੰਦਰ ਚਮਕਦੇ ਸਿਤਾਰੇ ਸ਼ਹੀਦ ਊਧਮ ਸਿੰਘ ਦੇ ਜਨਮ ਦਿਹਾੜੇ (26 ਦਸੰਬਰ 1899) ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਵਿਚਾਰ-ਚਰਚਾ 26 ਦਸੰਬਰ ਦਿਨ ਮੰਗਲਵਾਰ 11:30 ਵਜੇ ਦੇਸ਼ ਭਗਤ ਯਾਦਗਾਰ ਹਾਲ ਦੇ ਰੀਡਿੰਗ ਰੂਮ ਵਿੱਚ ਹੋਏਗੀ।



ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਜਨਰਲ ਬਾਡੀ ਦੇ ਲਏ ਫੈਸਲਿਆਂ ਦੀ ਰੌਸ਼ਨੀ 'ਚ ਨਿਰੰਤਰ ਸਰਗਰਮੀਆਂ ਦੀ ਲੜੀ ਵਜੋਂ ਸ਼ਹੀਦ ਊਧਮ ਸਿੰਘ ਦੇ ਜਨਮ ਦਿਹਾੜੇ ਮੌਕੇ ਗ਼ਦਰ ਪਾਰਟੀ ਦੀ ਵਿਰਾਸਤ ਨੂੰ ਅੱਗੇ ਤੋਰਨ ਵਾਲੇ, ਸਮਾਜਕ ਬਦਲਾਅ ਦੇ ਚਿੰਨ੍ਹ ਸ਼ਹੀਦ ਊਧਮ ਸਿੰਘ ਦੇ ਸੰਗਰਾਮੀ ਜੀਵਨ ਸਫ਼ਰ, ਲਿਖਤਾਂ, ਉਦੇਸ਼ਾਂ ਦੀ ਪ੍ਰਸੰਗਕਤਾ ਸਾਹਮਣੇ ਲਿਆਉਣ ਲਈ ਇਹ ਵਿਚਾਰ-ਚਰਚਾ ਸਾਰਥਕ ਉੱਦਮ ਹੋਏਗੀ। ਕਮੇਟੀ ਨੇ ਵਿਸ਼ੇਸ਼ ਕਰਕੇ ਲੋਕ-ਪੱਖੀ ਜਨਤਕ ਜਥੇਬੰਦੀਆਂ, ਸਾਹਿਤਕ/ਸਭਿਆਚਾਰਕ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਇਸ ਵਿਚਾਰ-ਚਰਚਾ 'ਚ ਸ਼ਿਰਕਤ ਕਰਨ ਦੀ ਅਪੀਲ ਕੀਤੀ ਹੈ।

# ਐਸ. ਸੀ., ਐਸ. ਟੀ. ਅਤੇ ਓਬੀਸੀ ਦਾ ਗਲਾ ਘੋਟਣ ਵਿਚ ਕਾਂਗਰਸ ਅਤੇ ਭਾਜਪਾ ਇਕੋ ਸਿੱਕੇ ਦੇ ਦੋ ਪਹਿਲੂ: ਐਡਵੋਕੇਟ ਨਰੇਸ਼

**ਊਨਾ**-ਹਿਮਾਚਲ ਸਰਕਾਰ ਦੁਆਰਾ ਜੰਗਲਾਤ ਵਿਭਾਗ ਵਿਚ ਜੰਗਲ ਗਾਰਡਾਂ ਦੀਆਂ 2061 ਪੋਸਟਾਂ ਭਰਨ ਦੇ ਲਈ ਭਰਤੀ ਪ੍ਰਕਿਰਿਆ ਆਰੰਭ ਕਰ ਦਿੱਤੀ ਗਈ ਹੈ ਪਰ ਇਹਨਾਂ ਪੋਸਟਾਂ ਵਿਚ ਐਸ. ਸੀ., ਐਸ. ਟੀ. ਅਤੇ ਓਬੀਸੀ ਦੇ ਸੰਵਿਧਾਨਕ ਅਧਿਕਾਰਾਂ ਦੀ ਅਣਦੇਖੀ ਕਰਕੇ ਰੋਸਟਰ ਪ੍ਰਣਾਲੀ ਦੇ ਨਾਲ-ਨਾਲ ਰਿਜ਼ਰਵੇਸ਼ਨ ਨੂੰ ਖਤਮ ਕਰ ਦਿੱਤਾ ਗਿਆ ਹੈ, ਜਦਕਿ ਸੁਪਰੀਮ ਕੋਰਟ ਵਿਚ ਕੇਂਦਰ ਸਰਕਾਰ ਨੇ ਹਲਫਨਾਮਾ ਦੇ ਕੇ ਅਸਥਾਈ ਨਿਯੁਕਤੀਆਂ ਜੋ 45 ਦਿਨ ਤੋਂ ਉਪਰ ਹੰਦੀਆਂ ਹਨ, 'ਤੇ ਵੀ ਐਸ. ਸੀ., ਐਸ. ਟੀ. ਅਤੇ ਓਬੀਸੀ ਨੂੰ ਰੋਸਟਰ ਲਗਾ ਕੇ ਰਿਜ਼ਰਵੇਸ਼ਨ ਦੇਣ ਦੇ ਆਦੇਸ਼ ਦੇ ਦਿੱਤੇ, ਕਹਿ ਕੇ ਕੇਸ ਬੰਦ ਹੋਇਆ ਸੀ। ਉਥੇ ਹੀ ਕੇਂਦਰ ਦੀ ਨੋਟੀਫਿਕੇਸ਼ਨ ਮੁਤਾਬਕ ਹਿਮਾਚਲ ਵਿਚ ਸੀ. ਅਤੇ ਡੀ. ਪੋਸਟਾਂ 'ਤੇ 25 ਫੀਸਦੀ ਐਸ. ਸੀ. ਦੇ ਲਈ ਰਿਜ਼ਰਵ ਹੋਣਗੀਆਂ, ਪਰ ਹਿਮਾਚਲ ਸਰਕਾਰ 15 ਫੀਸਦੀ ਨੂੰ ਵੀ ਕਿਨਾਰੇ ਕਰਕੇ ਆਪਣੀ ਰੂਲਿੰਗ ਬਣਾ ਕੇ ਰਿਜ਼ਰਵ ਸਮਾਜ ਦਾ ਗਲਾ ਘੋਟਣ ਦਾ ਕੰਮ ਕਰ ਰਹੀ ਹੈ। ਇਹ ਗੱਲ ਐਡਵੋਕੇਟ ਨਰੇਸ਼ ਸੈਂਸਰਵਾਲ ਨੇ ਇਕ ਪ੍ਰੈਸ ਕਾਨਫਰੰਸ ਵਿਚ ਕਹੀ। ਉਹਨਾਂ ਕਿਹਾ ਕਿ ਕਾਂਗਰਸ ਦੀ ਹਾਈ ਕਮਾਨ ਆਬਾਦੀ ਦੇ ਹਿਸਾਬ ਨਾਲ ਹਰ ਖੇਤਰ ਵਿਚ ਹਿੱਸੇਦਾਰੀ ਦੇਣ ਦਾ ਢੰਡੋਰਾ ਪਿੱਟ ਰਹੀ ਹੈ ਅਤੇ ਉਹਨਾਂ ਦੀ ਹਿਮਾਚਲ ਸਰਕਾਰ ਸੰਵਿਧਾਨਕ ਅਧਿਕਾਰਾਂ ਦਾ ਘਾਣ ਕਰਕੇ ਐਸ. ਸੀ., ਐਸ. ਟੀ. ਅਤੇ ਓਬੀਸੀ ਨੂੰ ਰਿਜ਼ਰਵੇਸ਼ਨ ਤੋਂ ਵਾਂਝਾ ਕਰ ਰਹੀ ਹੈ ਅਤੇ ਲੱਗਦਾ ਹੈ ਕਿ ਮੁੱਖ ਮੰਤਰੀ ਦੁ-ਆਰਾ ਵਿਵਸਥਾ ਤਬਦੀਲੀ ਵਿਚ ਇਕ ਇਹ ਵੀ ਹੈ। ਉਹਨਾਂ ਕਿਹਾ ਕਿ ਇਹੀ ਮਾਪਦੰਡ ਅਧਿਆਪਕਾਂ ਦੀ



ਭਰਤੀ ਜਿਵੇਂ ਪੀ. ਟੀ. ਏ., ਪੈਟ, ਐਸ. ਐਸ. ਸੀ., ਸਿੱਖਿਆ ਉਪਾਸਕ ਵਰਗੇ ਨਾਂ ਦੇ ਕੇ ਰਿਜ਼ਰਵ ਵਰਗ ਦਾ ਭਾਜਪਾ ਅਤੇ ਕਾਂਗਰਸ ਦੋਵੇਂ ਸਰਕਾਰਾਂ ਨੇ ਗਲਾ ਘੁੱਟਿਆ ਹੈ, ਜਦਕਿ ਹਜ਼ਾਰਾਂ ਨੌਜਵਾਨ ਹਰ ਵਰਗ ਵਿਚ ਜੇਬੀਟੀ, ਟੀਜੀਟੀ, ਪੀਜੀਟੀ, ਸ਼ਾਸਤਰੀ ਆਦਿ ਡਿਗਰੀਆਂ ਲੈ ਕੇ ਬੇਰੁਜ਼ਗਾਰ ਘਰਾਂ ਵਿਚ ਬੈਠੇ ਹਨ ਪਰ ਸਰਕਾਰਾਂ ਉਚਿਤ ਸਿੱਖਿਆ ਯੋਗਤਾ ਦੀ ਅਣਦੇਖੀ ਕਰਕੇ ਸਿੱਖਿਆ ਦਾ ਭੱਠਾ ਬਿਠਾ ਰਹੀ ਹੈ। ਇਸੇ ਕਿਸਮ ਦੀ ਨੀਤੀ ਅਪਣਾ ਕੇ ਗੈਸਟ ਟੀਚਰਭਰਤੀ ਵੀ ਸਰਕਾਰ ਕਰਨ ਜਾ ਰਹੀ ਹੈ। ਦੂਜੇ ਵਿਭਾਗ ਜਲ ਸ਼ਕਤੀ, ਪੀ. ਡਬਲਿਊ. ਡੀ. ਆਦਿ ਵਿਚ ਵੀ ਇਸੇ ਤਰ੍ਹਾਂ ਭਰਤੀਆਂ ਕਰਨ ਦੀ ਸਰਕਾਰ ਦੀ ਯੋਜਨਾ ਹੈ। ਐਡਵੋਕੇਟ ਨਰੇਸ਼ ਨੇ ਕਿਹਾ ਕਿ ਐਸ. ਸੀ., ਐਸ. ਟੀ. ਅਤੇ ਓਬੀਸੀ ਸਮਾਜ ਨੂੰ ਭਾਜਪਾ ਦਾ ਤਾਂ ਇਹਨਾਂ ਵਰਗਾਂ ਦੇ ਵਿਰੋਧੀ ਹੋਣ ਦਾ ਅਹਿਸਾਸ ਹੈ ਹੀ ਪਰ ਜੋ ਕਾਂਗਰਸ ਦੇ ਮੁੱਖ ਮੰਤਰੀ ਜੋ ਦਿਨ ਰਾਤ ਸਭਾਵਾਂ ਵਿਚ ਵਿਵਸਥਾ ਤਬਦੀਲੀ ਦੀ ਗੱਲ ਕਰਦੇ ਹਨ, ਉਹ ਵੀ ਭਾਜਪਾ ਆਧਾਰਿਤ ਵਿਵਸਥਾ ਦੀ ਨਕਲ ਕਰਕੇ ਰਿਜ਼ਰਵ ਸਮਾਜ ਦਾ ਗਲਾ ਘੋਟਣ ਵਿਚ ਪਿੱਛੇ ਨਹੀਂ ਹਨ। ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਦੋਵੇਂ ਪਾਰਟੀਆਂ ਦੇ ਰਿਜ਼ਰਵ ਸੈਲ ਦੇ ਪ੍ਰਧਾਨ ਅਤੇ ਰਿਜ਼ਰਵ ਵਰਗ ਦੇ ਵਿਧਾਇਕ, ਮੰਤਰੀ ਅਜਿਹੇ ਸਮਾਜ ਹਿੱਤ ਦੇ ਮੁੱਦਿਆਂ 'ਤੇ ਚੁੱਪ ਬੈਠੇ ਹਨ। ਐਡਵੋਕੇਟ ਨਰੇਸ਼ ਨੇ ਮੁੱਖ ਮੰਤਰੀ ਨੂੰ ਬੇਨਤੀ ਕੀਤੀ ਕਿ ਰਿਜ਼ਰਵ ਸਮਾਜ ਨੂੰ ਉਹਨਾਂ ਦਾ ਸੰਵਿਧਾਨਕ ਹੱਕ ਦਿੱਤਾ ਜਾਵੇ। ਰਿਜ਼ਰਵ ਸਮਾਜ ਨੇ ਕਾਂਗਰਸ ਨੂੰ ਸੂਬੇ ਦੀ ਸੱਤਾ ਵਿਚ ਲਿਆਉਣ 'ਚ ਅਹਿਮ ਯੋਗਦਾਨ ਪਾਇਆ ਹੈ। ਜੇਕਰ ਅਜਿਹਾ ਹੀ ਚਲਦਾ ਰਿਹਾ ਤਾਂ ਆਗਾਮੀ ਚੋਣਾਂ ਵਿਚ ਸੱਤਾਧਾਰੀ ਪਾਰਟੀ ਨੂੰ ਨੁਕਸਾਨ ਹੋ ਸਕਦਾ ਹੈ।

# ਬਲਵਿੰਦਰ ਸਿੰਘ ਦੂਜੀ ਵਾਰ ਬਣੇ ਬਾਰ ਕਲਰਕ ਐਸੋਸੀਏਸ਼ਨ ਫਗਵਾੜਾ ਦੇ ਪ੍ਰਧਾਨ

## ਚੰਦਨ ਰਾਏ ਨੂੰ ਸਕੱਤਰ ਤੇ ਮਨਿੰਦਰ ਸਿੰਘ ਖਜ਼ਾਨਚੀ ਐਲਾਨਿਆ

**ਫਗਵਾੜਾ (ਬੀ.ਕੇ. ਰੱਤੂ)** ਬਾਰ ਕਲਰਕ ਐਸੋਸੀਏਸ਼ਨ ਫਗਵਾੜਾ ਦੀ ਮੀਟਿੰਗ ਬਾਰ ਰੂਮ ਵਿੱਚ ਹੋਈ। ਜਿਸ ਵਿੱਚ ਸਾਲ 2024-25 ਲਈ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਮੀਟਿੰਗ ਦੌਰਾਨ ਬਲਵਿੰਦਰ ਸਿੰਘ ਦੀਆਂ ਸ਼ਾਨਦਾਰ ਸੇਵਾਵਾਂ ਦੇ ਮੱਦੇਨਜ਼ਰ ਉਨ੍ਹਾਂ ਨੂੰ ਸਰਬਸੰਮਤੀ ਨਾਲ ਦੂਜੀ ਵਾਰ ਪ੍ਰਧਾਨ ਦਾ ਅਹੁਦਾ ਸੌਂਪਿਆ ਗਿਆ। ਇਸ ਤੋਂ ਇਲਾਵਾ ਚੰਦਨ ਰਾਏ ਨੂੰ ਸਕੱਤਰ ਅਤੇ ਮਨਿੰਦਰ ਸਿੰਘ ਨੂੰ ਖਜ਼ਾਨਚੀ ਨਾਮਜ਼ਦ ਕੀਤਾ ਗਿਆ। ਪ੍ਰਧਾਨ ਬਲਵਿੰਦਰ ਸਿੰਘ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮੂਹ ਮੈਂਬਰਾਂ ਨੇ ਉਨ੍ਹਾਂ 'ਤੇ ਜੋ ਭਰੋਸਾ ਦਿਖਾਇਆ ਹੈ, ਉਸ ਨੂੰ ਕਾਇਮ ਰੱਖਣ ਲਈ ਉਹ ਹਰ ਸੰਭਵ ਯਤਨ ਕਰਨਗੇ। ਉਨ੍ਹਾਂ ਸਮੂਹ ਮੈਂਬਰਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਅਤੇ ਐਸੋਸੀਏਸ਼ਨ ਦੀ ਤਰਫੋਂ ਸਮਾਜ ਸੇਵਾ ਵਿਚ ਲਗਾਤਾਰ ਯੋਗਦਾਨ ਪਾਉਣ ਦੀ ਗੱਲ ਵੀ ਕਹੀ। ਇਸ ਮੌਕੇ ਬਲਦੇਵ



ਸ਼ਰਮਾ, ਮਨੋਜ ਕੁਮਾਰ ਰਾਵਤ, ਸੁਮਿਤ ਕੁਮਾਰ ਵਰਮਾਨੀ, ਬਲਵਿੰਦਰ ਸਿੰਘ ਕੰਗ, ਮਨਜੀਤ ਸਿੰਘ, ਜਸਵਿੰਦਰ ਦੱਤਾ, ਦੀਪਕ ਕੁਮਾਰ, ਵਿਕਰਾਂਤ ਸ਼ਰਮਾ, ਰਵੀ ਕੁਮਾਰ, ਧੀਰਜ ਕੁਮਾਰ, ਮਨੋਜ ਕੁਮਾਰ, ਹਰੀਸ਼ ਕੁਮਾਰ, ਹਰੀਓਮ ਸ਼ਰਮਾ, ਪਰਵੀਨ ਮਾਹੀ, ਭੁਪਿੰਦਰ ਭਿੰਦਾ, ਰੋਹਿਤ ਕੁਮਾਰ, ਵਿੱਕੀ ਵਾਲੀਆ, ਅਜੇ ਕੁਮਾਰ, ਕਰਮਵੀਰ, ਨੀਲਮ ਸਿੰਘ, ਨਰਿੰਦਰ ਕੁਮਾਰ, ਪਰਵੀਨ ਚੰਬਾ, ਗੁਰਪ੍ਰੀਤ ਗੋਪੀ, ਸੁਖਵੀਰ ਸਿੰਘ ਸੰਨੀ, ਉਂਕਾਰ ਲੋਈ, ਸਤਪਾਲ, ਹਰੀਸ਼ ਪਲਟਾ, ਅਮਿਤ ਜੋਸ਼ੀ ਆਦਿ ਹਾਜ਼ਰ ਸਨ।

# ਸਾਧੂ ਸਿੰਘ ਜੱਸਲ ਦੇ ਸਦੀਵੀਂ ਵਿਛੋੜੇ ਤੇ ਵੱਖ-ਵੱਖ ਸਾਹਿਤਕ ਸੰਸਥਾਵਾਂ ਵਲੋਂ ਦੁੱਖ ਦਾ ਪ੍ਰਗਟਾਵਾ



**ਫਗਵਾੜਾ 19 ਦਸੰਬਰ (ਬੀ.ਕੇ. ਰੱਤੂ)** ਪ੍ਰੀਤ ਸਾਹਿਤ ਸਭਾ ਦੇ ਪ੍ਰਧਾਨ, ਉੱਘੇ ਅਧਿਆਪਕ ਅਤੇ ਪੈਨਸ਼ਨਰ ਆਗੂ ਸ।ਸਾਧੂ ਸਿੰਘ ਜੱਸਲ ਜੀ ਅਚਨਚੇਤ ਵਿਛੋੜੇ ਤੇ ਵੱਖ-ਵੱਖ ਸੰਸਥਾਵਾਂ ਵਲੋਂ ਵਿਸ਼ੇਸ਼ ਮੀਟਿੰਗ ਦੌਰਾਨ ਸਕੇਪ ਸਾਹਿਤਕ ਸੰਸਥਾ, ਅਦਬੀ ਸਾਗਰ ਵਿਰਕ, ਪੰਜਾਬੀ ਵਿਰਸਾ ਟਰੱਸਟ, ਕੋਮਲ ਕਲਾਵਾਂ ਅਤੇ ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਵਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਪੰਜਾਬੀ ਵਿਰਸਾ ਟਰੱਸਟ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਪਲਾਹੀ ਵਲੋਂ ਸਾਧੂ ਸਿੰਘ ਜੱਸਲ ਨੂੰ ਯਾਦ ਕਰਦਿਆਂ ਕਿਹਾ ਗਿਆ ਕਿ ਜੱਸਲ ਸੰਗਰਸ਼ੀ ਅਤੇ ਜੁਝਾਰੂ ਯੋਦੇ ਵਾਂਗੂ ਲੋਕਾਂ ਦੀ ਆਵਾਜ਼ ਬਣਿਆ ਅਤੇ ਆਪਣਾ ਸਾਰਾ ਜੀਵਨ ਲੋਕਹਿੱਤ ਲਈ ਨਿੱਧੜਕ ਹੋ ਕੇ ਕੰਮ ਕਰਦਾ ਰਿਹਾ। ਪਹੁੰਚੇ ਹੋਏ ਵੱਖ-ਵੱਖ ਸੰਸਥਾਵਾਂ ਦੇ ਪ੍ਰਧਾਨਾਂ ਅਤੇ ਮੈਬਰਾਂ ਨੇ ਵਿਛੜੀ ਰੂਹ ਦੇ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦੇ ਹੋਏ ਪਰਮਾਤਮਾ ਅੱਗੇ ਸਮੁੱਚੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ। ਇਸ ਮੀਟਿੰਗ ਵਿੱਚ ਪਰਵਿੰਦਰ ਜੀਤ ਸਿੰਘ ਪ੍ਰਧਾਨ ਸਕੇਪ ਸਾਹਿਤਕ ਸੰਸਥਾ, ਬਲਦੇਵ ਰਾਜ ਕੋਮਲ ਪ੍ਰਧਾਨ ਅਦਬੀ ਸਾਗਰ ਵਿਰਕ, ਰਵਿੰਦਰ ਰਾਏ ਪ੍ਰਧਾਨ ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ, ਹਰਚਰਨ ਭਾਰਤੀ ਮੀਤ ਪ੍ਰਧਾਨ ਪ੍ਰੀਤ ਸਾਹਿਤ ਸਭਾ, ਮਨੋਜ ਫਗਵਾੜਵੀ ਪ੍ਰਧਾਨ ਕੋਮਲ ਕਲਾਵਾਂ, ਰਵਿੰਦਰ ਚੋਟ, ਕਰਮਜੀਤ ਸਿੰਘ ਸੰਧੂ, ਕਮਲੇਸ਼ ਸੰਧੂ, ਮਨਦੀਪ ਸਿੰਘ, ਗੁਰਨਾਮ ਬਾਵਾ, ਉਰਮਲਜੀਤ ਸਿੰਘ, ਦਵਿੰਦਰ ਜੱਸਲ, ਬਚਨ ਗੁੜ੍ਹਾ, ਸੀਤਲ ਬੰਗਾ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

# ਕਾਨਫਰੰਸ ਆਫ਼ ਦਿ ਪਾਰਟੀਜ਼-28 ਦਾ ਲੇਖਾ ਜੋਖਾ



ਡਾ. ਗੁਰਿੰਦਰ ਕੌਰ
001-408-493-9776

ਕਾਨਫਰੰਸ ਆਫ਼ ਦਿ ਪਾਰਟੀਜ਼-28 ਯੂਨਾਈਟਡ ਅਰਬ ਆਫ਼ ਐਮੀਰੇਟਸ (ਯੂ.ਏ.ਈ.) ਦੇ ਦੁਬਈ ਸ਼ਹਿਰ ਵਿੱਚ 13 ਦਸੰਬਰ 2023 ਨੂੰ ਸਮਾਪਤ ਹੋ ਗਈ ਹੈ। ਇਸ ਕਾਨਫਰੰਸ ਨੇ 30 ਨਵੰਬਰ ਤੋਂ 12 ਦਸੰਬਰ ਤੱਕ ਚੱਲਣਾ ਸੀ, ਪਰ ਕੁਝ ਮੁੱਦਿਆਂ ਦੀ ਇਬਾਰਤ ਦੇ ਸ਼ਬਦਾਂ ਉੱਤੇ ਕਾਨਫਰੰਸ ਵਿੱਚਲੇ ਨੁਮਾਇੰਦਿਆਂ ਦੀ ਸਹਿਮਤੀ ਨਾ ਬਣਨ ਕਾਰਨ ਇੱਕ ਦਿਨ ਦੇਰ ਨਾਲ ਖ਼ਤਮ ਹੋਈ ਹੈ। ਇਹ ਕਾਨਫਰੰਸ 1995 ਤੋਂ ਹਰ ਸਾਲ ਸੰਯੁਕਤ ਰਾਸ਼ਟਰ ਵੱਲੋਂ ਮੌਸਮੀ ਤਬਦੀਲੀਆਂ ਨਾਲ ਸਿੱਝਣ ਲਈ ਕੀਤੀ ਜਾਂਦੀ ਹੈ।

ਕਾਨਫਰੰਸ ਆਫ਼ ਦਿ ਪਾਰਟੀਜ਼-28 ਵਿੱਚ ਪੈਰਿਸ ਮੌਸਮੀ ਸਮਝੌਤੇ ਅਨੁਸਾਰ ਧਰਤੀ ਦੇ ਔਸਤ ਤਾਪਮਾਨ ਵਿੱਚ ਹੋ ਰਹੇ ਵਾਧੇ ਨੂੰ ਸਦੀ ਦੇ ਅੰਤ ਤੱਕ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਤਾਪਮਾਨ ਤੋਂ 1.5 ਡਿਗਰੀ ਸੈਲਸੀਅਸ ਤੱਕ ਦੇ ਵਾਧੇ ਤੱਕ ਸੀਮਤ ਰੱਖਣ ਦੇ 2015 ਵਿੱਚ ਹੋਏ ਵਾਅਦਿਆਂ ਅਨੁਸਾਰ ਦੁਨੀਆ ਦੇ ਸਾਰੇ ਦੇਸ਼ਾਂ ਦੇ ਉਪਰਾਲਿਆਂ ਦਾ ਜ਼ਾਇਜਾ ਲੈਣਾ, ਕੋਲੇ ਅਤੇ ਹੋਰ ਜੈਵਿਕ ਬਾਲਣਾਂ ਉੱਤੇ ਨਿਰਭਰਤਾ ਘਟਾਉਣਾ, ਨਵਿਆਉਣਯੋਗ ਸਾਧਨਾਂ ਤੋਂ ਊਰਜਾ ਪੈਦਾ ਕਰਨਾ, ਮਿਥੇਨ ਅਤੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਨੂੰ ਘਟਾਉਣਾ, ਤਾਪਮਾਨ ਦੇ ਵਾਧੇ ਨਾਲ ਆ ਰਹੀਆਂ ਕੁਦਰਤੀ ਆਫ਼ਤਾਂ ਨਾਲ ਵਿਕਸਤ ਹੋ ਰਹੇ ਦੇਸ਼ਾਂ ਦੇ ਨੁਕਸਾਨ ਦੀ ਭਰਪਾਈ ਲਈ ਨੁਕਸਾਨ ਅਤੇ ਹਾਨੀ ਫੰਡ ਦੀ ਸਥਾਪਨਾ ਕਰਨੀ ਆਦਿ ਮੁੱਦਿਆਂ ਉੱਤੇ ਵਿਚਾਰ ਕਰਨ ਤੋਂ ਬਾਅਦ ਭਵਿੱਖ ਲਈ ਯੋਜਨਾਬੰਦੀ ਉਲੀਕਣਾ ਸੀ।

ਇਸ ਕਾਨਫਰੰਸ ਦੇ ਕੁਝ ਮਹੱਤਵਪੂਰਨ ਫ਼ੈਸਲਿਆਂ ਦਾ ਸੁਆਗਤ ਕੀਤਾ ਜਾਣਾ ਬਣਦਾ ਹੈ। ਸਭ ਤੋਂ ਪਹਿਲਾਂ ਨੁਕਸਾਨ ਅਤੇ ਹਾਨੀ ਫੰਡ ਲਈ ਸਾਰੇ ਦੇਸ਼ਾਂ ਦੇ ਨੁਮਾਇੰਦਿਆਂ ਵੱਲੋਂ ਕਾਨਫਰੰਸ ਦੇ ਪਹਿਲੇ ਦਿਨ ਹੀ ਸਹਿਮਤੀ ਦੇ ਦੇਣਾ ਇੱਕ ਬਹੁਤ ਹੀ ਸ਼ਲਾਘਾਯੋਗ ਪਹਿਲ ਹੈ। ਇਸ ਫੰਡ ਨੂੰ ਸਥਾਪਤ ਕਰਨ ਲਈ ਪਿੱਛਲੇ ਤਿੰਨ ਦਹਾਕਿਆਂ ਤੋਂ ਵਿਕਸਤ ਅਤੇ ਵਿਕਸਤ ਹੋ ਰਹੇ ਦੇਸ਼ਾਂ ਵਿਚਕਾਰ ਵਾਦ-ਵਿਵਾਦ ਚੱਲ ਰਿਹਾ ਸੀ। ਕਾਨਫਰੰਸ ਆਫ਼ ਦਿ ਪਾਰਟੀਜ਼-27 ਵਿੱਚ ਨੁਕਸਾਨ ਅਤੇ ਹਾਨੀ ਫੰਡ ਸਥਾਪਤ ਕਰਨ ਲਈ ਵਿਕਸਤ ਦੇਸ਼ਾਂ ਨੇ ਹਾਮੀ ਭਰ ਲਈ ਸੀ। ਕਾਨਫਰੰਸ ਆਫ਼ ਦਿ ਪਾਰਟੀਜ਼-28 ਦੇ ਪਹਿਲੇ ਦਿਨ ਹੀ ਫੰਡ ਇੱਕਠੇ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਇਹ ਫੰਡ ਹੁਣ ਤੱਕ 792 ਮਿਲੀਅਨ ਅਮਰੀਕਨ ਡਾਲਰ ਇੱਕਠੇ ਹੋ ਚੁੱਕੇ ਹਨ।

ਦੂਜਾ ਜੈਵਿਕ ਬਾਲਣਾਂ (ਕੋਲਾ, ਤੇਲ, ਅਤੇ ਕੁਦਰਤੀ ਗੈਸ) ਤੋਂ ਊਰਜਾ ਪੈਦਾ ਕਰਨ ਦੀ ਥਾਂ ਉੱਤੇ ਬਹੁਤ ਹੀ ਕਰਮਬੱਧ ਅਤੇ ਯੋਜਨਾਬੱਧ ਢੰਗ ਨਾਲ ਨਵਿਆਉਣਯੋਗ ਸਾਧਨਾਂ ਤੋਂ ਊਰਜਾ ਪੈਦਾ ਕਰਨਾ ਤਾਂ ਕਿ ਧਰਤੀ ਦੇ ਔਸਤ ਤਾਪਮਾਨ ਵਿੱਚ ਹੋ ਰਹੇ ਵਾਧੇ ਉੱਤੇ ਕਾਬੂ ਪਾਉਣ ਲਈ 2050 ਤੱਕ ਕਾਰਬਨ ਨਿਕਾਸੀ ਦੇ ਸ਼ੁੱਧ ਜ਼ੀਰੋ ਦੇ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕੇ। ਇਹ ਫ਼ੈਸਲਾ ਸ਼ਬਦਾਂ ਅਤੇ ਇਬਾਰਤ ਦੇ ਲਹਿਜੇ ਨਾਲ ਇਤਿਹਾਸਕ ਅਤੇ ਸ਼ਲਾਘਾਯੋਗ ਲੱਗਦਾ ਹੈ, ਪਰ ਇਸ ਬਾਰੇ ਸੋਚ-ਵਿਚਾਰ ਕਰਨੀ ਬਣਦੀ ਹੈ। ਇਸ ਦੇ ਨਾਲ ਨਾਲ ਇਸ ਕਾਨਫਰੰਸ ਦੀ ਇੱਕ ਹੋਰ ਮਹੱਤਵਪੂਰਨ ਉਪਲਬਧੀ ਹੈ ਕਿ ਗਲੋਬਲ ਪੱਧਰ ਉੱਤੇ ਨਵਿਆਉਣਯੋਗ ਊਰਜਾ ਦੇ ਸਾਧਨਾਂ ਤੋਂ 2030 ਤੱਕ 11000 ਗੀਗਾਵਾਟ ਊਰਜਾ ਪੈਦਾ ਕਰਨਾ ਹੈ। ਇਸ ਕਾਨਫਰੰਸ ਵਿੱਚ ਪਰਮਾਣੂ ਊਰਜਾ ਨੂੰ ਵੀ ਸਾਫ਼ ਊਰਜਾ ਦੇ ਸ਼ਰੇਣੀ ਵਿੱਚ ਲਿਆਂਦਾ ਗਿਆ ਹੈ। ਇਨ੍ਹਾਂ ਦੇ ਨਾਲ ਨਾਲ ਇਸ ਕਾਨਫਰੰਸ ਵਿੱਚ ਭੋਜਨ ਅਤੇ ਖੇਤੀਬਾੜੀ ਨਾਲ ਸੰਬੰਧਿਤ ਪ੍ਰਣਾਲੀਆਂ ਵਿੱਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਘਟਾਉਣ ਲਈ ਲੋੜੀਂਦੀਆਂ ਤਬਦੀਲੀਆਂ ਕਰਨ ਲਈ ਵੀ 160 ਦੇਸ਼ਾਂ ਨੇ ਸਹਿਮਤੀ ਦਿੱਤੀ ਹੈ ਕਿਉਂਕਿ ਇਹ ਦੋਵੇਂ ਪ੍ਰਣਾਲੀਆਂ ਗਰੀਨਹਾਊਸ ਗੈਸਾਂ ਦੀ ਕੁੱਲ ਨਿਕਾਸੀ ਵਿੱਚ ਇੱਕ-ਤਿਹਾਈ ਹਿੱਸਾ ਪਾਉਂਦੀਆਂ ਹਨ। ਭੋਜਨ ਅਤੇ ਖੇਤੀਬਾੜੀ ਨਾਲ ਸੰਬੰਧਿਤ ਪ੍ਰਣਾਲੀਆਂ ਵਿੱਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿੱਚ ਕਟੌਤੀ ਕਰਨ ਲਈ ਇਨ੍ਹਾਂ ਦੇਸ਼ਾਂ ਨੇ ਕਿਸੇ ਵੀ ਅੰਤਰਰਾਸ਼ਟਰੀ ਸਮਝੌਤੇ ਤਹਿਤ ਸਹਿਮਤੀ ਨਹੀਂ ਦਿੱਤੀ, ਸਗੋਂ ਇਹ ਇਹਨਾਂ ਦੇਸ਼ਾਂ ਦੀ ਸਵੈ-ਇੱਛਤ ਸਹਿਮਤੀ ਹੈ। ਇਸ ਕਾਨਫਰੰਸ ਦੇ ਦੌਰਾਨ 140 ਦੇਸ਼ਾਂ ਨੇ ਮਨੁੱਖੀ ਸਿਹਤ ਦੀ ਬੇਹਤਰੀ ਲਈ ਉਪਰਾਲੇ ਕਰਨ ਦੇ ਸਮਝੌਤੇ ਉੱਤੇ ਵੀ ਦਸਤਖ਼ਤ ਕੀਤੇ ਹਨ। ਵੱਖ ਵੱਖ ਦੇਸ਼ਾਂ ਦੀਆਂ ਸਰਕਾਰਾਂ ਨੂੰ ਮੌਸਮੀ ਤਬਦੀਲੀਆਂ ਨਾਲ ਸੰਬੰਧਿਤ ਮਨੁੱਖੀ ਸਿਹਤ ਉੱਤੇ ਪੈ ਰਹੇ ਮਾੜੇ ਪ੍ਰਭਾਵਾਂ ਜਿਵੇਂ ਅਤਿ ਦੀ ਗਰਮੀ ਅਤੇ ਸਰਦੀ, ਛੂਤ ਦੀਆਂ ਬਿਮਾਰੀਆਂ, ਕੁਦਰਤੀ ਆਫ਼ਤਾਂ ਤੋਂ ਬਾਅਦ ਫੈਲਣ ਵਾਲੀਆਂ ਬਿਮਾਰੀਆਂ (ਮਲੇਰੀਆਂ, ਹੈਜ਼ਾ, ਡੇਂਗੂ), ਅਤੇ ਹਵਾ ਦੇ ਪ੍ਰਦੂਸ਼ਣ ਆਦਿ ਉੱਤੇ ਵੀ ਕੰਮ ਕਰਨ ਦੀ ਲੋੜ ਹੈ। ਇਸ ਪਾਸੇ ਵੱਲ ਅੰਤਰਰਾਸ਼ਟਰੀ ਪੱਧਰ ਉੱਤੇ ਉਪਰਾਲੇ ਕਰਨ ਦੀ ਲੋੜ ਹੈ ਕਿਉਂਕਿ ਹਰ ਸਾਲ ਦੁਨੀਆ ਭਰ ਵਿੱਚ 9 ਮਿਲੀਅਨ ਲੋਕ ਹਵਾ ਦੇ ਪ੍ਰਦੂਸ਼ਣ ਨਾਲ ਮਰਦੇ ਹਨ ਅਤੇ 189 ਮਿਲੀਅਨ ਲੋਕ ਮੌਸਮੀ ਤਬਦੀਲੀਆਂ ਨਾਲ ਸੰਬੰਧਿਤ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਦੇ ਹਨ।

ਬਹੁਤ ਸਾਰੇ ਵਿਗਿਆਨੀਆਂ ਨੇ ਜੈਵਿਕ ਬਾਲਣਾਂ ਤੋਂ ਊਰਜਾ ਦੀ ਪੈਦਾਵਾਰ ਬੰਦ ਕਰਨ ਦੀ ਥਾਂ ਉੱਤੇ ਉਨ੍ਹਾਂ ਨੂੰ ਪੂਰਨ ਤੌਰ ਉੱਤੇ ਪੜਾਅਵਾਰ ਖ਼ਤਮ ਕਰਨ ਦੇ ਸਮਝੌਤੇ ਨੂੰ ਧਰਤੀ ਅਤੇ ਲੋਕਾਂ ਲਈ ਵਿਨਾਸ਼ਕਾਰੀ ਦੱਸਿਆ ਹੈ। ਨੇਚਰ ਜਰਨਲ ਦੇ ਮੁੱਖ ਸੰਪਾਦਕ ਡਾ. ਮੈਗਡੇਲੇਨਾ ਸਕੀਪਰ ਨੇ ਕਿਹਾ ਹੈ "ਜੈਵਿਕ ਬਾਲਣ ਹਰ ਹਾਲਤ ਵਿੱਚ ਬੰਦ ਹੋਣਾ ਚਾਹੀਦਾ ਹੈ ਕਿਉਂਕਿ ਵਿਗਿਆਨ ਅਨੁਸਾਰ ਇਹ ਬਾਲਣ ਧਰਤੀ ਦੇ ਤਾਪਮਾਨ ਵਿੱਚ ਵਾਧਾ ਕਰ ਰਿਹਾ ਹੈ। ਦੁਨੀਆ ਭਰ ਦੇ ਨੇਤਾਵਾਂ ਨੂੰ ਇਸ ਅਸਲੀਅਤ ਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ।" ਇਸ ਜਨਰਲ ਦੀ ਇੱਕ ਸੰਪਾਦਕੀ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਸ ਕਾਨਫਰੰਸ ਵਿੱਚ ਤਾਪਮਾਨ ਦੇ ਵਾਧੇ ਉੱਤੇ ਕਾਬੂ ਪਾਉਣ ਦਾ ਇੱਕ ਮੌਕਾ ਖੁੰਝਾ ਦਿੱਤਾ ਗਿਆ ਹੈ।




ਦਿ ਕਲਾਈਮੇਟ ਕਰਾਸਿਸ ਐਡਵਾਈਜ਼ਰੀ ਗਰੁੱਪ ਦੇ ਪ੍ਰਧਾਨ ਅਤੇ ਯੂ.ਕੇ. ਦੇ ਸਾਬਕਾ ਮੁੱਖ ਸਲਾਹਕਾਰ ਨੇ ਕਿਹਾ ਕਿ ਸਮਝੌਤੇ ਦੀ ਸ਼ਬਦਾਵਲੀ ਬਹੁਤ ਕੰਮਜ਼ੋਰ ਹੈ। ਵੱਖ ਵੱਖ ਵਿਗਿਆਨੀਆਂ ਅਨੁਸਾਰ ਇਸ ਸਮਝੌਤੇ ਵਿੱਚ ਕਈ ਖਾਮੀਆਂ ਹਨ ਅਤੇ ਇਹ ਸਮਝੌਤਾ ਮੌਸਮੀ ਸੰਕਟ ਨਾਲ ਮੇਲ ਨਹੀਂ ਖਾਂਦਾ ਹੈ।

ਕਾਨਫਰੰਸ ਆਫ਼ ਦਿ ਪਾਰਟੀਜ਼-28 ਅਜਿਹੇ ਸਮੇਂ ਹੋਈ ਹੈ ਜਦੋਂ ਧਰਤੀ ਦਾ ਔਸਤ ਤਾਪਮਾਨ ਬਾਰ ਬਾਰ ਪੁਰਾਣੇ ਰਿਕਾਰਡ ਤੋੜ ਕੇ ਤਾਪਮਾਨ ਦੇ ਵਾਧੇ ਦੇ ਨਵੇਂ ਰਿਕਾਰਡ ਬਣਾ ਰਿਹਾ ਹੈ। ਯੂਰਪ ਦੀ ਕੋਪਰਨਿਕਸ ਕਲਾਈਮੇਟ ਚੇਂਜ ਸਰਵਿਸ ਸੰਸਥਾ ਦੇ ਅੰਕੜਿਆਂ ਅਨੁਸਾਰ 2023 ਵਿੱਚ ਜੂਨ ਤੋਂ ਲੈ ਕੇ ਨਵੰਬਰ ਤੱਕ ਲਗਾਤਾਰ ਛੇ ਮਹੀਨੇ ਧਰਤੀ ਦਾ ਤਾਪਮਾਨ ਔਸਤ ਤੋਂ ਉੱਤੇ ਰਿਹਾ ਹੈ। ਨਵੰਬਰ ਦੇ ਮਹੀਨੇ ਦਾ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਦੇ ਪਹਿਲਾਂ ਦੇ ਔਸਤ ਤਾਪਮਾਨ ਤੋਂ 1.75 ਡਿਗਰੀ ਸੈਲਸੀਅਸ ਅਤੇ 2023 ਦੇ 11 ਮਹੀਨਿਆਂ ਦਾ ਤਾਪਮਾਨ 1.46 ਡਿਗਰੀ ਸੈਲਸੀਅਸ ਵੱਧ ਗਰਮ ਰਿਹਾ ਹੈ। ਸੰਯੁਕਤ ਰਾਸ਼ਟਰ ਵਾਤਾਵਰਨ ਪ੍ਰੋਗਰਾਮ ਦੀ 2023 ਦੀ ਅਮੈਸ਼ਿਨ ਗੈਪ ਦੀ ਇੱਕ ਰਿਪੋਰਟ ਅਨੁਸਾਰ ਇਸ ਸਾਲ ਜਨਵਰੀ ਤੋਂ ਲੈ ਕੇ 15 ਅਕਤੂਬਰ ਤੱਕ 86 ਦਿਨਾਂ ਲਈ ਧਰਤੀ ਦਾ ਔਸਤ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਔਸਤ ਤਾਪਮਾਨ ਤੋਂ 1.5 ਡਿਗਰੀ ਸੈਲਸੀਅਸ ਤੋਂ ਵੱਧ ਆਂਕਿਆ ਗਿਆ ਹੈ।

2015 ਵਿੱਚ ਪੈਰਿਸ ਮੌਸਮੀ ਸਮਝੌਤੇ ਵਿੱਚ ਦੁਨੀਆ ਦੇ ਸਾਰੇ ਦੇਸ਼ਾਂ ਦੇ ਨੁਮਾਇੰਦਿਆਂ ਨੇ ਕਿਹਾ ਕਿ ਆਰਥਿਕ ਵਿਕਾਸ ਦੇ ਨਾਲ ਨਾਲ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿੱਚ ਤੇਜ਼ੀ ਨਾਲ ਕਟੌਤੀ ਕਰ ਕੇ 2050 ਤੱਕ ਧਰਤੀ ਦੇ ਔਸਤ ਤਾਪਮਾਨ ਦੇ ਵਾਧੇ ਨੂੰ ਉਦਯੋਗਿਕ ਇਨਕਲਾਬ ਦੇ ਸਮੇਂ ਦੇ ਤਾਪਮਾਨ ਨਾਲੋਂ 1.5 ਡਿਗਰੀ ਸੈਲਸੀਅਸ ਦੇ ਵਾਧੇ ਤੱਕ ਸੀਮਤ ਕਰ ਲਿਆ ਜਾਵੇਗਾ। ਤਾਜ਼ੇ ਅਨੁਮਾਨਾਂ ਅਨੁਸਾਰ ਦੁਨੀਆ ਦੇ ਸਾਰੇ ਦੇਸ਼ 2015 ਵਿੱਚ ਪੈਰਿਸ ਮੌਸਮੀ ਸਮਝੌਤੇ ਵਿੱਚ ਕੀਤੇ ਆਪਣੇ ਵਾਅਦਿਆਂ ਤੋਂ ਬਹੁਤ ਪਿੱਛੇ ਚੱਲ ਰਹੇ ਹਨ, ਜਿਸ ਦੇ ਨਤੀਜੇ ਵਜੋਂ 1.5 ਡਿਗਰੀ ਸੈਲਸੀਅਸ ਤੱਕ ਤਾਪਮਾਨ ਦਾ ਵਾਧਾ ਸੀਮਤ ਕਰਨ ਦਾ ਟੀਚਾ ਹੱਥੋਂ ਖਿਸਕਦਾ ਜਾ ਰਿਹਾ ਹੈ। ਹੁਣ ਤੱਕ ਤਾਪਮਾਨ ਦੇ ਰਿਕਾਰਡ ਅਨੁਸਾਰ 2023 ਦਾ ਸਾਲ ਹੁਣ ਤੱਕ ਦੇ ਗਰਮ ਸਾਲ ਹੋ ਸਕਦਾ ਹੈ। ਇਸ ਸਾਲ ਦਾ ਔਸਤ ਤਾਪਮਾਨ 1.5 ਡਿਗਰੀ ਸੈਲਸੀਅਸ ਵਾਧਾ ਵੀ ਦਰਜ ਕਰ ਸਕਦਾ ਹੈ।

ਵਰਲਡ ਇਕਨੋਮਿਕ ਫੋਰਮ ਦੀ ਇੱਕ ਰਿਪੋਰਟ ਅਨੁਸਾਰ ਗਰੀਨਹਾਊਸ ਗੈਸਾਂ ਦਾ ਨਿਕਾਸ ਲਗਾਤਾਰ 1.5 ਫ਼ੀਸਦ ਪ੍ਰਤਿ ਸਾਲ ਵਧ ਰਿਹਾ ਹੈ ਜਦੋਂ ਕਿ ਪੈਰਿਸ ਮੌਸਮੀ ਸਮਝੋਤੇ ਅਨੁਸਾਰ ਉਸ ਵਿੱਚ 2019 ਤੋਂ 2030 ਤੱਕ ਹਰ ਸਾਲ 7 ਫ਼ੀਸਦੀ ਦੀ ਕਟੌਤੀ ਹੋਣੀ ਚਾਹੀਦੀ ਹੈ। ਇੰਟਰਗਵਰਨਮੈਂਟਲ ਪੈਨਲ ਔਨ ਕਲਾਈਮੇਟ ਚੇਂਜ ਦੀ ਇੱਕ ਰਿਪੋਰਟ ਅਨੁਸਾਰ ਜੇਕਰ ਦੁਨੀਆ ਦੇ ਸਾਰੇ ਦੇਸ਼ ਵਾਅਦਿਆਂ ਅਨੁਸਾਰ ਰਾਸ਼ਟਰੀ ਪੱਧਰ ਉੱਤੇ ਨਿਰਧਾਰਤ ਯੋਗਦਾਨ ਤਹਿਤ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿੱਚ ਕਟੌਤੀ ਕਰਦੇ ਹਨ ਤਾਂ 2019 ਦੇ ਮੁਕਾਬਲੇ 2030 ਤੱਕ ਸਿਰਫ਼ 2 ਫ਼ੀਸਦ ਦੀ ਕਮੀ ਆਵੇਗੀ।

ਧਰਤੀ ਦੇ ਔਸਤ ਤਾਪਮਾਨ ਵਾਧੇ ਨੂੰ 2050 ਤੱਕ 1.5 ਡਿਗਰੀ ਸੈਲਸੀਅਸ ਤੱਕ ਸੀਮਤ ਕਰਨ ਲਈ, ਗਰੀਨ-ਹਾਊਸ ਗੈਸਾਂ ਦੇ ਨਿਕਾਸ ਦੇ 2025 ਤੱਕ ਸਿਖਰ ਤੱਕ ਪਹੁੰਚਣ ਤੋਂ ਬਾਅਦ ਉਨ੍ਹਾਂ ਵਿੱਚ 2030 ਤੱਕ 43 ਫ਼ੀਸਦ ਅਤੇ 2030 ਤੱਕ 60 ਫ਼ੀਸਦ ਤੱਕ ਕਟੌਤੀ ਦੀ ਲੋੜ ਹੈ। ਕਾਨਫਰੰਸ ਆਫ਼ ਦਿ ਪਾਰਟੀਜ਼-28 ਵਿੱਚ ਜੈਵਿਕ ਬਾਲਣਾਂ ਤੋਂ ਊਰਜਾ ਪੈਦਾ ਕਰਦੇ ਰਹਿਣ ਦੇ ਸਮਝੌਤੇ ਨਾਲ ਇਹ ਟੀਚਾ ਪ੍ਰਾਪਤ ਕਰਨਾ ਅਸੰਭਵ ਜਾਪਦਾ ਹੈ। ਹੁਣ ਤੱਕ ਧਰਤੀ ਦੇ ਔਸਤ ਤਾਪਮਾਨ ਵਿੱਚ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲੇ ਦੇ ਤਾਪਮਾਨ ਨਾਲੋਂ 1.1 ਡਿਗਰੀ ਸੈਲਸੀਅਸ ਦਾ ਵਾਧਾ ਹੋ ਚੁੱਕਿਆ ਹੈ। ਇਸ ਕਾਨਫਰੰਸ ਵਿੱਚ ਤੇਲ ਉਤਪਾਦਕ ਦੇਸ਼ਾਂ, ਮਲਟੀਨੈਸ਼ਨਲ ਕੰਪਨੀਆਂ ਅਤੇ ਸੰਯੁਕਤ ਰਾਜ ਅਮਰੀਕਾ, ਚੀਨ, ਅਤੇ ਹੋਰ ਦੇਸ਼ ਜਿਨ੍ਹਾਂ ਕੋਲ ਤੇਲ ਅਤੇ ਕੋਲੇ ਭੰਡਾਰ ਹਨ ਜਾਂ ਜਿਹੜੇ ਕੋਲੇ ਅਤੇ ਤੇਲ ਦੀ ਜ਼ਿਆਦਾ ਵਰਤੋਂ ਕਰਦੇ ਹਨ ਦੇ ਲੁਕਵੇਂ ਦਾਅ-ਪੇਚਾਂ ਦੇ ਸਹਾਰੇ ਜੈਵਿਕ ਬਾਲਣਾਂ ਤੋਂ ਪੂਰਨ ਤੌਰ ਉੱਤੇ ਊਰਜਾ ਨਾ ਪੈਦਾ ਕਰਨ ਦੀ ਥਾਂ ਇਨ੍ਹਾਂ ਬਾਲਣਾਂ ਦੀ ਵਰਤੋਂ ਨੂੰ ਹੌਲੀ ਹੌਲੀ ਘਟਾਉਣ ਦਾ ਸਮਝੌਤਾ ਹੋਇਆ ਹੈ। ਦੁਬਈ ਦੀ ਇਸ ਕਾਨਫਰੰਸ ਵਿੱਚ ਉਦਯੋਗਾਂ ਦੇ ਨੁਮਾਇੰਦੇ ਵੱਡੀ ਗਿਣਤੀ ਵਿੱਚ ਸ਼ਾਮਲ ਸਨ ਜਿਨ੍ਹਾਂ ਵਿੱਚ ਲਗਭਗ 2500 ਤੇਲ ਅਤੇ ਕੁਦਰਤੀ ਗੈਸ ਦੇ ਖੇਤਰ ਤੋਂ, 475 ਕਾਰਬਨ ਕੈਪਚਰ ਅਤੇ ਸਟੋਰੇਜ਼ ਖੇਤਰ ਤੋਂ ਅਤੇ 100 ਤੋਂ ਉੱਤੇ ਵਪਾਰਕ ਖੇਤੀਬਾੜੀ ਨਾਲ ਸੰਬੰਧਿਤ ਸਨ।

ਕਾਨਫਰੰਸ ਆਫ਼ ਦਿ ਪਾਰਟੀਜ਼-28 ਦੀ ਪ੍ਰਧਾਨਗੀ ਸੁਲਤਾਨ ਅਲ-ਜਬਰ ਨੇ ਕੀਤੀ ਹੈ, ਜੋ ਆਪ ਇੱਕ ਵੱਡੀ ਤੇਲ ਕੰਪਨੀ ਦਾ ਸੀ.ਈ.ਓ. ਹੈ ਅਤੇ ਉਸ ਦੇ ਦੇਸ਼ ਦੀ ਆਰਥਿਕਤਾ ਤੇਲ ਉੱਤੇ ਨਿਰਭਰ ਹੈ, ਨੇ ਜੈਵਿਕ ਬਾਲਣਾਂ ਦੇ ਊਰਜਾ ਉਤਪਾਦਨ ਦੇ ਖੇਤਰ ਵਿੱਚੋਂ ਪੜਾਅਵਾਰ ਨਿਕਾਲੇ ਦਾ ਸਮਝੌਤਾ ਵਿਗਿਆਨ ਦੇ ਨਤੀਜਿਆਂ ਨੂੰ ਅੱਖੋਂ-ਪਰੋਖੇ ਕਰ ਕੇ ਸਿਰਫ਼ ਅਤੇ ਸਿਰਫ਼ ਆਪਣੇ ਦੇਸ਼ ਅਤੇ ਗੁਆਂਢੀ ਦੇਸ਼ਾਂ ਦੇ ਹਿੱਤ ਵਿੱਚ ਕੀਤਾ ਹੈ, ਪਰ ਇਹ ਲੋਕਾਂ ਅਤੇ ਧਰਤੀ ਲਈ ਬਹੁਤ ਨੁਕਸਾਨਦੇਹ ਹੋਵੇਗਾ। ਚੀਨ (63 ਫ਼ੀਸਦ) ਅਤੇ ਸੰਯੁਕਤ ਰਾਜ ਅਮਰੀਕਾ (59 ਫ਼ੀਸਦ) ਊਰਜਾ ਜੈਵਿਕ ਬਾਲਣਾਂ ਤੋਂ ਪੈਦਾ ਕਰਦੇ ਹਨ, ਅਤੇ ਭਾਰਤ ਵੀ 75 ਫ਼ੀਸਦ ਊਰਜਾ ਜੈਵਿਕ ਬਾਲਣਾਂ ਤੋਂ ਪੈਦਾ ਕਰਦਾ ਹੈ। ਇਹ ਤਿੰਨੇ ਦੇਸ਼ ਕਰਮਵਾਰ ਅੱਜਕੱਲ੍ਹ ਵੱਡੀ ਮਾਤਰਾ ਵਿੱਚ ਵਾਤਾਵਰਨ ਵਿੱਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਕਰਦੇ ਹਨ। ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਸਮਝੌਤੇ ਵੇਲੇ ਹਾਜ਼ਰ 198 ਦੇਸ਼ਾਂ ਦੇ ਨੁਮਾਇੰਦਿਆਂ ਵਿੱਚੋਂ 130 ਦੇਸ਼ਾਂ ਦੇ ਨੁਮਾਇਦੇ ਜੈਵਿਕ ਬਾਲਣਾਂ ਤੋਂ ਊਰਜਾ ਪੂਰਨ ਤੌਰ ਉੱਤੇ ਬੰਦ ਕਰਨ ਦੀ ਮੰਗ ਕਰ ਰਹੇ ਸਨ।

ਨੁਕਸਾਨ ਅਤੇ ਹਾਨੀ ਫੰਡ ਇੱਕਠਾ ਕਰਨ ਦੀ ਸ਼ੁਰੂਆਤ ਕਰਨਾ ਭਾਵੇਂ ਇੱਕ ਸ਼ਲਾਘਾਯੋਗ ਉਪਰਾਲਾ ਹੈ, ਪਰ ਇੱਕਠੀ ਕੀਤੀ ਰਕਮ ਵਿਕਸਤ ਹੋ ਰਹੇ ਦੇਸ਼ਾਂ ਵਿੱਚ ਕੁਦਰਤੀ ਆਫ਼ਤਾਂ ਦੇ ਨੁਕਸਾਨ ਦੀ ਭਰਪਾਈ ਕਰਨ ਲਈ ਬਹੁਤ ਘੱਟ ਹੈ। 2022 ਵਿੱਚ ਪਾਕਿਸਤਾਨ ਵਿੱਚ ਆਏ ਹੜ੍ਹ ਨਾਲ 16 ਬਿਲੀਅਨ ਅਮਰੀਕਨ ਡਾਲਰਾਂ ਦਾ ਨੁਕਸਾਨ ਹੋਇਆ ਸੀ। ਯੂਨਾਈਟਡ ਨੇਸ਼ਨਜ਼ ਦੇ ਅਨੁਮਾਨਿਤ ਅੰਕੜਿਆਂ ਅਨੁਸਾਰ ਵਿਕਸਤ ਹੋ ਰਹੇ ਦੇਸ਼ਾਂ ਨੂੰ ਮੌਸਮੀ ਤਬਦੀਲੀਆਂ ਕਾਰਨ ਆ ਰਹੀਆਂ ਕੁਦਰਤੀ ਆਫ਼ਤਾਂ ਨਾਲ ਸਿੱਝਣ ਲਈ 2030 ਤੱਕ ਹਰ ਸਾਲ 300 ਬਿਲੀਅਨ ਅਮਰੀਕਨ ਡਾਲਰਾਂ ਦੀ ਲੋੜ ਹੋਵੇਗੀ। ਵਿਕਸਤ ਹੋ ਰਹੇ ਦੇਸ਼ ਇਹ ਵੀ ਮੰਗ ਕਰ ਰਹੇ ਹਨ ਕਿ ਇਹ ਫੰਡ ਕਰਜ਼ੇ ਦੀ ਥਾਂ ਗਰਾਂਟ ਦੇ ਰੂਪ ਵਿੱਚ ਦਿੱਤਾ ਜਾਣਾ ਚਾਹੀਦਾ ਹੈ। ਸੰਯੁਕਤ ਰਾਜ ਅਮਰੀਕਾ ਜਿਸ ਨੇ ਇਤਿਹਾਸਕ ਪਿਛੋਕੜ ਵਿੱਚ ਵਾਤਾਵਰਨ ਵਿੱਚ ਸਭ ਤੋਂ ਜ਼ਿਆਦਾ ਗੈਸਾਂ ਛੱਡੀਆਂ ਹਨ ਉਸ ਨੇ ਨੁਕਸਾਨ ਅਤੇ ਹਾਨੀ ਫੰਡ ਵਿੱਚ ਸਿਰਫ਼ 17.5 ਮਿਲੀਅਨ ਡਾਲਰ ਦਾ ਯੋਗਦਾਨ ਪਾਇਆ ਹੈ।

2009 ਵਿੱਚ ਵਿਕਸਤ ਦੇਸ਼ਾਂ ਨੇ ਵਿਕਸਤ ਹੋ ਰਹੇ ਦੇਸ਼ਾਂ ਦੀ ਮੱਦਦ ਲਈ ਹਰ ਸਾਲ 100 ਬਿਲੀਅਨ ਅਮਰੀਕਨ ਡਾਲਰ ਕਲਾਈਮੇਟ ਫੰਡ ਲਈ ਦੇਣ ਦਾ ਵਾਅਦਾ ਕੀਤਾ ਸੀ, ਪਰ ਇਹ ਰਕਮ ਪੂਰਨ ਤੌਰ ਉੱਤੇ ਕਦੇ ਵਿਕਸਤ ਹੋ ਰਹੇ ਦੇਸ਼ਾਂ ਨੂੰ ਮਿਲੀ ਹੀ ਨਹੀਂ ਹੈ।

ਹਰ ਇੱਕ ਕਾਨਫਰੰਸ ਵਿੱਚ ਵਾਅਦੇ ਤਾਂ ਬਹੁਤ ਕੀਤੇ ਜਾਂਦੇ ਹਨ, ਪਰ ਉਨ੍ਹਾਂ ਦੇ ਪੂਰਾ ਹੋਣ ਦੀ ਸੰਭਾਵਨਾ ਘੱਟ ਹੀ ਹੁੰਦੀ ਹੈ। ਮੌਸਮੀ ਤਬਦੀਲੀਆਂ ਨਾਲ ਵਧ ਰਹੀਆਂ ਕੁਦਰਤੀ ਆਫ਼ਤਾਂ ਤੋਂ ਬਚਾਉ ਲਈ ਪਾਰਟੀਜ਼ ਆਫ਼ ਕਾਨਫਰੰਸਾਂ ਦਾ ਸਿਲਸਿਲਾ 1995 ਤੋਂ ਲਗਾਤਾਰ ਚੱਲਦਾ ਆ ਰਿਹਾ, ਪਰ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿੱਚ ਕਟੌਤੀ ਹੋਣ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ ਹਨ।

ਕਾਨਫਰੰਸ ਆਫ਼ ਦਿ ਪਾਰਟੀਜ਼-28 ਤੋਂ ਵਿਕਸਿਤ ਹੋ ਰਹੇ ਦੇਸ਼ਾਂ ਨੂੰ ਬਹੁਤ ਹੀ ਉਮੀਦ ਸੀ ਕਿ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿੱਚ ਭਾਰੀ ਕਟੌਤੀ ਵਰਗੇ ਸਮਝੌਤਿਆਂ ਅਤੇ ਜੈਵਿਕ ਬਾਲਣਾਂ (ਕੋਲੇ, ਤੇਲ ਆਦਿ) ਤੋਂ ਊਰਜਾ ਪੈਦਾ ਕਰਨ ਉੱਤੇ ਪਾਬੰਦੀਆਂ ਲਗਾਉਣ ਨਾਲ ਉਹ ਕੁਦਰਤੀ ਆਫ਼ਤਾਂ ਦੀ ਮਾਰ ਤੋਂ ਬਚ ਜਾਣਗੇ, ਪਰ ਜੈਵਿਕ ਬਾਲਣਾਂ ਦੀ ਲਗਾਤਾਰ ਵਰਤੋਂ ਨਾਲ ਆਉਣ ਵਾਲੇ ਸਮੇਂ ਵਿੱਚ ਧਰਤੀ ਦਾ ਔਸਤ ਤਾਪਮਾਨ ਹੋਰ ਵੀ ਵਧ ਸਕਦਾ ਹੈ।

ਇਸ ਕਾਨਫਰੰਸ ਵਿੱਚ ਜੈਵਿਕ ਬਾਲਣਾਂ ਦੀ ਵਰਤੋਂ ਕਰਨ ਨੂੰ ਬਹੁਤ ਲਚਕੀਲਾ ਅਤੇ ਨਰਮ ਬਣਾ ਦਿੱਤਾ ਗਿਆ ਹੈ ਜਿਸ ਦੀ ਕੀਮਤ ਦੁਨੀਆ ਦੇ ਹਰ ਦੇਸ਼ ਨੂੰ ਜਾਨੀ, ਮਾਲੀ, ਅਤੇ ਵਧ ਰਹੀਆਂ ਆਫ਼ਤਾਂ ਦੇ ਰੂਪ ਦੇਣੀ ਪਵੇਗੀ। ਕਾਨਫਰੰਸ ਦੀ ਕਾਰਗੁਜ਼ਾਰੀ ਤੋਂ ਦੁੱਖੀ ਹੋਣੇ ਮਾਰਸ਼ਲ ਟਾਪੂਆਂ ਦੇ ਇੱਕ ਨੁਮਾਇੰਦੇ ਜੌਨ ਸਿਲਕ ਨੇ ਕਿਹਾ ਕਿ ਉਹ ਕਾਨਫਰੰਸ ਵਿੱਚ ਆਪਣੀ ਪੀੜੀ ਦੇ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਆਇਆ ਸੀ, ਪਰ ਅਸੀਂ ਸਾਰਿਆਂ ਨੇ ਇੱਕ ਅਜਿਹਾ ਸਮਝੌਤਾ ਕੀਤਾ ਹੈ ਜੋ ਸਮੱਸਿਆਵਾਂ ਨਾਲ ਭਰਿਆ ਹੋਇਆ ਹੈ।

## ਹਾ.. ਈ... ਈ, ਹਾਂਜੀ ਅਤੇ ਮਾਫੀ !

ਕਹਿੰਦੇ ਕੋਈ ਪ੍ਰੋਫੈਸਰ ਕਲਾਸ ਨੂੰ ਹੀਰ ਵਾਰਿਸ ਸ਼ਾਹ ਦਾ ਕਿੱਸਾ ਪੜ੍ਹਾ ਰਿਹਾ ਸੀ।ਉਸਨੇ ਦੱਸਿਆ ਕਿ ਹੀਰ ਨੂੰ ਜਬਰਦਸਤੀ ਸੈਦੇ ਖੇੜੇ ਦੀ ਡੋਲੀ ਬਹਾ ਦਿੱਤਾ ਗਿਆ ! ਇਸਲਾਮੀ ਸੱਭਿਆਚਾਰ ਤੋਂ ਜਾਣੂ ਇੱਕ ਮੁੰਡਾ ਪ੍ਰੋਫੈਸਰ ਨੂੰ ਕਹਿੰਦਾ-"ਸਰ, ਨਿਕਾਹ ਪੜ੍ਹਨ ਤੋਂ ਪਹਿਲਾਂ ਕਾਜੀ ਵਿਆਂਦੜ ਲਾੜੇ ਅਤੇ ਲਾੜੀ ਤੋਂ ਇੱਕ-ਦੂਜੇ ਨਾਲ ਵਿਆਹ ਕਰਾਉਣ ਲਈ ਆਪਸੀ ਰਜ਼ਾਮੰਦੀ ਪੁੱਛਦਾ ਹੈ! ਦੋਹਾਂ ਵਲੋਂ 'ਹਾਂ' ਸੁਣਕੇ ਹੀ ਉਹ ਨਿਕਾਹ ਪੜ੍ਹਦਾ ਹੈ।

ਇਵੇਂ ਜਦ ਹੀਰ ਨੂੰ ਕਾਜੀ ਨੇ ਪੁੱਛਿਆ ਹੋਵੇ ਗਾ ਕਿ ਤੂੰ ਖੇੜੇ ਨਾਲ ਵਿਆਹ ਕਰਾਉਣ ਲਈ ਰਾਜ਼ੀ ਐਂ ? ਤਾਂ ਹੀਰ ਦੇ ਮੂੰਹੋਂ 'ਹਾਂ' ਸੁਣਕੇ ਹੀ ਉਸਨੇ ਨਿਕਾਹ ਕਰਾਇਆ ਹੋਵੇ ਗਾ ??"

ਪ੍ਰੋਫੈਸਰ ਕਹਿੰਦਾ-"ਅਸਲ 'ਚ ਜਦ ਕਾਜੀ ਨੇ ਹੀਰ ਨੂੰ ਏਦਾਂ ਪੁੱਛਿਆ ਸੀ ਤਾਂ ਕਹਿੰਦੇ ਐਨ੍ਹ ਉਸੇ ਵੇਲੇ ਕੋਲ ਬੈਠੀ ਹੀਰ ਦੀ ਮਾਂ ਨੇ ਹੀਰ ਦੀ ਵੱਖੀ 'ਚ ਚੂੰਢੀ ਵੱਢ ਦਿੱਤੀ ! ਸਾਲੂ 'ਚ ਲਪੇਟੀ ਬੈਠੀ ਹੀਰ ਦੇ ਮੂੰਹੋਂ 'ਹਾਈ...ਈ' ਨਿਕਲ ਗਿਆ !

ਉਸੇ ਵੇਲੇ ਸਾਰਿਆਂ ਨੇ ਉੱਚੀ ਉੱਚੀ ਰੌਲ਼ਾ ਪਾ ਕੇ ਹੀਰ ਦੀ ਇਸ 'ਹਾ।।ਈ... ਈ' ਨੂੰ 'ਹਾਂਜੀ' ਬਣਾ ਦਿੱਤਾ ਸੀ !" – ਤਰਲੋਚਨ ਸਿੰਘ 'ਦੁਪਾਲ ਪੁਰ'

## ਗਲਤੀਆਂ ਕਿ ਬੱਜਰ ਗੁਨਾਹ

ਕਰਦਾ 'ਨਾਟਕ' ਨਵੇਂ ਅੱਖੀਂ ਘੱਟਾ ਪਾਉਣ ਵਾਲ਼ੇ
ਲੋਕ-ਮਨਾਂ ਵਿੱਚੋਂ ਦੇਖੋ ਦਿਨੋ ਦਿਨ ਲਹੀ ਜਾਂਦਾ।

ਢੀਠਾਂ ਤੇ ਮੱਕਾਰਾਂ ਵਾਂਗ ਕਰੇ ਨਿੱਤ ਬਿਆਨਬਾਜੀ
'ਕਿਲਾ' ਹੰਕਾਰ ਵਾਲ਼ਾ ਭਾਵੇਂ ਸਾਹਵੇਂ ਢਹੀ ਜਾਂਦਾ।

'ਕੱਖੋਂ ਹੌਲ਼ਾ' ਕਰ ਜਿਵੇਂ ਬਾਪ ਤਾਈਂ 'ਤੋਰਿਆ' ਸੀ
ਓਦਾਂ ਹੁਣ ਪਾਰਟੀ ਦੀ ਫੇਰੀ 'ਯਹੀ-ਤਹੀ' ਜਾਂਦਾ।

ਆਉਂਦੀਆਂ ਅਵਾਜਾਂ ਅਸਤੀਫੇ ਦੀਆਂ ਸੁਣਦਾ ਨਾ
ਸ਼੍ਰੋਮਣੀ ਕਮੇਟੀ ਦਿਆਂ 'ਮੋਢਿਆਂ' 'ਤੇ ਬਹੀ ਜਾਂਦਾ।

ਮੰਨਦਾ ਵਿਰੋਧੀ ਦਿਲੋਂ 'ਦਲ' ਦੇ ਹਮਾਇਤੀਆਂ ਨੂੰ
'ਜੀ-ਹਜੂਰੀਆਂ' ਦੀ ਦਿੱਤੀ ਚੁੱਕ ਮੰਨੀ ਸਹੀ ਜਾਂਦਾ।

'ਰਾਜ-ਭਾਗ' ਵੇਲੇ ਕੀਤੇ 'ਬੱਜਰ ਗੁਨਾਹਾਂ' ਤਾਈਂ
'ਜਾਣੇ ਅਣਜਾਣੇ' ਹੋਈ 'ਗਲ੍ਹਤੀ' ਹੀ ਕਹੀ ਜਾਂਦਾ!



– ਤਰਲੋਚਨ ਸਿੰਘ 'ਦੁਪਾਲ ਪੁਰ'
91-78146-92724

## ਜਿਹਦੀ ਲਾਠੀ ਉਹਦੀ ਮੱਝ

ਲਿਖਿਆ ਕੰਧਾਂ 'ਤੇ 'ਸੱਤਯ ਮੇਵ ਜਯਤੇ'
ਐਪਰ ਝੂਠ ਦੇ ਮੋਹਰੇ ਸੱਚ ਢਈ ਜਾਂਦਾ।

ਮੂੰਹ-ਜੋਰ ਦੀ ਹੈਂਕੜ ਹੀ 'ਪੁੱਗਦੀ' ਐ
ਭਾਂਵੇਂ ਜੂਨ ਨੂੰ ਬੋਲੀ ਉਹ 'ਮਈ' ਜਾਂਦਾ।

ਅਫਸਰ 'ਉੱਪਰਲੇ' ਹੁਕਮ ਨੂੰ ਮੰਨਕੇ ਜੀ
ਖੜ੍ਹੇ ਇੱਕ ਨੂੰ ਲਿਖੀ ਉਹ 'ਕਈ' ਜਾਂਦਾ।

ਲੱਗੇ ਮੁਨਸਫ ਵੀ ਹੋਇਆ ਕਮਜ਼ੋਰ ਯਾਰੋ
ਗਲ਼ ਵਿੱਚ 'ਗੂਠਾ ਨਿਆਂ ਦੇ ਦਈ ਜਾਂਦਾ।

ਜਿੱਤ ਸੱਚ ਦੀ ਲਗਦੀ ਵੀ ਹਾਰ ਮਿਲ਼ਦੀ
ਬਹੁ-ਗਿਣਤੀ ਦਾ 'ਜੋਰ' ਹੀ ਪਈ ਜਾਂਦਾ।

ਸਹੀ ਮਾਲਕ ਰਹਿ ਜਾਂਦਾ ਏ ਹੱਥ ਮਲ਼ਦਾ
'ਲਾਠੀ ਵਾਲ਼ਾ' ਹੀ ਮੱਝ ਨੂੰ ਲਈ ਜਾਂਦਾ !

## ਸ਼ਹੀਦੀ ਦਿਵਸ ਤੇ ਵਿਸ਼ੇਸ਼

# "ਗੁਰੂ ਕੇ ਬੇਟੇ" ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ



ਸਿੱਖ ਇਤਿਹਾਸ ਦੀ ਸਿਰਜਣਾ ਲਈ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਖਾਨਦਾਨ ਦੀ ਘਾਲਣਾ ਅਮੁੱਲ ਹੈ। ਉਨ੍ਹਾਂ ਦੇ ਵਡੇਰੇ ਭਾਈ ਕਲਿਆਣਾ ਜੀ ਨੇ ਬਾਬਾ ਬੁੱਢਾ ਜੀ ਨਾਲ ਪਹਿਲੇ ਪਾਤਸ਼ਾਹ ਗੁਰੂ ਨਾਨਕ ਜੀ ਦੇ ਦਰਸ਼ਨ ਕੀਤੇ। ਉਨ੍ਹਾਂ ਨੇ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਛੇਵੀਂ ਪਾਤਸ਼ਾਹੀ ਤੱਕ ਗੁਰੂ ਘਰ ਦੀ ਸ਼ਰਧਾ ਭਾਵਨਾ ਸਹਿਤ ਸੇਵਾ ਕੀਤੀ।

ਭਾਈ ਕਲਿਆਣਾ ਜੀ ਨੇ ਦਰਬਾਰ ਸਾਹਿਬ ਦੀ ਉਸਾਰੀ ਲਈ ਸੁਕੇਤ ਮੰਡੀ ਤੋਂ ਲੱਕੜ ਲਿਆਉਣ ਦੀ ਸੇਵਾ ਨਿਭਾਈ ਤੇ ਗੁਰਸਿੱਖੀ ਦੇ ਪ੍ਰਚਾਰ ਵਿੱਚ ਉੱਘਾ ਯੋਗਦਾਨ ਪਾਇਆ। ਆਪ ਦੀ ਪ੍ਰੇਰਨਾ ਸਦਕਾ ਸੁਕੇਤ ਮੰਡੀ ਦਾ "ਰਾਜਾ ਹਰੀ ਸੈਨ" ਗੁਰੂ ਘਰ ਦਾ ਸ਼ਰਧਾਲੂ ਬਣਿਆ। ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਦੀ ਕੈਦ ਦੌਰਾਨ ਗੁਰੂ ਘਰ ਦਾ ਕਾਰੋਬਾਰ ਜਿਨ੍ਹਾ ਮੁਖੀ ਸਿੱਖਾਂ ਨੂੰ ਸੌਂਪਿਆ ਗਿਆ ਸੀ ਉਨ੍ਹਾਂ ਵਿਚ ਭਾਈ ਕਲਿਆਣਾ ਜੀ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬਹਿਲੋ ਜੀ ਅਤੇ ਭਾਈ ਭਗਤੂ ਜੀ ਪਰਮੁੱਖ ਸਨ। ਭਾਈ ਕਲਿਆਣਾ ਜੀ ਦੇ ਸੱਚ ਖੰਡ ਪਿਆਨਾ ਕਰਨ ਤੇ ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਰਮਦਾਸ ਵਿਖੇ ਆਪਣੇ ਹੱਥੀਂ ਉਹਨਾਂ ਦਾ ਸਸਕਾਰ ਕੀਤਾ ਗਿਆ। ਬਾਬਾ ਬੁੱਢਾ ਜੀ ਦੀ ਸਮਾਧ ਦੇ ਕੋਲ ਉਹਨਾਂ ਦੀ ਯਾਦਗਾਰ ਅੱਜ ਵੀ ਸਸ਼ੋਭਿਤ ਹੈ।



ਲਾਲ ਸਿੰਘ ਸੁਲਹਾਣੀ
91-98721-55120

ਭਾਈ ਕਲਿਆਣਾ ਜੀ ਦੇ ਸਪੁੱਤਰ ਭਾਈ ਸੁਖਭਾਨ ਜੀ ਨੇ ਦਿੱਲੀ ਵਿਖੇ ਆਪਣੇ ਪਿਤਾ ਜੀ ਦੀ ਯਾਦ ਵਿੱਚ "ਭਾਈ ਕਲਿਆਣਾ ਜੀ ਧਰਮਸ਼ਾਲਾ" ਬਣਵਾਈ। ਜਿੱਥੇ ਪ੍ਰਸਿੱਧ ਸੰਗੀਤ ਕੇਂਦਰ ਤੇ ਗੁਰਮਤਿ ਵਿਦਿਆਲਾ ਚਾਲੂ ਕੀਤਾ ਗਿਆ। ਉਨ੍ਹਾਂ ਦੇ ਸਪੁੱਤਰ ਭਾਈ ਜਸਭਾਨ ਜੀ ਨੇ ਗੁਰ ਘਰ ਦੇ ਅਨਿੰਨ ਭਗਤ ਵਜੋਂ ਸੰਗੀਤ ਵਿਦਿਆਲੇ ਦੀ ਸੇਵਾ ਨਿਭਾਈ।

ਭਾਈ ਜਸਭਾਨ ਜੀ ਦੇ ਸਪੁੱਤਰ ਭਾਈ ਆਗਿਆ ਰਾਮ ਤੇ ਭਾਈ ਸਦਾ ਨੰਦ ਜੀ ਹੋਏ ਹਨ। ਭਾਈ ਸਦਾ ਨੰਦ ਜੀ ਗੁਰਮਤਿ ਸੰਗੀਤ ਦੇ ਸ਼ਾਹਕਾਰ ਸਨ। ਗੁਰੂ ਤੇਗ ਬਹਾਦਰ ਜੀ ਦੀ ਪਹਿਲੀ ਪ੍ਰਚਾਰ ਯਾਤਰਾ ਦੌਰਾਨ 13 ਅਕਤੂਬਰ 1657 ਈ: ਨੂੰ ਭਾਈ ਸਦਾ ਨੰਦ ਜੀ ਦੀ ਸ਼ਾਦੀ ਕੋਇਲ ਨਗਰ (ਮੌਜੂਦਾ ਅਲੀਗੜ੍ਹ) ਨਿਵਾਸੀ ਪੰਡਿਤ ਸ਼ਿਵ ਨਰਾਇਣ ਜੀ ਦੀ ਸਪੁੱਤਰੀ ਬੀਬੀ ਲਾਜਵੰਤੀ ਜੀ ਨਾਲ ਆਪ ਕਰਵਾਈ। ਬੀਬੀ ਜੀ ਬੜੇ ਕੀਰਤਨ ਰਸੀਏ ਤੇ ਸੰਗੀਤ ਪ੍ਰੇਮੀ ਸਨ। ਜੋ ਗੁਰੂ ਘਰ ਵਿੱਚ ਆਪਣੀ ਸੇਵਾ ਭਾਵਨਾ ਸ਼ਰਧਾ ਅਤੇ ਪ੍ਰੇਮਾ ਭਗਤੀ ਕਰਕੇ ਬੀਬੀ ਪ੍ਰੇਮੋ ਵਜੋਂ ਪ੍ਰਸਿੱਧ ਹੋਏ। ਭਾਈ ਸਦਾ ਨੰਦ ਜੀ ਯੁਧ ਕਲਾ ਵਿੱਚ ਪ੍ਰਬੀਨ, ਸੰਤ -ਸਿਪਾਹੀ, ਗੁਰਮਤਿ ਦੇ ਵਿਦਵਾਨ, ਪ੍ਰਚਾਰਕ ਅਤੇ ਮਹਾਨ ਸੰਗੀਤ ਅਚਾਰੀਆ ਸਨ।

ਵਰਨਣਯੋਗ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਦੂਸਰੀ ਪ੍ਰਚਾਰ ਯਾਤਰਾ ਦੌਰਾਨ ਭਾਈ ਸਦਾ ਨੰਦ ਜੀ ਦੇ ਗ੍ਰਹਿ ਵਿਖੇ ਬੀਬੀ ਪ੍ਰੇਮੋ ਜੀ ਦੀ ਸੁਲੱਖਣੀ ਕੁੱਖੋਂ 2 ਸਤੰਬਰ 1661 ਈ: ਨੂੰ ਇੱਕ ਹੋਣਹਾਰ ਬਾਲਕ ਦਾ ਜਨਮ ਹੋਇਆ। ਬਾਲਕ ਦਾ ਨਾਮ ਗੁਰੂ ਤੇਗ ਬਹਾਦਰ ਜੀ ਨੇ ਆਪ ਜਯਤਾ (ਜੈਤਾ) ਰੱਖਿਆ। ਭਾਈ ਜੈਤਾ ਜੀ ਦਾ ਬਚਪਨ ਬੜੇ ਚਾਵਾਂ ਮਲਾਰਾਂ ਨਾਲ ਗੁਰੂ ਘਰ ਵਿੱਚ ਗੁਜ਼ਰਿਆ। ਉਹਨਾਂ ਨੇ ਸਸ਼ਤਰ ਵਿਦਿਆ ਵਿਚ ਗੱਤਕਾ ਖੇਡਣਾ, ਜੰਗੀ ਮਸ਼ਕਾਂ,ਕੁਸ਼ਤੀ ,ਤੈਰਾਕੀ ਨੇਜੇਬਾਜੀ,ਤੀਰ ਅੰਦਾਜ਼ੀ, ਘੋੜ ਸਵਾਰੀ ਤੇ ਨਿਸ਼ਾਨੇ ਬਾਜ਼ੀ ਵਿਚ ਚੋਖੀ ਮੁਹਾਰਤ ਹਾਸਿਲ ਕਰ ਲਈ। ਭਾਈ ਜੈਤਾ ਜੀ ਨੇ ਪੰਜਾਬੀ, ਬ੍ਰਿਜ ਭਾਸ਼ਾ, ਸੰਸਕ੍ਰਿਤ, ਹਿੰਦੀ, ਫਾਰਸੀ, ਅਰਬੀ ਆਦਿ ਭਾਸ਼ਾਵਾਂ ਦਾ ਗਿਆਨ ਹਾਸਲ ਕਰ ਲਿਆ। ਪ੍ਰਸਿੱਧ ਸੰਗੀਤ ਆਚਾਰੀਆ ਭਾਈ ਸਦਾ ਨੰਦ ਜੀ ਤੋਂ ਆਪ ਨੇ ਸੰਗੀਤ ਦਾ ਗਿਆਨ ਹਾਸਿਲ ਕੀਤਾ।

ਗੁਰੂ ਜੀ ਦੀ ਤੀਸਰੀ ਯਾਤਰਾ ਦੌਰਾਨ 23 ਦਸੰਬਰ 1666 ਈ:ਨੂੰ ਭਾਈ ਸਦਾ ਨੰਦ ਜੀ ਦੇ ਦੂਸਰੇ ਬੇਟੇ ਸੰਗਤੇ ਦਾ ਜਨਮ ਪਟਨਾ ਸਾਹਿਬ ਵਿਖੇ ਹੋਇਆ।

ਇਤਿਹਾਸ ਗਵਾਹ ਹੈ ਕਿ ਭਾਈ ਜੈਤਾ ਨੇ ਦਿੱਲੀ ਦੇ ਦਹਿਸ਼ਤਜ਼ਦਾ ਮਹੌਲ ਵਿਚੋਂ ਗੁਰੂ ਤੇਗ ਬਹਾਦਰ ਜੀ ਦੇ ਪਵਿੱਤਰ ਸੀਸ ਨੂੰ ਦਿੱਲੀ ਦੇ ਚਾਂਦਨੀ ਚੌਕ ਵਿੱਚ ਬੇਅਦਬ ਹੋਣ ਤੋਂ ਬਚਾ ਕੇ 322 ਕਿਲੋ ਮੀਟਰ ਲੰਬਾ ਤੇ ਬਿਖੜਾ ਪੈਂਡਾ ਤੈਅ ਕਰਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁਚਾਉਣ ਦਾ ਮਹਾਨ ਜੁਅਰਤ ਤੇ ਦਲੇਰੀ ਭਰਿਆ ਕਾਰਨਾਮਾ ਕਰ ਦਿਖਾਇਆ। ਜਿਸ ਸਦਕਾ ਬਾਲ ਗੁਰੂ ਗੋਬਿੰਦ ਰਾਏ ਜੀ ਨੇ ਉਨ੍ਹਾਂ ਨੂੰ ਨਿੱਘੀ ਗਲਵਕੜੀ ਵਿਚ ਛਾਤੀ ਨਾਲ ਘੁਟਦਿਆਂ "ਰੰਘਰੇਟੇ ਗੁਰੂ ਕੇ ਬੇਟੇ" ਆਖ ਕੇ ਨਿਵਾਜਿਆ। ਭਾਈ ਜੈਤਾ ਜੀ ਨੇ ਗੁਰੂ ਤੇਗ ਬਹਾਦਰ ਜੀ ਵੱਲੋਂ ਬਖਸ਼ਿਸ਼ ਕੀਤੀ ਗੁਰਿਆਈ ਸਮੱਗਰੀ ਤੇ 57 ਸਲੋਕ ਵੀ ਅਨੰਦਪੁਰ ਸਾਹਿਬ ਪੁਚਾਉਣ ਦਾ ਉੱਤਮ ਕਾਰਜ ਕੀਤਾ।

"ਬੇਗ਼ਮਪੁਰੇ ਤੇ ਹਲੇਮੀ ਰਾਜ" ਦੀ ਸਥਾਪਨਾ ਲਈ ਸਾਹਿਬ -ਇ -ਕਮਾਲ ਗੁਰੂ ਗੋਬਿੰਦ ਸਿੰਘ ਜੀ ਵਲੋਂ ਲੜੇ ਧਰਮ ਯੁੱਧਾਂ (ਭੰਗਾਣੀ ਤੋਂ ਚਮਕੌਰ ਤੱਕ) ਦੌਰਾਨ ਆਪਣੀ ਯੋਗਤਾ, ਬੀਰਤਾ ਅਤੇ ਜਵਾਂ -ਮਰਦੀ ਦੇ ਜੌਹਰ ਦਿਖਾਏ। ਦੇਸ਼ ਦੀ ਅਜ਼ਮਤ ਅਤੇ ਅਸਮਤ ਦੀ ਰਾਖੀ ਲਈ ਅਤੇ ਕੌਮ ਨੂੰ ਨਵਾਂ ਜੀਵਨ ਦੇਣ ਸਦਕਾ 30 ਮਾਰਚ 1699 ਨੂੰ ਖਾਲਸੇ ਦੀ ਸਿਰਜਣਾ ਸਮੇਂ ਗੁਰੂ ਜੀ ਨੇ ਭਾਈ ਜੈਤਾ ਜੀ ਦਾ ਨਾਮ ਭਾਈ ਜੀਵਨ ਸਿੰਘ ਰੱਖਿਆ।

19-20 ਦਸੰਬਰ 1704 ਈ: ਦੀ ਰਾਤ ਨੂੰ ਗੁਰੂ ਜੀ ਵਲੋਂ ਸ੍ਰੀ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਬਾਈਧਾਰ ਦੇ ਹਿੰਦੂ ਰਾਜਿਆਂ ਅਤੇ ਸ਼ਾਹੀ ਫੌਜਾਂ ਨੇ ਵਾਅਦੇ ਮੁਆਹਿਦੇ ਤੇ ਕਸਮਾਂ ਤੋੜ ਕੇ ਸਰਸਾ ਦੇ ਕੰਡੇ ਅਚਾਨਕ ਹੱਲਾ ਬੋਲ ਦਿੱਤਾ। ਇਸ ਲੜਾਈ ਵਿੱਚ ਉਨ੍ਹਾਂ ਦੇ ਪਰਮ ਮਿੱਤਰ ਭਾਈ ਉਦੈ ਸਿੰਘ ਜੀ ਸ਼ਹੀਦ ਹੋ ਗਏ। ਏਥੇ ਹੀ ਬਾਬਾ ਜੀਵਨ ਸਿੰਘ ਜੀ ਦੇ ਮਾਤਾ ਬੀਬੀ ਪ੍ਰੇਮੋ ਜੀ, ਉਨ੍ਹਾਂ ਦੀ ਧਰਮ ਪਤਨੀ ਬੀਬੀ ਰਾਜ ਕੌਰ ਅਤੇ ਦੋ ਛੋਟੇ ਬੇਟੇ ਭਾਈ ਗੁਲਜ਼ਾਰ ਸਿੰਘ ਜੀ ਅਤੇ ਭਾਈ ਗੁਰਦਿਆਲ ਸਿੰਘ ਜੀ ਸ਼ਹੀਦ ਹੋ ਗਏ। ਬਾਬਾ ਜੀਵਨ ਸਿੰਘ ਜੀ ਨੇ ਇਸ ਯੁੱਧ ਦੌਰਾਨ ਆਪਣੀ ਬੀਰਤਾ ਦੇ ਜੌਹਰ ਦਿਖਾਉਂਦਿਆਂ ਘੋੜੇ ਦੀਆਂ ਲਗਾਮਾਂ ਮੂੰਹ ਵਿੱਚ ਲੈ ਕੇ ਦੋਹਾਂ ਹੱਥਾਂ ਨਾਲ ਤਲਵਾਰਾਂ ਚਲਾਉਂਦਿਆਂ ਦੁਸ਼ਮਣਾਂ ਦੇ ਸੱਥਰ ਵਿਛਾ ਦਿੱਤੇ ਤੇ ਆਪਣੇ ਸਸ਼ਤਰ ਵਿਦਿਆ ਦੇ ਸ਼ਗਿਰਦ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਵੈਰੀ ਦਲਾਂ ਦੇ ਘੇਰੇ ਵਿੱਚੋਂ ਕੱਢ ਲਿਆਉਣ ਵਿੱਚ ਕਾਮਯਾਬ ਹੋ ਗਏ ।

21 ਦਸੰਬਰ 1704 ਈ: ਨੂੰ ਗੁਰੂ ਜੀ 40 ਕੁ ਥੱਕੇ ਟੁੱਟੇ ਤੇ ਭੁੱਖਣ ਭਾਣੇ ਸਿੰਘਾਂ ਸਮੇਤ ਚਮਕੌਰ ਦੀ ਕੱਚੀ ਗੜ੍ਹੀ (ਹਵੇਲੀ) ਵਿੱਚ ਆ ਗਏ। ਏਥੇ ਦੁਨੀਆਂ ਦੀ ਸੱਭ ਤੋਂ ਅਸਾਵੀਂ ਜੰਗ ਹੋਈ। ਗੁਰੂ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਤੇ ਪ੍ਰਾਣਾਂ ਤੋਂ ਪਿਆਰੇ ਸਿੰਘ ਇਸ ਮੌਕੇ ਸ਼ਹੀਦ ਹੋ ਗਏ। ਚਮਕੌਰ ਦੀ ਬੇਮੇਚ ਜੰਗ ਵਿੱਚ ਬਾਬਾ ਜੀ ਦੇ ਸਹੁਰਾ ਸਾਹਿਬ ਭਾਈ ਖਜ਼ਾਨ ਸਿੰਘ ਜੀ , ਛੋਟੇ ਭਰਾ ਭਾਈ ਸੰਗਤ ਸਿੰਘ ਜੀ ਅਤੇ ਦੋ ਵੱਡੇ ਬੇਟੇ ਭਾਈ ਸੁੱਖਾ ਸਿੰਘ ਤੇ ਭਾਈ ਸੇਵਾ ਸਿੰਘ ਜੀ ਵੀ ਸ਼ਹੀਦ ਹੋ ਗਏ। ਖਾਲਸੇ ਨੇ ਗੁਰੂ ਜੀ ਨੂੰ ਚਮਕੌਰ ਗੜੀ ਵਿਚੋਂ ਸੁਰੱਖਿਅਤ ਬਚ ਨਿਕਲਣ ਦਾ ਫ਼ਰਮਮਨ ਜਾਰੀ ਕਰ ਦਿੱਤਾ। ਗੁਰੂ ਜੀ ਆਪਣੀ ਕਲਗੀ, ਸਸ਼ਤਰ ਤੇ ਬਸਤਰ ਬਾਬਾ ਜੀਵਨ ਸਿੰਘ ਜੀ ਨੂੰ ਸੌਂਪ ਕੇ ਮਾਛੀਵਾੜੇ ਦੇ ਜੰਗਲਾਂ ਨੂੰ ਚਲੇ ਗਏ। ਦਰਬਾਰੀ ਕਵੀ ਕੰਕਣ ਲਿਖਦਾ ਹੈ ਕਿ :--

ਨਿਜ ਕਲਗੀ ਸਿਰ ਦਈ ਸਜਾਇ।
ਦਈ ਪੋਸ਼ਾਕ ਆਪਣੀ ਪਹਿਰਾਇ।
ਜੀਵਨ ਸਿੰਘ ਕੋ ਬੁਰਜ ਬੈਠਿਇ।
ਤਜ ਗੜ੍ਹੀ ਗੁਰੂ ਗੋਬਿੰਦ ਸਿੰਘ ਜਾਇ। (ਸੰਛੇਪ ਦਸ ਗੁਰ ਕਥਾ -ਕਵੀ ਕੰਕਣ
ਸੰਪਾਦਕ ਡਾ: ਗੁਰਮੁੱਖ ਸਿੰਘ ਐਮ. ਏ., ਪੀ. ਐਚ. ਡੀ. ਖੋਜ ਅਫਸਰ ਭਾਸ਼ਾ ਵਿਭਾ ਪੰਜਾਬ)।

ਇਤਿਹਾਸਕਾਰ ਸ: ਰਤਨ ਸਿੰਘ ਭੰਗੂ ਲਿਖਦਾ ਹੈ ਕਿ :--
ਜੀਵਨ ਸਿੰਘ ਰੰਘਰੇਟੜੋ ਬੰਦੂਕੀ ਖੂਬ ਅਖਵਾਇ।
ਏਕ ਬੁਰਜ ਮਧ ਸੇ ਬਹਯੋ, ਏਕਲ ਹੀ ਸੋ ਥਾਇ। (ਪ੍ਰਾਚੀਨ ਪੰਥ ਪ੍ਰਕਾਸ਼ ਰਤਨ ਸਿੰਘ ਭੰਗੂ)

ਅੰਤ ਚਮਕੌਰ ਵਿਖੇ ਆਪਣੀਆਂ ਦੋ ਬੰਦੂਕਾਂ ਨਾਗਣੀ ਤੇ ਬਾਘਣੀ ਨਾਲ ਬੁਰਜ ਤੋਂ ਆਖਰੀ ਦਮ ਤੱਕ ਲੜਦਿਆਂ ਲੜਦਿਆਂ ਬਾਬਾ ਜੀਵਨ ਸਿੰਘ ਜੀ ਸ਼ਹਾਦਤ ਦਾ ਜਾਮ ਪੀ ਗਏ। ਉਨ੍ਹਾਂ ਨੇ ਗੁਰੂ ਜੀ ਦਾ "ਸਵਾ ਲੱਖ ਸੇ ਏਕ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ।" ਬਚਨ ਸੱਚ ਕਰ ਦਿਖਾਇਆ।

ਦਰਬਾਰੀ ਕਵੀ ਕੰਕਣ ਲਿਖਦਾ ਹੈ ਕਿ :--
ਅੰਤ ਅਕੇਲਾ ਗੜ੍ਹੀ ਮੇਂ ,
ਬੰਦੂਕੀ ਪ੍ਰਬੀਨ।
ਜੀਵਨ ਸਿੰਘ ਰੰਘਰੇਟੜੋ,
ਜੂਝ ਗਇਓ ਸੰਗ ਦੀਨ।
ਵਜੀਰਾ ਅਤ ਪ੍ਰਸੰਨ ਭਯੋ,
ਮਾਰ ਲੀਓ ਗੋਬਿੰਦ।
ਦਿੱਲੀ ਧਾਇਓ ਸੀਸ ਲੈ,
ਖੁਸ਼ੀ ਕਰਨ ਨਰਿੰਦ।"

ਚਮਕੌਰ ਵਿਖੇ ਸ਼ਹੀਦ ਸਿੰਘਾਂ ਵਿਚੋਂ ਇਕੱਲੇ ਬਾਬਾ ਜੀਵਨ ਸਿੰਘ ਜੀ ਦੀ ਪ੍ਰਾਚੀਨ ਯਾਦਗਾਰ ਅੱਜ ਵੀ ਸਸ਼ੋਭਿਤ ਹੈ। ਜਿੱਥੇ ਹੁਣ ਬਾਬਾ ਜੀ ਦੀ ਉੱਮਤ ਦੇ ਲੋਕਾਂ ਵਲੋਂ ਸੱਤ ਮੰਜ਼ਿਲਾ ਗੁਰਦੁਆਰਾ ਸਾਹਿਬ ਤਾਮੀਰ ਕਰਵਾਇਆ ਗਿਆ ਹੈ।ਪਰ ਦੁੱਖ ਦੀ ਗੱਲ ਹੈ ਕਿਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਉਸ ਦਾ ਰਸਤਾ ਬਜ਼ਾਰ ਵਾਲੇ ਪਾਸਿਓਂ ਬੰਦ ਕੀਤਾ ਹੋਇਆ ਹੈ।

ਬ੍ਰਾਹਮਣਵਾਦੀ ਪ੍ਰੇਤ ਛਾਇਆ ਦੇ ਅਸਰ ਹੇਠ ਅਖੌਤੀ ਪੰਥਕ ਠੇਕੇਦਾਰਾਂ ਵਲੋਂ ਬਾਬਾ ਜੀਵਨ ਸਿੰਘ ਜੀ ਨੂੰ ਸਿਰਤੋੜ ਪੰਥਕ ਸੇਵਾ ਕਰਨ ਦੇ ਬਾਵਜੂਦ ਵੀ ਢੁਕਵਾਂ ਸਤਕਾਰ ਨਹੀਂ ਦਿੱਤਾ ਗਿਆ। ਪਤਾ ਨਹੀਂ ਕਿਉਂ? ਉਹਨਾਂ ਦੇ ਖ਼ਾਨਦਾਨ ਵਲੋਂ ਕੌਮੀ ਉਸਾਰੀ ਲਈ ਪਾਏ ਨਿੱਗਰ ਯੋਗਦਾਨ, ਗੁਰੂ ਘਰ ਨਾਲ ਅਟੁੱਟ ਸਾਂਝ ਤੇ ਲਾਸਾਨੀ ਕੁਰਬਾਨੀਆਂ ਦੇ ਬਾਵਜੂਦ ਵੀ ਜਾਣੇ ਅਣਜਾਣੇ ਨਜ਼ਰ ਅੰਦਾਜ਼ ਕਰ ਦਿੱਤਾ ਗਿਆ ਹੈ। ਜਦੋਂ ਕਿ ਪੰਥ ਦੇ ਠੇਕੇਦਾਰਾਂ ਵੱਲੋਂ ਜੰਡਾਂ, ਕਰੀਰਾਂ, ਟਾਹਲੀਆਂ, ਬੇਰੀਆਂ ਆਦਿ ਦਰੱਖਤਾਂ ਅਤੇ ਤਿੱਤਰਾਂ, ਬਾਜਾਂ, ਘੋਗੜਾਂ ਆਦਿ ਪੰਛੀਆਂ ਦੇ ਨਾਵਾਂ ਤੇ ਆਲੀਸ਼ਾਨ ਯਾਦਗਾਰਾਂ ਉਸਾਰੀਆਂ ਗਈਆਂ ਹਨ। ਕੀ ਬਾਬਾ ਜੀਵਨ ਸਿੰਘ ਜੀ ਦੇ ਖਾਨਦਾਨ ਦੀ ਘਾਲਣਾ ਤੇ ਪੰਥਕ ਸੇਵਾ ਉਹਨਾਂ ਤੋਂ ਵੀ ਨਿਗੂਣੀ ਐ।

ਸੁੱਚੀ ਮਾਨਵੀ ਸੋਚ ਤੇ ਗੁਰਮਤਿ ਵਿਚਾਰਧਾਰਾ ਦੇ ਉਲਟ ਪੰਥਕ ਠੇਕੇਦਾਰਾਂਵਲੋਂ ਅੱਜ ਵੀ ਬਾਬਾ ਜੀਵਨ ਸਿੰਘ ਜੀ ਦੀ ਉੱਮਤ ਦੇ ਲੋਕਾਂ ਨੂੰ ਕੰਮੀ-ਕਮੀਣ, ਲਾਗੀ -ਵਗਾਰੀ, ਨੀਚ-ਨਿਮਾਣੇ, ਸੀਰੀ-ਪਾਲ਼ੀ ਤੇ ਗੋਲ਼ੂ-ਗੁਲਾਮ ਬਣਾ ਕੇ ਰੱਖਿਆ ਹੋਇਆ ਹੈ। ਜਦੋਂ ਕਿ ਗੁਰੂ ਸਾਹਿਬ ਦਾ ਮਾਨਵਵਾਦੀ ਟੀਚਾ "ਇਨ ਗਰੀਬ ਸਿਖਨ ਕਉ ਦੇਊਂ ਪਾਤਸ਼ਾਹੀ" ਮਿੱਥਿਆ ਗਿਆ ਹੈ।


# ਬਸਪਾ ਦਾ ਏਜੰਡਾ ਦੇਸ਼ ਵਿਚ ਪ੍ਰਵਰਤਨ ਲਿਆਉਣਾ ਹੈ



ਲਾਲ ਸਿੰਘ ਸੁਲਹਾਣੀ
91-98721-55120

ਸਾਹਿਬ ਕਾਂਸ਼ੀ ਰਾਮ ਜੀ ਕਿਹਾ ਕਰਦੇ ਸਨ "ਸਾਡੇ ਦੁਸ਼ਮਣ ਦਾ ਕੰਮ ਹੈ ਸਾਡੇ ਰਸਤੇ ਵਿਚ ਰੋੜੇ ਅਟਕਾਉਣਾ। ਸਾਨੂੰ ਇਸ ਗੱਲ ਨੂੰ ਸਮਝਣਾ ਹੋਵੇਗਾ। ਸਾਡਾ ਦੁਸ਼ਮਣ ਸਾਨੂੰ ਰਸਤੇ ਤੋਂ ਹਟਾਉਣਾ ਚਾਹੇਗਾ, ਬਹਿਕਾਉਣਾ ਚਾਹੇਗਾ, ਰਸਤੇ 'ਚ ਰੋੜੇ ਵੀ ਅਟਕਾਏਗਾ, ਲਾਲਚ ਵੀ ਦੇਵਗਾ। ਉਹਨਾਂ ਨੇ ਉਦਾਹਰਣ ਦਿੰਦਿਆਂ ਦੱਸਿਆ ਕਿ ਜਦੋਂ ਛੇ ਮਹੀਨੇ ਲਈ ਮਾਇਆਵਤੀ ਨੂੰ ਮੁੱਖ ਮੰਤਰੀ ਬਣਾਉਣਾ ਤਹਿ ਹੋਇਆ ਸੀ ਛੇ ਮਹੀਨੇ ਪੂਰੇ ਹੋਣ ਵਾਲੇ ਸਨ ਤਾਂ ਸ੍ਰੀ ਅਡਵਾਨੀ ਅਤੇ ਸ੍ਰੀ ਬਾਜਪਾਈ ਕਹਿਣ ਲੱਗੇ ਮਾਇਆਵਤੀ ਨੂੰ ਪੰਜ ਸਾਲ ਰਾਜ ਕਰਨ ਦਿਉ। ਮੈਂ ਉਹਨਾਂ ਨੂੰ ਇਸ ਮਿਹਰਬਾਨੀ ਦਾ ਕਾਰਨ ਪੁੱਛਿਆ ਕਿ ਅਸੀਂ ਤਾਂ ਛੇ ਮਹੀਨੇ ਦਾ ਸਮਝੌਤਾ ਤਹਿ ਕੀਤਾ ਸੀ ਫਿਰ ਪੰਜ ਸਾਲ ਕਿਉਂ ਦੇ ਰਹੇ ਓ। ਉਹ ਕਹਿਣ ਲੱਗੇ ਕਿ ਸਾਨੂੰ ਇਉਂ ਲੱਗਦਾ ਹੈ ਕਿ ਅਗਰ ਬਸਪਾ ਭਾਜਪਾ ਨਾਲ ਮਿਲ ਕੇ ਚੋਣ ਲੜਦੀ ਹੈ ਤਾਂ ਅਸੀਂ ਪਾਰਲੀਮੈਂਟ ਵਿਚ 400 ਤੋਂ ਵਧ ਸਾਂਸਦ ਲਿਆ ਸਕਦੇ ਹਾਂ ਆਪ ਸਾਡੇ ਨਾਲ ਮਿਲਕੇ ਕੇਂਦਰ ਦੀ ਸਰਕਾਰ ਚਲਾਓ। ਮਾਇਆਵਤੀ ਉੱਤਰ ਪ੍ਰਦੇਸ਼ ਦੀ ਸਰਕਾਰ ਚਲਾਉਂਦੀ ਰਹੇ।

ਮੈਂ ਉਹਨਾਂ ਨੂੰ ਕਿਹਾ ਭਾਈ ਮੈਨੂੰ ਤੁਹਾਡਾ ਟੀਚਾ ਤਾਂ ਪਤਾ ਹੈ ਆਪ ਇਸ ਦੇਸ਼ ਚ ਹਿੰਦੂਤਵ ਦਾ ਬੋਲਬਾਲਾ ਚਾਹੁੰਦੇ ਹੋ ਪਤਾ ਨਹੀਂ ਚਾਹੁੰਦੇ ਵੀ ਹੋ ਜਾਂ ਨਹੀਂ? ਪਰ ਹੱਲਾ ਗੁੱਲਾ ਤਾਂ ਕੀਤਾ ਹੈ ਕਿ ਹਿੰਦੂਤਵ ਦਾ ਬੋਲਬਾਲਾ ਕਰਨਾ ਹੈ। ਮੈਂ ਸਮਝਦਾ ਹਾਂ ਕਿ ਜਿਸ ਨੂੰ ਤੁਸੀਂ ਹਿੰਦਤਵ ਆਖਦੇ ਹੋ ਉਹ ਮਨੂਵਾਦ ਦਾ ਦੂਜਾ ਨਾਂ ਹੈ। ਮਨੂਵਾਦੀ ਸਮਾਜ ਵਿਵਸਥਾ ਨੂੰ ਤੁਸੀਂ ਟਿਕਾਕੇ ਰੱਖਣਾ ਚਾਹੁੰਦੇ ਹੋ, ਕਾਂਗਰਸ ਵੀ ਟਿਕਾਕੇ ਰੱਖਣਾ ਚਾਹੁੰਦੀ ਹੈ ਪਰ ਬਿਨਾ ਬੋਲੇ। ਸੀ. ਪੀ. ਆਈ।, ਸੀ. ਪੀ. ਐਮ. ਵੀ ਟਿਕਾਕੇ ਰੱਖਣਾ ਚਾਹੁੰਦੀ ਹੈ ਪਰ ਇਸ ਦਾ ਜ਼ਿਕਰ ਨਹੀ ਕਰਦੀ। ਲੇਕਿਨ ਭਾਰਤੀ ਜਨਤਾ ਪਾਰਟੀ ਖੁਲ੍ਹੇ ਆਮ ਕਹਿੰਦੀ ਹੈ ਕਿ ਮਨੂਵਾਦੀ ਸਮਾਜਕ ਵਿਵਸਥਾ ਨੂੰ ਟਿਕਾਏ ਰੱਖਣਾ ਹੈ। ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਅਸੀਂ ਮਨੂਵਾਦੀ ਵਿਵਸਥਾ ਨੂੰ ਹਟਾ ਕੇ ਮਾਨਵਤਾਵਾਦੀ ਸਮਾਜ ਵਿਵਸਥਾ ਦਾ ਇਸ ਦੇਸ਼ ਵਿਚ ਬੋਲਬਾਲਾ ਕਰਨਾ ਹੈ। ਇਸ ਗੱਲ ਨੂੰ ਧਿਆਨ 'ਚ ਰੱਖਦਿਆਂ ਜਿਸ ਦਿਨ ਮਾਇਆਵਤੀ ਨੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਓਥ ਲਿਆ (ਸਹੁੰ ਚੁੱਕੀ) ਉਸੇ ਦਿਨ ਲਖਨਊ ਵਿਚ ਪ੍ਰਵਰਤਨ ਚੌਕ ਬਣਾਉਣਾ ਸ਼ੁਰੂ ਕਰ ਦਿੱਤਾ। ਅਸੀਂ ਪ੍ਰਵਰਤਨ ਚਾਹੁੰਦੇ ਹਾਂ ਮੈਂ ਸਮਝਦਾ ਹਾਂ ਕਿ ਆਪ Status quo ਇਸ ਵਿਵਸਥਾ ਨੂੰ ਜਿਉਂ ਦਾ ਤਿਉਂ ਬਣਾਏ ਰਖਣਾ ਚਾਹੁੰਦੇ ਹੋ ਅਸੀਂ ਪ੍ਰਵਰਤਨ ਕਰਨਾ ਚਾਹੁੰਦੇ ਹਾ। ਇਸ ਲਈ ਇਹ ਦੋਵੇਂ ਇਕੱਠੇ ਨਹੀਂ ਚੱਲ ਸਕਦੇ। ਅਗਰ ੱਟਅਟੁਸ ਤੁੋ ਰਹਿੰਦਾ ਹੈ ਤਾਂ ਪ੍ਰਵਰਤਨ ਨਹੀ ਹੋ ਸਕਦਾ ਅਤੇ ਜੇ ਬਦਲਾਅ ਹੁੰਦਾ ਹੈ ਤਾਂ Status ਤੁੋ ਨਹੀਂ ਰਹਿ ਸਕਦਾ। ਦੋਨੋਂ ਨਾਲ ਨਾਲ ਨਹੀਂ ਚਲ ਸਕਦੇ ਤਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਬਸਪਾ (ਬਹੁਜਨ ਸਮਾਜ ਪਾਰਟੀ) ਤੇ ਭਾਜਪਾ ਇਕੱਠੇ ਨਹੀਂ ਚੱਲ ਸਕਦੇ।





ਇਹ ਗੱਲ ਸਹੀ ਹੈ ਕਿ ਭਾਜਪਾ ਸਾਡੇ ਲੋਕਾਂ ਦੇ ਵੋਟ ਹਥਿਆ ਕੇ, ਖਰੀਦ ਕੇ ਲੁੱਟ ਕੇ, ਆਪਣੀ ਪਾਰਟੀ ਨੂੰ ਮਜ਼ਬੂਤ ਕਰਦੀ ਹੈ । ਅਸੀਂ ਵੀ ਆਪ ਦਾ ਸਹਿਯੋਗ ਲੈ ਕੇ ਆਪਣੇ ਆਪ ਨੂੰ ਮਜ਼ਬੂਤ ਕਰ ਸਕਦੇ ਹਾਂ। ਸਾਨੂੰ ਕੋਈ ਇਤਰਾਜ਼ ਨਹੀਂ ਲੇਕਿਨ ਆਪਣੇ ਆਪ ਨੂੰ ਮਜ਼ਬੂਤ ਕਰਕੇ ਅਸੀਂ ਆਪਣਾ ਏਜੰਡਾ ਪੂਰਾ ਕਰਨਾ ਚਾਹੁੰਦੇ ਹਾਂ। ਸਾਡਾ ਏਜੰਡਾ ਹੈ ਚੇਂਜ ਦਾ,ਪਰਵਰਤਨ ਦਾ, ਬਦਲਾਅ ਦਾ। ਅਗਰ ਅਸੀਂ ਆਪਣਾ ਏਜੰਡਾ ਲਾਗੂ ਨਹੀਂ ਕਰ ਸਕਦੇ ਤਾਂ ਅਸੀਂ ਸਰਕਾਰ ਨਹੀਂ ਚਲਾਉਣਾ ਚਾਹੁੰਦੇ। ਲੇਕਿਨ ਕੇਂਦਰ 'ਚ ਭਾਜਪਾ ਸਰਕਾਰ ਚਲਾ ਰਹੀ ਹੈ ਪਰ ਆਪਣਾ ਏਜੰਡਾ ਕਿਨਾਰੇ ਰੱਖ ਕੇ। ਉਹ ਆਪਣਾ ਏਜੰਡਾ ਸਾਹਮਣੇ ਨਹੀਂ ਲਿਆਉਂਦੀ। ਜਦੋਂ ਥੋੜ੍ਹਾ ਜਿਹਾ ਲਿਆਉਂਦੀ ਹੈ, ਸਰਸਵਤੀ ਸਰਸਵਤੀ ਕਰਦੀ ਹੈ ਤਾਂ ਉਸਦਾ ਵਿਰੋਧ ਹੋ ਜਾਂਦਾ ਹੈ ਉਸਨੂੰ ਤਾਂ ਉਸਦੇ ਸਹਿਯੋਗੀ ਸਰਸਵਤੀ ਸਰਸਵਤੀ ਨਹੀਂ ਕਰਨ ਦਿੰਦੇ। ਪਤਾ ਨਹੀਂ ਇਹ ਸਰਸਵਤੀ ਕੀ ਹੁੰਦੀ ਹੈ? ਉਹ ਕੀ ਕਰਦੀ ਹੈ?ਇਹ ਤਾਂ ਉਹ ਜਾਣਦੇ ਹੋਣਗੇ ਲੇਕਿਨ ਉਹਦੇ ਆਪਣੇ ਸਹਿਯੋਗੀ ਉਹਨੂੰ ਸਰਸਵਤੀ ਸਰਸਵਤੀ ਕਰਨ ਤੋਂ ਰੋਕਦੇ ਹਨ ਲੇਕਿਨ ਫਿਰ ਵੀ ਉਹ ਸਰਕਾਰ ਚਲਾ ਰਹੇ ਹਨ। ਜਦੋਂ ਮਮਤਾ ਬੈਨਰਜੀ ਵਰਗੀ ਔਰਤ ਉਹਨਾਂ ਨੂੰ ਸਰਸਵਤੀ ਸਰਸਵਤੀ ਨਹੀਂ ਕਰਨ ਦਿੰਦੀ ਤਾਂ ਮਾਇਆਵਤੀ ਕਿਵੇਂ ਕਰਨ ਦੇਵੇਗੀ। ਇਸ ਲਈ ਮੈਂ ਸਮਝਦਾ ਹਾਂ ਕਿ ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਚੱਲਣਾ ਹੈ। ਅਗਰ ਅਸੀਂ ਸਰਕਾਰ ਬਣਾਉਣੀ ਹੈ, ਹੁਕਮਰਾਨ ਬਣਨਾ ਹੈ ਤਾਂ ਸਾਡੇ ਸਾਹਮਣੇ ਟੀਚਾ ਸਪਸਟ ਹੈ, ਏਜੰਡਾ ਸਪੱਸ਼ਟ ਹੈ ਅਸੀਂ ਦੇਸ਼ ਵਿਚ ਪ੍ਰਵਰਤਨ ਲਿਆਉਣਾ ਹੈ ਅਗਰ ਜੇ ਅਸੀਂ ਪ੍ਰਵਰਤਨ ਨਹੀਂ ਲਿਆ ਸਕਦੇ ਤਾਂ ਐਸੀ ਸਰਕਾਰ ਚਲਾਉਣ ਦਾ ਕੋਈ ਮਤਲਵ ਨਹੀਂ।"

ਬਹੁਜਨ ਸਮਾਜ ਪਾਰਟੀ ਦੀ ਨੀਤੀ ਸਾਫ ਅਤੇ ਸਪੱਸ਼ਟ ਹੈ। ਬਸਪਾ ਆਗੂਆਂ ਦੀ ਨੀਅਤ ਦੇਸ਼ ਵਿਚ ਪ੍ਰਵਰਤਨ ਲਿਆਉਣ ਦੀ ਹੈ। ਬਸਪਾ ਆਪਣੇ ਏਜੰਡੇ ਪ੍ਰਤੀ ਅਡਿੱਗ ਤੇ ਅਡੋਲ ਹੈ। ਅਜੋਕੇ ਸਮੇਂ ਬਸਪਾ ਦੇ ਵਿਰੋਧੀ ਬਸਪਾ ਸੁਪ੍ਰੀਮੋ ਭੈਣ ਕੁਮਾਰੀ ਮਾਇਆਵਤੀ ਨੂੰ ਭਾਜਪਾ ਨਾਲ ਰਲੀ ਹੋਣ ਦਾ ਢਿੰਡੋਰਾ ਪਿੱਟ ਕੇ ਬਦਨਾਮ ਕਰਨ ਦਾ ਯਤਨ ਕਰਦੇ ਰਹਿੰਦੇ ਹਨ। ਆਪਣੇ ਬਦਲਾਓ ਦੇ ਅਜੰਡੇ ਨੂੰ ਲਾਂਭੇ ਰੱਖਕੇ ਤਾਂ ਉਹ ਕਿਸੇ ਵੀ ਬ੍ਰਾਹਮਣਵਾਦੀ ਗੁੱਟ ਨਾਲ ਮਿਲ ਕੇ ਸੱਤਾ ਦਾ ਅਨੰਦ ਮਾਣ ਸਕਦੀ ਹੈ।

# ਪਿਛਲੱਗੂਪੁਣਾ ਛੱਡ ਕੇ ਹੀ ਬਹੁਜਨ ਸਮਾਜ ਸ਼ਕਤੀਸ਼ਾਲੀ ਬਣੇਗਾ

ਮਹਾਂਰਾਸ਼ਟਰ ਵਿੱਚ 1995 ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਸਨ। ਉਸ ਮੌਕੇ ਮੈਂ ਪੰਜਾਬ ਇਕਾਈ ਦਾ ਇਕਲੌਤਾ ਉਪ ਪ੍ਰਧਾਨ ਸੀ। ਮੈਨੂੰ ਨਾਗਪੁਰ ਜਾਕੇ ਮੋਰਚਾ ਮੱਲ ਲੈਣ ਦੇ ਆਦੇਸ਼ ਆ ਗਏ। ਮੈਂ ਆਪਣੇ ਇਕ ਸਾਥੀ ਸਜੌਲ ਸਿੰਘ ਨੂੰ ਨਾਲ ਲੈਕੇ ਪੰਜਾਬ ਮੇਲ ਰਾਹੀਂ ਜਨਵਰੀ 1995 ਵਿਚ ਤਿਆਰੀ ਖਿੱਚ ਲਈ। ਸ੍ਰੀ ਹਰਭਜਨ ਲਾਖਾ ਮੈਂਬਰ ਪਾਰਲੀਮੈਂਟ ਉਥੇ ਪਹਿਲਾਂ ਹੀ ਪੁਜ ਗਏ ਸਨ। ਅਸੀਂ ਦੱਖਣੀ ਨਾਗਪੁਰ 'ਚ ਨਾਰੀ ਰੋਡ 'ਤੇ ਸਥਿਤ ਬਸਪਾ ਦਫਤਰ ਜਾ ਝੰਡੇ ਗੱਡੇ । ਕੁਝ ਦਿਨਾਂ ਬਾਅਦ ਸ੍ਰ. ਅਵਤਾਰ ਸਿੰਘ ਕਰੀਮਪੁਰੀ ਵਿਧਾਇਕ ਵੀ ਆਪਣੇ ਦੋ ਗੰਨਮੈਨ ਲੈਕੇ ਆ ਗਿਆ। ਮੇਰੇ ਪਿੰਡ ਸੁਲਹਾਣੀ ਦੇ ਕੁੱਝ ਮਿਸਤਰੀ ਪ੍ਰਵਾਰ ਉਸ ਖੇਤਰ ਵਿੱਚ ਚੰਗੇ ਕਾਰੋਬਾਰ ਦੇ ਮਾਲਕ ਹਨ ਮੈਂ ਉਹਨਾਂ ਨਾਲ ਰਾਬਤਾ ਬਣਾ ਲਿਆ। ਮੱਧ ਪ੍ਰਦੇਸ਼ ਇਕਾਈ ਦੀ ਬਸਪਾ ਦੀ ਮਹਿਲਾ ਵਿੰਗ ਦੀ ਪ੍ਰਧਾਨ ਬੀਬੀ ਕੁੰਤੀ ਕੁਰਰੇ ਵੀ ਨਾਲ ਪੁੱਜ ਗਏ। ਜੋ ਬੜੀ ਉੱਚੀ ਲੰਮੀ ਖੂਬਸੂਰਤ ਤੇ ਸਲੀਕੇ ਵਾਲੀ ਪੜੀ ਲਿਖੀ ਆਗੂ ਸੀ ਉਹ ਵੀ ਆਪਣੀਆਂ ਦੋ ਕੁ ਸਾਥਣਾਂ ਨਾਲ ਸਾਡੇ ਜਥੇ ਵਿਚ ਸ਼ਾਮਲ ਹੋ ਗਈ। ਉਹ ਬੀਬੀ ਹਰਭਜਨ ਲਾਖਾ ਜੀ ਦੀ ਚੰਗੀ ਸ਼ਰਧਾਲੂ ਸੀ ਉਹ ਉਹਨਾਂ ਦਾ ਬਹੁਤ ਸਤਿਕਾਰ ਕਰਦੀ ਸੀ। ਲੋਕਲ ਸਾਥੀਆਂ ਨੂੰ ਨਾਲ ਲੈਕੇ ਅਸੀਂ ਨੁੱਕੜ ਮੀਟਿੰਗਾਂ ਰਾਹੀਂ ਬਹੁਜਨ ਸਮਾਜ ਦੀ ਉੱਭਰ ਰਹੀ ਸ਼ਕਤੀ ਦੀ ਜਾਣਕਾਰੀ ਦਿੰਦੇ। ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਨੂੰ ਮੰਨਣ ਵਾਲਿਆਂ ਦੀ ਉਧਰ ਕਮੀ ਨਹੀਂ। ਬਾਬਾ ਸਾਹਿਬ ਦੇ ਆਦਮ ਕੱਦ ਬੁੱਤ ਹਰ ਪਾਸੇ ਵੇਖਣ ਨੂੰ ਮਿਲਦੇ, ਉਨ੍ਹਾਂ ਦੇ ਗੁਣ ਗਾਇਨ ਕਰਨ ਵਾਲੇ ਟੋਲੇ ਮਿਲਦੇ, ਘਰਾਂ ਵਿੱਚ ਲੱਗੀਆਂ ਬਾਬਾ ਸਾਹਿਬ ਦੀਆਂ ਤਸਵੀਰਾਂ ਦੇ ਦਰਸ਼ਨ ਹੋ ਜਾਂਦੇ। ਪਰ ਕਮੀ ਸੀ ਤਾਂ ਸੰਗਠਨ ਦੀ। ਕਮੀ ਸੀ ਮਨੋਬਲ ਦੀ। ਬਾਬਾ ਸਾਹਿਬ ਦੇ ਨਾਮ ਲੇਵਾ ਛੋਟੇ ਮੋਟੇ ਗਰੁੱਪਾਂ'ਚ ਵੰਡੇ ਹੋਏ ਸਨ। ਰਿਪਬਲੀਕਨ ਪਾਰਟੀ ਆਫ ਇੰਡੀਆ (ਆਰ. ਪੀ. ਆਈ.) ਅਤੇ ਦਲਿਤ ਪੈਂਥਰ ਦੇ ਨਿੱਕੇ ਨਿੱਕੇ ਕਈ ਗਰੁੱਪ ਸਨ ਜਿਨ੍ਹਾਂ ਦੀ ਆਪਸੀ ਖਹਿਬਾਜ਼ੀ ਸਿਖਰ ਤੇ ਸੀ।ਉਹ ਸਾਰੇ ਆਪਣੇ ਆਪ ਨੂੰ ਬਾਬਾ ਸਾਹਿਬ ਦੇ ਅਸਲੀ ਅਨੁਆਈ ਤੇ ਵੱਡੀ ਧਿਰ ਸਮਝਦੇ ਸਨ। ਪਰ ਸਨ ਸਾਰੇ ਗੁੱਟ ਕਿਸੇ ਨਾ ਕਿਸੇ ਬ੍ਰਾਹਮਣਵਾਦੀ ਪਾਰਟੀ ਦੇ ਪਿਛਲੱਗੂ। ਇਓਂ ਬਾਬਾ ਸਾਹਿਬ ਨੂੰ ਮੰਨਣ ਵਾਲਿਆਂ ਦਾ ਬਾਬਾ ਸਾਹਿਬ ਦੀ ਜਨਮ ਭੂਮੀ ਤੇ ਕੋਈ ਮਹੱਤਵ ਪੂਰਨ ਪ੍ਰਭਾਵ ਨਹੀਂ ਸੀ। ਬ੍ਰਾਹਮਣਵਾਦੀ ਰਾਜਨੀਤਕ ਪਾਰਟੀਆਂ ਉਹਨਾਂ ਨੂੰ ਟੁੱਕ ਤੇ ਡੇਲੇ ਤੋਂ ਵੱਧ ਅਹਿਮੀਅਤ ਨਹੀਂ ਦਿੰਦੀਆਂ। ਨਾਗਪੁਰ ਨੂੰ ਬਾਬਾ ਸਾਹਿਬ ਦੀ ਕਰਮਭੂਮੀ ਵਜੋਂ ਜਾਣਿਆ ਜਾਂਦਾ ਹੈ ਦੱਖਣੀ ਨਾਗਪੁਰ ਵਿੱਚ ਬਸਪਾ ਦਾ ਸੂਬਾਈ ਦਫਤਰ ਹੈ ਜਿਥੋਂ ਸਾਹਿਬ ਕਾਂਸ਼ੀ ਰਾਮ ਦੀ ਸੰਪਾਦਨਾਂ ਹੇਠ ਮਰਾਠੀ ਵਿਚ ਆਫੀਸ਼ਲ ਹਫਤਾਵਾਰੀ ਅਖਬਾਰ 'ਬਹੁਜਨ ਨਾਇਕ' ਇਕ ਬੈਂਕ ਅਧਿਕਾਰੀ ਸ੍ਰੀ ਅਨੰਦ ਰਾਹਟੇ ਦੀ ਦੇਖ ਰੇਖ ਪ੍ਰਕਾਸ਼ਿਤ ਕੀਤਾ ਜਾ ਰਿਹਾ ਸੀ। ਫਿਰ ਵੀ ਬਸਪਾ ਦਾ ਕੋਈ ਸ਼ਕਤੀ ਸ਼ਾਲੀ ਸੰਗਠਨ ਦੇਖਣ ਨੂੰ ਨਹੀਂ ਮਿਲਿਆ। ਸੂਬਾ ਇਕਾਈ ਦੇ ਪ੍ਰਧਾਨ ਸ੍ਰੀ ਕਿਸ਼ਨ ਓਬਾਲੇ ਸਨ ਤੇ ਉਹ ਆਪਣੀ ਬੀਵੀ ਸਮੇਤ ਪੂਰੀ ਤਰ੍ਹਾਂ ਮਿਸ਼ਨ ਨੂੰ ਸਮਰਪਿਤ ਸਨ।

ਚੋਣ ਪ੍ਰਚਾਰ ਦੇ ਆਖਰੀ ਦਿਨਾਂ 'ਚ ਇਕ ਅਤੇ ਦੋ ਫਰਵਰੀ 1995 ਨੂੰ ਦੱਖਣੀ ਨਾਗਪੁਰ ਦੀਆਂ ਚੋਣ ਸਭਾਵਾਂ ਨੂੰ ਬਸਪਾ ਸੁਪ੍ਰੀਮੋ ਸਾਹਿਬ ਕਾਂਸ਼ੀ ਰਾਮ ਨੇ ਸੰਬੋਧਨ ਕਰਨਾ ਸੀ ਤੇ ਅਸੀਂ ਉਸਦੀ ਤਿਆਰੀ 'ਚ ਲੱਗੇ ਹੋਏ ਸਾਂ।

"ਹਾਂ ਬਈ ਪੰਜਾਬ ਵਾਲਿਓ ਆਪ ਦੇ ਰਹਿਣ ਬਹਿਣ ਦਾ, ਖਾਣ ਪੀਣ ਦਾ ਬੰਦੋਬਸਤ ਠੀਕ ਹੈ।" – ਸਾਨੂੰ ਦੇਖਕੇ ਖੁਸ਼ ਹੁੰਦਿਆਂ ਸਾਹਿਬ ਨੇ ਆਉਂਦਿਆਂ ਈ ਪੁੱਛਿਆ।

ਹਾਂ ਸਰ ਸੱਭ ਠੀਕ ਠਾਕ ਐ ਇਧਰ ਲਾਖਾ ਜੀ ਸਾਡੇ ਨਾਲ ਹਨ – ਮੈਂ ਦੱਸਿਆ।

ਅੱਛਾ! ਫੇਰ ਠੀਕ ਐ, ਲਾਖਾ ਤਾਂ ਜਾਣਕਾਰ ਹੈ ਇਧਰ ਦਾ। ਉਹ ਸੱਭ ਬੰਦੋਬਸਤ ਕਰ ਸਕਦਾ ਹੈ। ਸਾਹਿਬ ਨੇ ਲਾਖਾ ਜੀ ਤੇ ਭਰੋਸਾ ਜਿਤਾਉਂਦਿਆਂ ਆਖਿਆ। ਦਿਨ ਵੇਲੇ ਉਹ ਦਿਹਾਤੀ ਖੇਤਰ ਵਿੱਚ ਚਲੇ ਜਾਂਦੇ ਤੇ ਸ਼ਾਮ ਸੱਤ ਵਜੇ ਸ਼ਹਿਰ ਵਿੱਚ ਰੱਖੀਆਂ ਚੋਣ ਸਭਾਵਾਂ ਨੂੰ ਸੰਬੋਧਨ ਕਰਦੇ। ਕਮਲ ਚੌਕ ਵਿੱਚ ਰੱਖੀ ਵਿਸ਼ਾਲ ਚੋਣ ਸਭਾ ਨੂੰ (ਹਿੰਦੀ 'ਚ) ਸੰਬੋਧਨ ਕਰਦਿਆਂ ਉਹਨਾਂ ਨੇ ਕਿਹਾ ਕਿ–

ਸਾਥੀਓ ! ਮੈਂ ਲੰਮੇ ਸਮੇਂ ਤੋਂ ਮੀਟਿੰਗਾਂ ਤੇ ਕੇਡਰ ਕੈਂਪਾਂ ਰਾਹੀਂ ਆਪ ਨੂੰ ਤਿਆਰ ਕਰਦਾ ਆ ਰਿਹਾ ਹਾਂ। ਤੁਸੀਂ ਮੇਰੇ ਖਿਆਲਾਂ ਤੋਂ ਭਲੀ ਭਾਂਤ ਜਾਣੂ ਹੋ। ਹੁਣ ਮਹਾਂਰਾਸ਼ਟਰ ਵਿੱਚ ਜਦੋਂ ਆਪ ਨੂੰ ਆਪਣੀ ਮਨਮਰਜ਼ੀ ਦੀ ਸਰਕਾਰ ਚੁਣਨ ਦਾ ਮੌਕਾ ਮਿਲ ਰਿਹਾ ਹੈ ਤਾਂ ਮੈਂ ਇਸ ਮੌਕੇ 'ਤੇ ਚੋਣ ਸੰਬੰਧੀ ਹੀ ਗੱਲ ਕਰਨੀ ਚਾਹਾਂਗਾ। ਆਪ ਆਰ. ਪੀ. ਆਈ. ਦੇ ਮਾਧਿਅਮ ਤੋਂ ਲੰਮੇ ਸਮੇਂ ਤੋ ਵੋਟ ਦਾ ਇਸਤੇਮਾਲ ਕਰਦੇ ਆ ਰਹੇ ਹੋ। ਚੋਣ ਲੜਨ ਦਾ ਮਕਸਦ ਬਾਬਾ ਸਾਹਿਬ ਦੀ ਮੂਵਮੈਂਟ ਨੂੰ ਚਲਾਉਣਾ ਹੈ। ਨਾਗਪੁਰ ਬਾਬਾ ਸਾਹਿਬ ਦੀ ਕਰਮਭੂਮੀ ਵਜੋਂ ਜਾਣਿਆ ਜਾਂਦਾ ਹੈ ਇਸ ਮੌਕੇ ਤੇ ਮੈਂ ਆਪ ਨੂੰ ਆਪਣੇ ਆਪ ਤੇ ਭਰੋਸਾ ਕਾਇਮ ਕਰਾਉਣ ਲਈ ਆਇਆ ਹਾਂ। ਆਪ ਸੱਭ ਜਾਣਕਾਰ ਲੋਕ ਹੋ ਪਰ ਉਸ ਜਾਣਕਾਰੀ ਦੇ ਅਧਾਰ 'ਤੇ ਆਪਣੀ ਜਿੰਮੇਵਾਰੀ ਉਸ ਪੱਧਰ ਤੇ ਨਹੀਂ ਨਿਭਾ ਸਕੇ ਜਿਸ ਪੱਧਰ ਤੇ ਨਿਭਾਉਣੀ ਚਾਹੀਦੀ ਸੀ। ਮੈਂ ਅਮਰਾਵਤੀ ਤੋਂ ਵਾਪਿਸ ਆਉਂਦਿਆਂ ਆਪਣੇ ਸਾਥੀ ਓਬਾਲੇ ਨੂੰ ਪੁੱਛ ਰਿਹਾ ਸੀ ਕਿ ਇਧਰ ਕੁਝ ਲੋਕਾਂ ਨੇ ਅਧਿਐਨ ਅਭਿਆਨ ਚਲਾਇਆ ਸੀ ਉਹਨਾਂ ਦਾ ਅਧਿਐਨ ਪੂਰਾ ਹੋ ਗਿਆ ਹੈ ਕਿ ਨਹੀਂ? ਅਧਿਐਨ ਕਿਸੇ ਮਕਸਦ ਲਈ ਕੀਤਾ ਜਾਂਦਾ ਹੈ ਪਰ ਜੇ ਅਧਿਐਨ ਹੀ ਮਕਸਦ ਬਣ ਕੇ ਰਹਿ ਜਾਵੇ ਤਾਂ ਉਸਦਾ ਕੀ ਫਾਇਦਾ? ਜਦੋਂ ਕੁਝ ਪੈਸਾ ਇਕੱਠਾ ਹੋ ਜਾਂਦਾ ਹੈ ਤਾਂ ਇਹ ਲੋਕ ਇਕ ਖੋਲੀ (ਕੋਠਾ) ਹੋਰ ਬਣਾ ਦਿੰਦੇ ਹਨ ਆਪਣੇ ਇਕ ਹੋਰ ਬੱਚੇ ਨੂੰ ਅੱਗੇ ਵਧਾਉਣ ਲਈ। ਬਈ ਖੋਲੀ ਬਣਾਉਣ ਲਈ ਅਧਿਐਨ ਦੀ ਕਿਆ ਜਰੂਰਤ ਹੈ? ਉਹਨਾਂ ਨੇ ਵਿਅੰਗ ਕਸਦਿਆਂ ਕਿਹਾ। ਅਧਿਐਨ ਇਸ ਲਈ ਜਰੂਰੀ ਹੈ ਕਿ ਗਿਆਨ ਹਾਸਲ ਕਰਕੇ ਕਿਸੇ ਮਕਸਦ ਨੂੰ ਪੂਰਾ ਕੀਤਾ ਜਾਵੇ ਪਰ ਮਕਸਦ ਅਧੂਰਾ ਹੈ, ਮਕਸਦ ਅਜੇ ਪੂਰਾ ਨਹੀਂ ਹੋਇਆ।

ਉਹਨਾਂ ਆਪਣੀ ਗੱਲ ਬਾਤ ਜਾਰੀ ਰੱਖਦਿਆਂ ਦੱਸਿਆ ਕਿ ਨਾਗਪੁਰ ਮੈਂ ਬਾਅਦ 'ਚ ਆਇਆ। 1960 ਤੋਂ ਪਹਿਲਾਂ ਮੈਂ ਪੂਨਾ 'ਚ ਸੀ। ਉਸ ਸਮੇਂ ਮੈਨੂੰ ਕੋਈ ਜ਼ਿਆਦਾ ਜਾਣਕਾਰੀ ਨਹੀਂ ਸੀ ਤੇ ਦਿਲਚਸਪੀ ਵੀ ਨਹੀਂ ਸੀ। 1964-65 'ਚ ਜਦੋਂ ਮੈਂ ਮੀਟਿੰਗਾਂ 'ਚ ਜਾਣ ਲੱਗਾ, ਦਿਲਚਸਪੀ ਹੋਣ ਲੱਗੀ। ਉਸ ਸਮੇਂ ਦੇ ਨੇਤਾ ਮੀਟਿੰਗਾਂ 'ਚ ਦੱਸਿਆ ਕਰਦੇ ਸਨ ਕਿ ਬਾਬਾ ਸਾਹਿਬ ਨੇ ਕਿਹਾ ਸੀ ਕਿ –

"ਦਲਿਤੋ ਆਪਣੀਆਂ ਦੀਵਾਰਾਂ 'ਤੇ ਲਿਖ ਲਵੋ ਕਿ ਅਸੀਂ ਇਸ ਦੇਸ ਦੇ ਹੁਕਮਰਾਨ ਸੀ ਅਸੀਂ ਦੇਸ਼ ਦੇ ਹੁਕਮਰਾਨ ਬਣਨਾ ਹੈ।"

ਜਦੋਂ ਉਹ ਇਹ ਗੱਲ ਦੱਸਦੇ ਸਨ ਤਾਂ ਮੈਨੂੰ ਚੰਗਾ ਲੱਗਦਾ ਸੀ ਤੇ ਮੈਂ ਸੋਚਦਾ ਸੀ ਕਿ ਇਸ ਮਕਸਦ ਨੂੰ ਪੂਰਾ ਕਰਨਾ ਚਾਹੀਦਾ ਹੈ ਪਰ ਉਹ ਲੋਕ ਇਸ ਮਕਸਦ ਨੂੰ ਭੁੱਲ ਭੁਲਾ ਗਏ ਹਨ। ਜਦੋਂ ਮੈਂ ਉਹਨਾਂ ਨੂੰ ਇਹ ਗੱਲ ਯਾਦ



ਕਰਾਉਂਦਾ ਹਾਂ ਤਾਂ ਗਾਂਧੀ ਦੇ ਖੱਦਰ ਦੇ ਕੱਪੜੇ ਉਹਨਾਂ ਨੂੰ ਪ੍ਰੇਸ਼ਾਨ ਕਰਦੇ ਹਨ। ਖਾਸ ਕਰਕੇ ਦਾਦਾ ਸਾਹਿਬ ਰੂਪਵਤੇ ਇਕ ਨੇਤਾ ਸੀ ਉਹ ਬਹੁਤ ਕਿਹਾ ਕਰਦਾ ਸੀ। ਖੱਦਰ ਪਾਕੇ ਉਹ ਐਮ.ਐਲ. ਸੀ. ਬਣ ਗਏ, ਬਾਅਦ ਵਿੱਚ ਮੰਤਰੀ ਵੀ ਬਣੇ। ਮੈਂ ਉਹਨਾਂ ਨੂੰ ਕਿਹਾ ਕਿ ਆਪ ਮਿਸ਼ਨ ਛੱਡ ਕੇ ਕਾਂਗਰਸ ਦੇ ਪਿੱਛਲਗੂ ਬਣ ਗਏ ਹੋ ਮੇਰੇ ਤੋਂ ਜ਼ਿਆਦਾ ਤੁਸੀਂ ਸਮਝਦੇ ਹੋ ਕਿ ਕਾਂਗਰਸ ਬ੍ਰਾਹਮਣਾਂ ਦੀ ਏ ਟੀਮ ਹੈ। ਬ੍ਰਾਹਮਣਵਾਦ ਨੂੰ ਟਿਕਾ ਕੇ ਰੱਖਣ ਲਈ ਜਿੰਨਾ ਕੰਮ ਕਾਂਗਰਸ ਨੇ ਕੀਤਾ ਹੈ ਭਾਰਤੀ ਜਨਤਾ ਪਾਰਟੀ ਲਈ ਉਤਨਾ ਕੰਮ ਕਰਨਾ ਅਜੇ ਬਾਕੀ ਹੈ ਇਸ ਗੱਲ ਦੀ ਜਾਣਕਾਰੀ ਮੈਨੂੰ ਬਾਬਾ ਸਾਹਿਬ ਦੀਆਂ ਲਿਖਤਾਂ "Anih-laiton of Caste" ਤੇ " What Congress and Gandih has done for scheduled castes" ਪੜ੍ਹ ਕੇ ਹੋਈ ਹੈ ਕਿ ਕਾਂਗਰਸ ਏ ਟੀਮ ਹੈ। ਬੀ.ਜੇ.ਪੀ. ਬੀ ਟੀਮ ਹੈ। ਆਪ ਆਰ. ਪੀ. ਆਈ. ਛੱਡ ਕੇ ਕਾਂਗਰਸ ਦੇ ਪਿੱਛੇ ਖੜੇ ਹੋ ਗਏ ਓ। ਕਾਂਗਰਸ ਮਜਬੂਤ ਹੋ ਰਹੀ ਹੈ। ਜੇ ਕਾਂਗਰਸ ਤੋਂ ਪਾਸੇ ਹਟ ਜਾਓ ਤਾਂ ਉਹ ਕਮਜ਼ੋਰ ਹੁੰਦੀ ਹੈ। ਜੇ ਬਹੁਜਨ ਸਮਾਜ ਆਪਣੇ ਪੈਰਾਂ ਤੇ ਖੜ੍ਹਾ ਹੋ ਜਾਵੇ ਤਾਂ ਉਸਦੀ ਸ਼ਕਤੀ ਬਣਦੀ ਹੈ। ਅੰਬੇਡਕਰਵਾਦ ਚਲਾਉਣ ਦੀ ਜਿਹਨਾਂ ਲੋਕਾਂ ਦੀ ਜਿੰਮੇਵਾਰੀ ਹੈ ਉਹ ਆਪਣੇ ਸੁਆਰਥਾਂ ਕਾਰਨ, ਆਪਣੇ ਲਾਲਚਾਂ ਕਾਰਨ ਕਾਂਗਰਸ ਦੇ ਪਿੱਛੇ ਖੜ੍ਹੇ ਹੋ ਗਏ ਹਨ। ਉਹ ਕਹਿਣ ਲੱਗੇ ਕਿ ਮਿਸ਼ਨ ਤਾਂ ਚੰਗਾ ਹੈ, ਮਕਸਦ ਵੀ ਵਧੀਆ ਹੈ ਪਰ ਬਾਬਾ ਸਾਹਿਬ ਦਾ ਨਾਂ ਲੈ ਕੇ ਉਹ ਐਮ. ਐਲ. ਏ./ ਐਮ.ਪੀ. ਨਹੀਂ ਬਣ ਸਕਦੇ ਤੇ ਇਸ ਤਰ੍ਹਾਂ ਸਮਾਜ ਵੀ ਉਨ੍ਹਾਂ ਦੀ ਕਦਰ ਨਹੀਂ ਕਰਦਾ। ਮੈਂ ਆਖਦਾ ਹਾਂ ਕਿ ਜੇ ਸਮਾਜ ਕਦਰ ਨਹੀਂ ਕਰਦਾ ਤਾਂ ਸਮਾਜ ਨੂੰ ਬਦਲਣਾ ਹੈ, ਸਮਾਜ ਦੀ ਸੋਚ ਨੂੰ ਬਦਲਣਾ ਹੈ। ਇਸ ਲਈ ਮੈਂ ਜਾਣਕਾਰ ਲੋਕਾਂ ਤੋਂ ਕਿਨਾਰਾ ਕਰਕੇ ਉੱਤਰੀ ਭਾਰਤ 'ਚ ਖਾਸ ਕਰਕੇ ਉੱਤਰ ਪ੍ਰਦੇਸ਼ 'ਚ ਮਿਸ਼ਨ ਦਾ ਕੰਮ ਸ਼ੁਰੂ ਕੀਤਾ। ਉਹ ਲੋਕ ਬਾਬਾ ਸਾਹਿਬ ਅੰਬੇਦਕਰ ਨੂੰ ਨਹੀਂ ਜਾਣਦੇ ਸਨ, ਮਹਾਤਮਾ ਜੋਤੀ ਬਾ ਫੂਲੇ ਅਰ ਸ਼ਾਹੂ ਜੀ ਮਹਾਰਾਜ ਨੂੰ ਜਾਣਨ ਦਾ ਤਾਂ ਸਵਾਲ ਹੀ ਨਹੀਂ ਪੈਦਾ ਹੁੰਦਾ। ਮੈਂ ਉਹਨਾਂ ਨੂੰ ਦੱਸਦਾ ਸੀ ਕਿ ਇਕ ਬਾਬਾ ਸਾਹਿਬ ਹੋਏ ਹਨ ਉਹਨਾਂ ਨੇ ਇਹ ਕੀਤਾ ਔਹ ਕੀਤਾ। ਫੂਲੇ ,ਸ਼ਾਹੂ ਨੇ ਇਹ ਕੀਤਾ ਔਹ ਕੀਤਾ। ਉਹ ਕਹਿੰਦੇ ਸਨ ਬਈ ਕਹਾਣੀ ਤਾਂ ਅੱਛੀ ਹੈ। ਮੈਂ ਕਿਹਾ ਕਹਾਣੀ ਤਾਂ ਅੱਛੀ ਹੈ ਪਰ ਅਧੂਰੀ ਹੈ। ਅਸੀਂ ਦੁਸ਼ਮਣ ਤੋਂ ਪਿੱਛੇ ਹਟ ਕੇ ਆਪਣੇ ਪੈਰਾਂ ਤੇ ਖੜ੍ਹੇ ਹੋ ਜਾਈਏ ਤਾਂ ਪੂਰੀ ਹੋ ਸਕਦੀ ਹੈ। ਇਹ ਕੰਮ ਮੁਸ਼ਕਲ ਜਰੂਰ ਹੈ ਪਰ ਅਸੰਭਵ ਨਹੀਂ। ਜਦੋਂ ਤੱਕ ਇਹ ਕੰਮ ਪੂਰਾ ਨਹੀਂ ਹੋ ਜਾਂਦਾ ਸਬਰ ਰੱਖਣਾ ਹੋਵੇਗਾ।

ਅਸੀਂ ਉੱਤਰ ਪ੍ਰਦੇਸ਼ 'ਚ ਦਸ ਸਾਲ ਪਹਿਲਾਂ ਕੰਮ ਸ਼ੁਰੂ ਕੀਤਾ। ਅਸੰਬਲੀ ਦੀਆਂ 425 ਸੀਟਾਂ ਵਿੱਚੋਂ 233 ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰਕੇ ਉਨ੍ਹਾਂ ਨੂੰ ਇਕ ਜਗ੍ਹਾ ਇਕੱਠੇ ਕਰਕੇ ਕਿਹਾ ਕਿ ਆਪ ਨੂੰ ਇਹ ਟਿਕਟ ਤਾਂ ਲਖਨਊ ਦਾ ਦਿੱਤਾ ਗਿਆ ਹੈ ਪਰ ਤੁਹਾਡੇ ਵਿਚੋਂ ਕੋਈ ਵੀ ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਨਹੀਂ ਜਾ ਸਕੇਗਾ। ਇਹ ਸਿਰਫ਼ ਪਲੇਟਫਾਰਮ ਟਿਕਟ ਹੈ ਸਾਡਾ ਇਕ ਲਾਈਨ ਦਾ ਚੋਣ ਮੈਨੀਫੈਸਟੋ ਹੈ–

"ਹਮ ਟਿਕਟ ਬਨਾਨਾ ਸੀਖੇਂਗੇ"

ਇਸ ਲਈ ਤੁਹਾਨੂੰ ਸਬਰ ਰੱਖਣਾ ਪਵੇਗਾ। ਦਸ ਸਾਲ ਪਹਿਲਾਂ ਕੰਮ ਸ਼ੁਰੂ ਕੀਤਾ ਸਬਰ ਰੱਖ ਕੇ ਆਪਣੇ ਪੈਰਾਂ ਤੇ ਖੜ੍ਹੇ ਹੋਣਾ ਸ਼ੁਰੂ ਕੀਤਾ। 90 ਫੀਸਦੀ ਲੋਕ ਸਾਡੇ ਨਾਲ ਕਾਂਗਰਸ ਛੱਡ ਕੇ ਆਏ ਹਨ। ਜਿਉਂ ਜਿਉਂ ਲੋਕ ਮੇਰੀ ਗੱਲ ਮੰਨਦੇ ਗਏ ਕਾਂਗਰਸ ਕਮਜ਼ੋਰ ਹੁੰਦੀ ਗਈ ਤੇ ਬਸਪਾ ਮਜਬੂਤ ਹੁੰਦੀ ਗਈ। ਉੱਤਰ ਪ੍ਰਦੇਸ਼ ਵਿੱਚ ਦਸ ਸਾਲ ਪਹਿਲਾਂ ਕਾਂਗਰਸ ਦੀ ਸਰਕਾਰ ਸੀ । ਐਨ. ਡੀ. ਤਿਵਾੜੀ ਮੁੱਖ ਮੰਤਰੀ ਸੀ। ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਸੀ। ਰਾਜੀਵ ਗਾਂਧੀ ਪ੍ਰਧਾਨ ਮੰਤਰੀ ਸੀ। ਸਾਡੀ ਤਾਕਤ ਵਧਦੀ ਗਈ। ਕਾਂਗਰਸ ਕਮਜ਼ੋਰ ਹੁੰਦੀ ਗਈ। ਤੁਸੀਂ ਲੋਕ ਕਾਂਗਰਸ ਨੂੰ ਮਜਬੂਤ ਮੰਨਕੇ ਉਸਦੇ ਪਿੱਛੇ ਖੜ੍ਹਦੇ ਹੋ। ਅਸੀਂ ਗੰਗਾ ਜਮਨਾ ਦੀ ਧਰਤੀ ਤੋਂ ਕਾਂਗਰਸ ਨੂੰ ਟਿਕਾਣੇ ਲਗਾ ਦਿਤਾ ਹੈ। ਜਿਹੜੀ ਕਾਂਗਰਸ ਕੋਲ ਦਸ ਸਾਲ ਪਹਿਲਾਂ ਉੱਤਰ ਪ੍ਰਦੇਸ਼ ਦੀਆਂ 425 ਵਿਚੋਂ 328 ਸੀਟਾਂ ਸਨ ਤੇ 85 ਵਿਚੋਂ 83 ਮੈਂਬਰ ਪਾਰਲੀਮੈਂਟ ਸਨ ਉਸ ਸ਼ਕਤੀਸ਼ਾਲੀ ਪਾਰਟੀ ਨੂੰ ਮਿੱਟੀ ਵਿਚ ਮਿਲਾ ਦਿੱਤਾ ਹੈ। ਅੱਜ ਉਸ ਕੋਲ ਸਿਰਫ 28 ਐਮ ਐਲ. ਏ. ਹਨ। 300 ਕਿੱਥੇ ਗਏ? ਬਹੁਜਨ ਸਮਾਜ ਕੋਲ। ਦਸ ਸਾਲ ਪਹਿਲਾਂ ਸਾਡਾ ਕੋਈ ਐਮ. ਐਲ. ਏ. ਨਹੀਂ ਸੀ। ਸਾਡੇ ਲੋਕਾਂ ਨੇ ਮੇਰੇ ਤੇ ਭਰੋਸਾ ਰੱਖ ਕੇ ਸਬਰ ਕੀਤਾ ਕਾਂਗਰਸ ਤੋਂ ਪਿੱਛੇ ਹਟਦੇ ਗਏ। ਚੁਣਾਓ ਹੋਇਆ ਕਾਂਗਰਸ ਦੇ 96 ਰਹਿ ਗਏ, ਫਿਰ ਚੁਣਾਓ ਹੋਇਆ 46 ਰਹਿ ਗਏ, ਪਿਛਲੇ ਚੁਣਾਓ 'ਚ ਸਿਰਫ 28 ਰਹਿ ਗਏ। ਜੇ ਅੱਜ ਚੁਣਾਓ ਹੋ ਜਾਏ ਤਾਂ ਮੁਸ਼ਕਲ ਨਾਲ 8 ਰਹਿ ਜਾਣਗੇ। ਇਤਨੀ ਸ਼ਕਤੀਸ਼ਾਲੀ ਕਾਂਗਰਸ ਪਾਰਟੀ ਬਹੁਜਨ ਸਮਾਜ ਦੇ ਲੋਕਾਂ ਨੇ ਸੱਭ ਤੋਂ ਕਮਜੋਰ ਪਾਰਟੀ ਬਣਾ ਦਿੱਤੀ। ਅਜਿਹਾ ਕਿਉਂ ਹੋਇਆ? ਕਿਉਂਕਿ ਬਹੁਜਨ ਸਮਾਜ ਆਪਣੇ ਪੈਰਾਂ ਤੇ ਖੜਾ ਹੋ ਗਿਆ। ਬਸਪਾ ਸ਼ਕਤੀਸ਼ਾਲੀ ਪਾਰਟੀ ਬਣ ਗਈ। ਉਸਦੀ ਸ਼ਕਤੀ ਦਾ ਸਹਾਰਾ ਲੈਕੇ ਅਸੀਂ ਆਪਣਾ ਮਕਸਦ ਪੂਰਾ ਕਰਨਾ ਹੈ। ਸਾਡਾ ਮਕਸਦ "ਸਮਾਜਕ ਪ੍ਰਵਰਤਨ ਤੇ ਆਰਥਕ ਮੁਕਤੀ" ਦਾ ਹੈ। ਇਹ ਵੱਡਾ ਕੰਮ ਹੈ। ਇਸ ਲਈ ਲੰਮੇ ਅਰਸੇ ਤੱਕ ਸੰਘਰਸ਼ ਕਰਨਾ ਹੈ। ਪਰ ਰਾਜਨੀਤਕ ਪ੍ਰਵਰਤਨ ਬਹੁਤ ਜਲਦੀ ਹੋ ਜਾਂਦਾ ਹੈ। ਦਸ ਸਾਲ ਪਹਿਲਾਂ ਪਾਰਟੀ ਬਣਾਉਣੀ ਸ਼ੁਰੂ ਕੀਤੀ ਸੀ ਜੋ ਅੰਦੋਲਨ ਚਲਾਉਂਦੀ ਸੀ, ਧਰਨੇ ਲਾਉਂਦੀ ਸੀ। ਬਹੁਜਨ ਸਮਾਜ ਦੇ ਹਰ ਅੰਗ ਦੇ ਲੋਕ ਧਰਨੇ ਲਗਾਉਂਦੇ ਸਨ। ਪਰ ਅੱਜ ਉੱਤਰ ਪ੍ਰਦੇਸ਼ ਵਿੱਚ ਬਹੁਜਨ ਸਮਾਜ ਦੀ ਸਰਕਾਰ ਹੈ। ਅੱਜ ਕਾਂਗਰਸ ਪਾਰਟੀ ਐਨ. ਡੀ. ਤਿਵਾੜੀ ਦੀ ਦੇਖ ਰੇਖ 'ਚ ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿੱਚ ਸਰਕਾਰ ਦੇ ਦਰਵਾਜ਼ੇ ਤੇ ਧਰਨਾ ਲਗਾ ਕੇ ਬੈਠੀ ਹੈ।

ਇਧਰ ਮਹਾਂਰਾਸ਼ਟਰ ਦੇ ਲੋਕ, ਬਾਬਾ ਸਾਹਿਬ ਦੇ ਨਾਮ ਲੇਵਾ ਲੋਕ ਮਰਾਠਵਾੜਾ ਯੂਨੀਵਰਸਿਟੀ ਦਾ ਸਿਰਫ ਨਾਮ ਬਦਲ ਕੇ ਅੰਬੇਡਕਰ ਯੂਨੀਵਰਸਿਟੀ ਰੱਖਣ ਲਈ ਲਿਲਕੜੀਆਂ ਕੱਢਦੇ ਰਹੇ। 16 ਸਾਲ ਪਹਿਲਾਂ ਅਸੰਬਲੀ ਵਿਚ ਪ੍ਰਸਤਾਵ ਪਾਸ ਹੋ ਜਾਣ ਦੇ ਬਾਵਜੂਦ ਨਾਮ ਨਹੀਂ ਬਦਲਿਆ ਗਿਆ। 16 ਸਾਲ ਬਾਬਾ ਸਾਹਿਬ ਨੂੰ ਅਪਮਾਨਿਤ ਹੋਣਾ ਪਿਆ। ਆਪ ਲੋਕ ਚਿਲਾਤੇ ਰਹੇ, ਰੋਤੇ ਰਹੇ, ਕੁਛ ਨਹੀਂ ਹੋ ਸਕਿਆ। ਕਾਂਗਰਸ ਨੇ ਇਸ ਦੀ ਪ੍ਰਵਾਹ ਨਹੀਂ ਕੀਤੀ ਕਿ ਬਾਬਾ ਸਾਹਿਬ ਦਾ ਨਾਂ ਲੈਣ ਵਾਲੇ ਲੋਕ, ਬਾਬਾ ਸਾਹਿਬ ਨੂੰ ਹਾਰ ਪਾਉਣ ਵਾਲੇ ਲੋਕ, ਬਾਬਾ ਸਾਹਿਬ ਨੂੰ ਮੋਮਬੱਤੀ ਦਿਖਾਉਣ ਵਾਲੇ ਲੋਕ, ਬਾਬਾ ਸਾਹਿਬ ਦਾ ਮਿਸ਼ਨ ਛੱਡਕੇ, ਉਸਦਾ ਮਕਸਦ ਭੁਲਾ ਕੇ ਕਾਂਗਰਸ ਦੇ ਪਿੱਛੇ ਖੜੇ ਹਨ ਇਹਨਾਂ ਦੀ ਆਪਣੀ ਕੋਈ ਸ਼ਕਤੀ ਨਹੀਂ, ਇਹ ਪਿਛਲੱਗੂ ਲੋਕ ਹਨ। ਦੂਜੇ ਪਾਸੇ ਉੱਤਰ ਪ੍ਰਦੇਸ਼ ਵਿੱਚ ਜਿੱਥੇ ਯੂਨੀਵਰਸਿਟੀ ਦੀ ਕੋਈ ਮੰਗ ਨਹੀਂ ਕੀਤੀ ਗਈ ਸੀ ਕਾਂਗਰਸ ਦੀ ਸਰਕਾਰ ਨੇ ਲਖਨਊ ਵਿਚ 542 ਏਕੜ ਜ਼ਮੀਨ ਖਰੀਦ ਕੇ ਬਾਬਾ ਸਾਹਿਬ ਅੰਬੇਡਕਰ ਯੂਨੀਵਰਸਿਟੀ ਬਣਾ ਦਿੱਤੀ। ਇਹ ਕਿਉਂ ਹੋਇਆ? ਕਿਉਂਕਿ ਉੱਤਰ ਪ੍ਰਦੇਸ਼ ਵਿੱਚ ਬਹੁਜਨ ਸਮਾਜ ਦੇ ਲੋਕਾਂ ਨੇ ਕਾਂਗਰਸ ਦੇ ਪਿੱਛੇ ਲੱਗਣਾ ਛੱਡ ਕੇ ਆਪਣੇ ਪੈਰਾਂ ਤੇ ਖੜ੍ਹਾ ਹੋਣਾ ਸ਼ੁਰੂ ਕਰ ਦਿੱਤਾ, ਲਾਲਚ ਛੱਡ ਕੇ ਅੱਜ ਆਪਣੀ ਸਰਕਾਰ ਚਲਾ ਰਹੇ ਹਨ।



ਲਾਲ ਸਿੰਘ ਸੁਲਹਾਣੀ
91-98721-55120

ਜਦੋਂ ਮੈਂ ਮਹਾਂਰਾਸ਼ਟਰ ਛੱਡਕੇ ਗਿਆ ਤਾਂ ਸਾਡੇ ਲੋਕ ਕਾਂਗਰਸ 'ਚ ਜਾ ਰਹੇ ਸਨ, ਦੂਜੀਆਂ ਪਾਰਟੀਆਂ 'ਚ ਜਾ ਰਹੇ ਸਨ। ਆਖ ਰਹੇ ਸਨ ਕਿ ਬਾਬਾ ਸਾਹਿਬ ਦਾ ਮਿਸ਼ਨ ਤਾਂ ਚੰਗਾ ਹੈ ਮਕਸਦ ਵੀ ਵਧੀਆ ਹੈ ਪਰ ਅਸੀਂ ਬਾਬਾ ਸਾਹਿਬ ਦਾ ਨਾਂ ਲੈਕੇ ਐਮ।ਐਲ। ਏ।/ ਐਮ।ਪੀ। ਨਹੀਂ ਬਣ ਸਕਦੇ। ਸਟੇਜ ਤੇ ਬੈਠੇ ਲਾਖਾ ਜੀ ਵੱਲ ਇਸ਼ਾਰਾ ਕਰਦਿਆਂ ਕਹਿਣ ਲੱਗੇ-- ਇਧਰ ਲਾਖਾ ਬੈਠਾ ਹੈ ਮੈਂਬਰ ਪਾਰਲੀਮੈਂਟ ਚੁਣ ਕੇ ਆਇਆ ਹੈ। ਇਹ ਸ਼ਿਵਾਲਿਕ ਦੀਆਂ ਪਹਾੜੀਆਂ ਲਾਗਿਓਂ ਹਾਥੀ ਚੋਣ ਨਿਸ਼ਾਨ ਤੇ ਚੁਣਕੇ ਆਇਆ ਹੈ। ਜਿਹੜਾ ਹਾਥੀ ਮਹਾਂਰਾਸ਼ਟਰ ਵਾਲਿਆਂ ਨੇ ਭਜਾ ਦਿੱਤਾ ਸੀ। ਉਹ ਹਾਥੀ ਪਕੜ ਕੇ ਦਿੱਲੀ ਲੈ ਆਇਆ। ਰਸਤੇ ਵਿੱਚ ਹਰਿਆਣਾ ਹੈ ਉਧਰ ਵੀ ਹਾਥੀ ਹੈ, ਮੱਧ ਪ੍ਰਦੇਸ਼ ਵਿੱਚ ਵੀ ਹਾਥੀ ਹੈ, ਇਧਰ ਵੀ ਹਾਥੀ ਆ ਸਕਦਾ ਹੈ। ਜੇ ਸਾਡਾ ਸਮਾਜ ਪਿਛਲੱਗੂ ਬਣਨਾ ਛੱਡਕੇ ਬਹੁਜਨ ਸਮਾਜ ਬਣਾ ਲਵੇ। ਬਹੁਜਨ ਸਮਾਜ ਇਕ ਦੋ ਜਾਤੀਆਂ ਨਹੀਂ ਸਗੋਂ 6000 ਜਾਤੀਆਂ ਦੇ ਇੱਕਠ ਦਾ ਨਾਂ ਹੈ ਜਿਨ੍ਹਾਂ ਨੂੰ ਦਬਾ ਕੇ ਰੱਖਿਆ ਗਿਆ ਹੈ, ਅਪਮਾਨਿਤ ਕੀਤਾ ਗਿਆ ਹੈ। ਜਿਨ੍ਹਾਂ ਨੂੰ ਮਹਾਤਮਾਂ ਫੂਲੇ ਸ਼ੂਦਰ ਅਤਿ ਸ਼ੂਦਰ ਆਖਦੇ ਸਨ। ਇਧਰ ਸਾਡਾ ਉਮੀਦਵਾਰ ਓ. ਬੀ. ਸੀ. (ਪਛੜੀ ਜਾਤੀ) ਹੈ। ਇਹਨਾਂ ਨੂੰ ਘੱਟ ਅਪਮਾਨਿਤ ਕੀਤਾ ਗਿਆ ਹੈ। ਕਿਸੇ ਨੂੰ ਵੱਧ ਅਪਮਾਨਿਤ ਕੀਤਾ ਗਿਆ ਹੈ। ਪਰ ਬ੍ਰਾਹਮਣਵਾਦ ਵਲੋਂ ਜਿਹਨਾਂ ਨੂੰ ਅਪਮਾਨਿਤ ਕੀਤਾ ਗਿਆ ਹੈ ਉਹਨਾਂ ਨੂੰ ਇਕੱਠਾ ਕਰਕੇ ਬਹੁਜਨ ਸਮਾਜ ਬਣਦਾ ਹੈ। ਜਿਹਨਾਂ ਦੀ ਜਰੂਰਤ ਹੈ ਉਹਨਾਂ ਵਿੱਚ ਚਾਹਤ ਪੈਦਾ ਕਰਨੀ ਹੈ। ਇਹ ਕੰਮ ਅਜੇ ਅਧੂਰਾ ਹੈ। ਸਾਰੇ ਅਪਮਾਨਿਤ ਹੋ ਰਹੇ ਲੋਕਾਂ ਨੇ ਮਿਲ ਕੇ ਪੂਰਾ ਕਰਨਾ ਹੈ।

ਅੱਜ ਉੱਤਰ ਪ੍ਰਦੇਸ਼ ਵਿੱਚ ਸਾਡਾ ਪ੍ਰਧਾਨ ਜੰਗ ਬਹਾਦਰ ਪਟੇਲ ਹੈ ਜੋ ਕੁਰਮੀ (ਪਛੜੇ) ਸਮਾਜ ਤੋਂ ਹੈ। ਅਸੰਬਲੀ ਵਿਚ ਨੇਤਾ ਵਰਮਾ ਹੈ। ਉਹ ਵੀ ਕੁਰਮੀ ਹੈ। ਕੁਰਮੀ ਸਮਾਜ ਦੀ ਬਹੁਤ ਛੋਟੀ ਗਿਣਤੀ ਹੈ ਪਰ ਹਰ ਸੀਟ ਤੇ ਚਮਾਰ ਦਾ 95 ਫੀਸਦੀ ਵੋਟ ਬਹੁਜਨ ਸਮਾਜ ਪਾਰਟੀ ਦੇ ਥੋੜੀ ਗਿਣਤੀ ਵਾਲੇ ਉਮੀਦਵਾਰਾਂ ਨੂੰ ਪੈਂਦਾ ਹੈ। ਚਮਾਰਾਂ ਨੂੰ ਕੋਈ ਇਤਰਾਜ਼ ਨਹੀਂ। ਚਮਾਰਾਂ ਦੇ ਆਪਣੇ ਵੀ 23 ਐਮ.ਐਲ.ਏ. ਜਿੱਤ ਕੇ ਆਏ ਹਨ।

ਕਾਂਗਰਸ ਨੇ ਬਸਪਾ ਨੂੰ ਰੋਕਣ ਲਈ ਲਖਨਊ ਵਿੱਚ ਯੂਨੀਵਰਸਿਟੀ ਬਣਾਈ। ਕਾਂਗਰਸ ਦਾ ਪ੍ਰਧਾਨ ਬੀਬੀ ਰਾਜਿੰਦਰ ਬਾਜਪਾਈ ਬ੍ਰਾਹਮਣੀ ਨੂੰ ਹਟਾ ਕੇ ਚਮਾਰ ਨੂੰ ਬਣਾਇਆ ਗਿਆ। 11 ਸਾਲ ਬਣਾਈ ਰੱਖਿਆ ਕਿ ਚਮਾਰ ਕਾਂਗਰਸ ਤੋਂ ਪਿੱਛੇ ਨਾ ਹਟਣ। ਪਰ ਚਮਾਰਾਂ ਨੇ ਉਹਦੀ ਗੱਲ ਨਹੀਂ ਮੰਨੀ। 1993 ਵਿਚ ਸਾਡੇ ਚਮਾਰ ਉਮੀਦਵਾਰ ਨੇ ਉਹਨੂੰ 45000 ਵੋਟਾਂ ਨਾਲ ਹਰਾਇਆ। ਬਾਬਾ ਸਾਹਿਬ ਅਰ ਫੂਲੇ ਸ਼ਾਹੂ ਦੀ ਵਿਚਾਰਧਾਰਾ ਦੇ ਆਧਾਰ'ਤੇ। ਜਿਸ ਕਾਂਗਰਸ ਨੂੰ ਤੁਸੀਂ ਹਊਆ ਸਮਝਦੇ ਹੋ ਉਸ ਕਾਂਗਰਸ ਨੂੰ ਰਿਸ਼ੀਆਂ ਮੁਨੀਆਂ ਤੇ ਗੰਗਾ ਜਮਨਾ ਦੀ ਧਰਤੀ ਤੇ ਮਿੱਟੀ ਚ ਮਿਲਾ ਦਿੱਤਾ। ਉੱਤਰ ਪ੍ਰਦੇਸ਼ ਵਿੱਚ ਤਾਂ ਅੰਧ ਵਿਸ਼ਵਾਸ ਬਹੁਤ ਸੀ ਜਿਥੇ ਲੱਖਾਂ ਲੋਕ ਲੁਟਾਈ ਕਰਵਾਉਣ ਲਈ ਜਾਂਦੇ ਹਨ। ਮਹਾਂਰਾਸ਼ਟਰ ਵਿੱਚ ਨਾ ਰਿਸ਼ੀ-ਮੁਨੀ ਹੋਏ ਹਨ ਤੇ ਨਾ ਗੰਗਾ ਜਮਨਾ ਹੈ। ਇਥੇ ਸੰਤ-ਮਹਾਤਮਾ ਹੋਏ ਹਨ। ਜਿਹਨਾਂ ਨੇ ਮਾਨਵਤਾ ਦੇ ਭਲੇ ਲਈ ਕੰਮ ਕੀਤਾ। ਏਥੇ ਗੋਦਾਵਰੀ ਅਤੇ ਕ੍ਰਿਸ਼ਨਾ ਨਦੀਆਂ ਹਨ ਜਿੱਥੇ ਬਹੁਤ ਘੱਟ ਲੁਟਾਈ ਹੁੰਦੀ ਹੈ। ਇਸ ਲਈ ਮਹਾਂਰਾਸ਼ਟਰ ਦੀ ਧਰਤੀ ਤੇ ਇਹ ਕੰਮ ਆਸਾਨ ਹੈ। ਇਹ ਕੰਮ ਕਰਨ ਲਈ ਗੰਗਾ ਜਮਨਾ ਦੀ ਧਰਤੀ 'ਤੇ ਕਿਸੇ ਨੇ ਤਿਆਰ ਨਹੀਂ ਕੀਤਾ ਪਰ ਮਹਾਂਰਾਸ਼ਟਰ ਵਿੱਚ ਫੂਲੇ, ਸ਼ਾਹੂ ਅਰ ਬਾਬਾ ਸਾਹਿਬ ਵਰਗੇ ਤਿੰਨ ਮਹਾਂਪੁਰਸ਼ਾਂ ਨੇ ਸੰਘਰਸ਼ ਕੀਤਾ। ਮਹਾਂਰਾਸ਼ਟਰ ਦੀ ਅਸੰਬਲੀ ਵਿਚ ਪ੍ਰਸਤਾਵ ਪਾਸ ਹੋਣ ਦੇ ਬਾਵਜੂਦ ਬਾਬਾ ਸਾਹਿਬ ਨੂੰ 16 ਸਾਲ ਅਪਮਾਨਿਤ ਹੋਣਾ ਪਿਆ। ਕਿਉਂਕਿ ਕਾਂਗਰਸ ਦਾ ਕਾਰੋਬਾਰ ਬ੍ਰਾਹਮਣਵਾਦ ਦੇ ਅਧਾਰ 'ਤੇ ਚੱਲਦਾ ਹੈ। ਸ਼ਾਹੂ ਜੀ ਮਹਾਰਾਜ ਨੇ ਖੁਦ ਬਾਬਾ ਸਾਹਿਬ ਨੂੰ ਸਨਮਾਨਿਤ ਕੀਤਾ ਸੀ ਪਰ ਜਿਹਨਾਂ ਨੇ ਫੂਲੇ, ਸ਼ਾਹੂ

(ਬਾਕੀ ਅਗਲੇ ਸਫੇ 'ਤੇ)

# ਧੁੰਦ ਕਾਰਨ ਹਾਦਿਸਆਂ ਤੋਂ ਬਚਣ ਲਈ ਸੜਕਾਂ ਉੱਪਰ ਚਿੱਟੀ ਪੱਟੀ ਜਰੂਰੀ

ਹਰੇਕ ਸਾਲ ਧੁੰਦ ਦੇ ਦਿਨਾਂ ਵਿੱਚ ਹਾਦਸਿਆਂ ਕਾਰਨ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ। ਦੇਸ਼ ਆਜ਼ਾਦ ਹੋਇਆਂ ਸੱਤ ਦਹਾਕੇ ਤੋਂ ਵੱਧ ਸਮਾਂ ਹੋ ਗਿਆ ਅਜੇ ਤੱਕ ਦੇਸ਼ ਅੰਦਰ ਸੜਕਾਂ ਦੀ ਹਾਲਤ ਖਸਤਾ ਰੂਪ 'ਚ ਹੀ ਨਜ਼ਰ ਆ ਰਹੀ ਹੈ। ਪਰ ਦੇਸ਼ ਅੰਦਰ ਤਕਨੀਕੀ ਪੱਖੋਂ ਤਰੱਕੀ ਕਰਨ ਕਾਰਣ ਚਾਰ ਪਹੀਆ ਵਾਹਨਾਂ ਦੇ ਮਾਡਲ ਐਨੇ ਆਧੁਨਿਕ ਆ ਗਏ ਜਿਨ੍ਹਾਂ ਦੀ ਰਫਤਾਰ ਬਹੁਤ ਤੇਜ਼ ਹੈ ਪਰ ਇਨ੍ਹਾਂ ਦੇ ਚਲਣ ਲਈ ਉਸ ਪੱਧਰ ਦੀਆਂ ਆਧੁਨਿਕ ਯੋਗ ਸੜਕਾਂ ਦੀ ਘਾਟ ਹੈ, ਜਿਸ ਕਾਰਨ ਨਿੱਤ ਹੀ ਸੜਕਾਂ ਤੇ ਦੁਰਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਪੰਜਾਬ ਦੀ ਗੱਲ ਕਰੀਏ ਤਾਂ ਚੋਣਾਂ ਵੇਲੇ ਹਰੇਕ ਸੱਤਾਧਾਰੀ ਪਾਰਟੀ ਨੇ ਸਟੇਜ਼ਾਂ ਤੇ ਵੱਡੇ-ਵੱਡੇ ਵਾਅਦੇ ਵਿਕਾਸ ਦੇ ਵਾਅਦੇ ਕੀਤੇ ਹੁੰਦੇ ਹਨ ।ਰਾਜ ਸਰਕਾਰਾਂ ਵਿਕਾਸ ਦੀ ਗੱਲ ਤਾਂ ਪਹਿਲਾਂ ਹੀ ਕਰਦੀਆ ਆ ਰਹੀਆਂ ਹਨ ਪਰ ਛੋਟੇ ਜਿਹੇ ਰਾਜ ਅੰਦਰ ਵਿਕਾਸ ਦਿੱਖ ਨਹੀਂ ਰਿਹਾ। ਪਿਛਲੀਆਂ ਸਰਕਾਰ ਨੇ ਪ੍ਰਮੁੱਖ ਸ਼ਹਿਰਾਂ ਨੂੰ ਟੋਲ ਪਲਾਜ਼ਿਆਂ ਵਾਲੀਆ ਸੜਕਾਂ ਨਾਲ ਜੌੜ ਕੇ ਬਹੁਤੀਆਂ ਸੜਕਾਂ ਬਣਾਉਣ ਦਾ ਕੰਮ ਪ੍ਰਾਈਵੇਟ ਕੰਪਨੀਆਂ ਤੋਂ ਕਰਵਾ ਤਾਂ ਲਿਆ ਪਰ ਮੁਰੰਮਤ ਕਰਨ ਅਤੇ ਜਰੂਰੀ ਸੇਫਟੀ ਕਾਰਜ ਅਧੂਰੇ ਹੀ ਦਿਖਾਈ ਦਿੰਦੇ ਹਨ। ਸਰਕਾਰ ਨੇ ਇਨ੍ਹਾਂ ਕੰਮਾਂ ਦੀ ਜ਼ਿੰਮੇਵਾਰੀ ਤੋਂ ਪਾਸਾ ਵੱਟਿਆ ਹੋਇਆ ਹੈ। ਇਨ੍ਹਾਂ ਨਵੀਆਂ ਬਣੀਆਂ ਸੜਕਾਂ ਦੇ ਆਲੇ ਦੁਆਲੇ ਕੱਚੀ ਥਾਂ ਦੀ ਕੋਈ ਇਕਸਾਰਤਾ ਨਹੀਂ ਦਿੱਸਦੀ, ਨਾ ਹੀ ਅਵਾਰਾ ਡੰਗਰਾਂ ਤੋਂ ਬਚਾਅ ਲਈ ਉਚਿੱਤ ਵਾੜ / ਜੰਗਲੇ ਦਾ ਹੀ ਪੂਰਾ ਪ੍ਰਬੰਧ ਹੈ। ਸੜਕਾਂ ਤੇ ਰੋਜ਼ਾਨਾ ਅਨੇਕਾਂ ਹੀ ਜਾਨਵਰ ਵਾਹਨਾਂ ਨਾਲ ਟਕਰਾ ਕੇ ਮਰ ਜਾਂਦੇ ਹਨ ਜਿਨ੍ਹਾਂ ਨੂੰ ਚੁੱਕਣ ਦਾ ਕੋਈ ਪ੍ਰਬੰਧ ਨਹੀਂ ਜੋ ਕਿ ਗਲ ਸੜ੍ਹਕੇ ਬਦਬੂ ਫੈਲਾ ਕੇ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ।

ਅਸੀਂ ਰੀਸਾਂ ਬਾਹਰਲੇ ਦੇਸ਼ਾਂ ਦੀਆਂ ਜਰੂਰ ਕਰ ਲੈਣੇ ਹਾਂ। ਅਜੇ ਇਨ੍ਹਾਂ ਟੋਲ ਸੜਕਾਂ ਵਿੱਚ ਆਉਂਦੇ ਸ਼ਹਿਰਾਂ 'ਚੋਂ ਲੰਘਣ ਲਈ ਸਾਰੇ ਥਾਵਾਂ ਤੇ ਪੁੱਲ ਨਹੀਂ ਬਣੇ, ਜਿਥੇ ਲੰਬਾ ਸਮਾਂ ਜਾਮ ਵਿੱਚ ਖੜ੍ਹਣਾ ਪੈਂਦਾ ਹੈ, ਪਰ ਟੋਲ ਪਹਿਲਾਂ ਹੀ ਸ਼ੁਰੂ ਕਰ ਦਿੱਤੇ ਜਾਂਦੇ ਹਨ। ਟੋਲ ਸੜਕਾਂ ਦਾ ਟੁੱਟਣਾ ਆਮ ਵਰਤਾਰਾ ਹੈ ਸੋ ਰੋਜ਼ਾਨਾ ਸਬੰਧਤ ਕੰਪਨੀ ਵਲੋਂ ਸੜਕਾਂ ਦੀ ਚੈਕਿੰਗ ਹੋਣੀ ਚਾਹੀਦੀ



ਹੈ ਜਿਥੇ ਕਿਤੇ ਕੋਈ ਸੜਕ ਟੁੱਟਣ ਦੀ ਸੰਭਾਵਨਾ ਹੋਵੇ ਤੁਰੰਤ ਉੱਥੇ ਮੁਰੰਮਤ ਕੀਤੀ ਜਾਵੇ ਤਾਂ ਜੋ ਵੱਡਾ ਟੋਆ ਨਾ ਪਵੇ, ਜੇ ਵੱਡਾ ਟੋਆ ਸਰਕਾਰ ਪੈਚ ਲਾਉਣ ਤੋਂ ਅਸਮੱਰਥ ਹੈ ਤਾਂ ਘੱਟੋ ਘੱਟ ਉਸ ਦੁਆਲੇ ਚਿੱਟੀ ਪੱਟੀ ਲਾ ਦਿੱਤੀ ਜਾਵੇ ਤਾਂ ਕਿ ਹਨੇਰੇ ਅਤੇ ਧੁੰਦ ਵਿੱਚ ਕੁਝ ਬਚਾਅ ਹੋ ਸਕੇ। ਮੀਂਹ ਪੈਣ ਤੋਂ ਬਾਅਦ ਆਮ ਕਮਜੋਰ ਥਾਵਾਂ ਤੋਂ ਸੜਕ ਟੁੱਟ ਕੇ ਟੋਏ ਪੈ ਜਾਂਦੇ ਹਨ ਪਰ ਇਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੰਦਾ ਜਿਸ ਕਾਰਣ ਕਈ ਵਾਰ ਹਾਦਸੇ ਵਾਪਰ ਜਾਂਦੇ ਹਨ ਤੇ ਲੋਕ ਇਸ ਨੂੰ ਵੀ ਕੁਦਰਤ ਦਾ ਭਾਣਾ ਮੰਨ ਲੈਂਦੇ ਹਨ । ਇਸੇ ਤਰ੍ਹਾਂ ਸੜਕਾਂ ਦੇ ਕਿਨਾਰਿਆਂ ਤੇ ਖੜ੍ਹੇ ਦਰਖਤਾਂ ਜਾਂ ਝਾੜੀਆਂ ਦੀਆਂ ਟਾਹਣੀਆਂ ਖਾਸ ਕਰਕੇ ਬਰਸਾਤ ਦੇ ਦਿਨਾਂ ਵਿੱਚ ਦੋ ਪਹੀਆ ਵਾਹਨਾਂ ਲਈ ਕਈ ਵਾਰੀ ਦੁਰਘਟਨਾ ਵਾਪਰਨ ਦਾ ਕਾਰਨ ਬਣਦੀਆਂ ਹਨ। ਸੜਕ ਉੱਪਰ ਕੋਈ ਵੀ ਟਾਹਣੀ ਨੇੜੇ ਨਹੀਂ ਹੋਣੀ ਚਾਹੀਦੀ ਤਾਂ ਜੋ ਟਰੈਫਿਕ ਨਿਰਵਿਘਨ ਚਲਦੀ ਰਹੇ। ਇਸ ਸਰਕਾਰ ਦਾ ਵੀ ਸੜਕਾਂ ਵੱਲ ਅਜੇ ਤੱਕ ਕੋਈ ਧਿਆਨ ਹੀ ਨਹੀਂ। ਰਾਜ ਅੰਦਰ ਮੇਨ ਸੜਕਾਂ ਤੇ ਉਚਿਤ ਥਾਵਾਂ ਤੇ ਚਿੱਟੀਆਂ, ਪੀਲੀਆਂ, ਕਾਲੀਆਂ, ਪੱਟੀਆਂ ਦੇ ਨਿਸ਼ਾਨ ਅਧੂਰੇ ਪਏ ਰਹਿੰਦੇ ਹਨ,ਜੋ ਦੁਰਘਟਨਾਵਾਂ ਨੂੰ ਸੱਦਾ ਦਿੰਦੇ ਹਨ। ਉੱਚਿਤ ਥਾਵਾਂ ਐਂਟਰੀਆਂ ਅਤੇ ਬਾਹਰ ਦੇ ਰਸਤਿਆਂ ਨੂੰ ਦਰਸਾਉਣ ਲਈ ਸਾਈਨ ਬੋਰਡ ਲਾਏ ਜਾਣੇ ਚਾਹੀਦੇ ਹਨ ਤਾਂ ਜੋ ਕੋਈ ਗਲਤ ਥਾਂ ਜਾਂ ਰਸਤੇ ਤੇ ਨਾ ਜਾ ਸਕੇ। ਇਸ ਤਰ੍ਹਾਂ ਕਈ ਵਾਰੀ ਸਮੇਂ ਦੀ ਬਰਬਾਦੀ ਹੁੰਦੀ ਹੈ। ਪਿੰਡਾਂ ਦੀਆਂ ਲਿੰਕ ਸੜਕਾਂ ਦਾ ਮਾੜਾ ਹਾਲ ਹੈ। ਸੰਘਣੀ ਧੁੰਦ ਦੇ ਦਿਨਾਂ ਵਿੱਚ ਬਿਨ੍ਹਾਂ ਚਿੱਟੀ ਪੱਟੀ ਵਾਲੀਆਂ ਸੜਕਾਂ ਉੱਪਰੋਂ ਲੰਘਣਾ ਬਹੁਤ ਔਖਾ ਹੁੰਦਾ ਹੈ ।ਸੜਕਾਂ ਉੱਪਰ ਚਲ ਰਹੇ ਵਾਹਨਾਂ ਓਪਰ ਉੱਚਿਤ ਜਗ੍ਹਾ ਉੱਪਰ ਰਿਫਲੈਕਟਰ, ਲਾਈਟਾਂ ਆਦਿ ਜਰੂਰ ਲੱਗੀਆਂ ਹੋਣੀਆਂ ਚਾਹੀਦੀਆਂ ਹਨ।

ਥੋੜੀ ਜਿਹੀ ਅਣਗਹਿਲੀ ਹਾਦਸੇ ਦਾ ਕਾਰਨ ਬਣ ਸਕਦੀ ਹੈ। ਤੇਜ਼ ਸਪੀਡ ਵਾਹਨਾਂ ਦੀ ਸਪੀਡ ਧੁੰਦ ਵਿੱਚ ਨਿਯੰਤਰ ਹੋਣੀ ਚਾਹੀਦੀ ਹੈ। ਸਰਕਾਰ ਨੂੰ ਇਨ੍ਹਾਂ ਗੱਲਾਂ ਵੱਲ ਤੁਰੰਤ ਧਿਆਨ ਦੇਣਾ ਚਾਹੀਦਾ ਹੈ ਸਾਨੂੰ ਵੀ ਆਪਣੀ ਸੋਚ ਨੂੰ ਬਦਲਣ ਅਤੇ ਜਾਗਰੂਕ ਹੋਣ ਦੀ ਲੋੜ ਹੈ ਤਾਂ ਕਿ ਅਸੀਂ 'ਚਲੋ ਆਪਾਂ ਕੀ ਲੈਣਾ' ਦੀ ਬਜਾਇ ਬਣਦੀਆਂ ਸਹੂਲਤਾਂ ਲੈਣ ਲਈ ਅੱਗੇ ਆਈਏ ਕਿਉਂਕਿ ਅਸੀਂ ਟੈਕਸ ਦੇ ਰਹੇ ਹਾਂ, ਜੇ ਪੂਰੀਆਂ ਸਹੂਲਤਾਂ ਨਹੀਂ ਤਾਂ ਟੈਕਸ ਕਾਹਦਾ। ਜੇ ਹਰ ਰੋਜ਼ ਟੈਕਸ ਦਿੰਦੇ ਹਾਂ ਤਾਂ ਹਰ ਰੋਜ਼ ਸੜਕ ਤੋਂ ਲੰਘਣ ਲਈ ਸੜਕ ਵੀ ਸਾਫ ਅਤੇ ਰੁਕਾਵਟ ਰਹਿਤ ਹੋਣੀ ਚਾਹੀਦੀ ਹੈ।



ਮੇਜਰ ਸਿੰਘ ਨਾਭਾ
91-94635-53962

ਸਰਕਾਰ ਨੇ ਜਦੋਂ ਆਪ ਇਨ੍ਹਾਂ ਸੜਕਾਂ ਤੇ ਕੋਈ ਪੈਸਾ ਨਹੀਂ ਖਰਚਣਾ ਤਾਂ ਇਨ੍ਹਾਂ ਪ੍ਰਾਈਵੇਟ ਠੇਕੇਦਾਰਾਂ ਤੋਂ ਅਜੇ ਤਾਂ ਕੋਈ ਆਸ ਨਹੀਂ ਲੱਗਦੀ ਕਿ ਪੰਜਾਬ ਅੰਦਰ ਸੜਕਾਂ ਦੀ ਦਸ਼ਾ ਸੁਧਰ ਜਾਣ ਦਾ ਸਮਾਂ ਵੀ ਆਵੇਗਾ। ਲਿੰਕ ਸੜਕਾਂ ਦਾ ਵੀ ਮਾੜਾ ਹਾਲ ਹੈ ਜਦੋਂ ਇਹ ਬਿਲਕੁਲ ਖਸਤਾ ਹੋ ਜਾਂਦੀਆਂ ਹਨ ਤਾਂ ਵੀ ਮਹਿਕਮੇ ਵਾਲੇ ਸਾਰ ਨਹੀਂ ਲੈਂਦੇ ਨੇ। ਟੈਕਸ ਦੇਣੇ ਔਖੇ ਨਹੀਂ ਲੱਗਦੇ ਜੇਕਰ ਉਹ ਸਰਕਾਰ ਕੋਲ ਜਾਣ ਪਰ ਇਹ ਪ੍ਰਾਈਵੇਟ ਕੰਪਨੀਆਂ ਕੋਲ ਕਰੋੜਾਂ ਰੁਪਏ ਪੰਜਾਬ ਤੋਂ ਬਾਹਰ ਰੋਜ਼ਾਨਾ ਜਾ ਰਿਹਾ। ਸੋ ਸਰਕਾਰ ਨੂੰ ਇਨ੍ਹਾਂ ਸੜਕਾਂ ਦੀਆਂ ਬਣਦੀਆਂ ਸਹੂਲਤਾਂ ਦੇਣ ਦੀ ਜ਼ਿੰਮੇਵਾਰੀ ਨੂੰ ਪਹਿਲ ਦੇ ਆਧਾਰ ਤੇ ਸੜਕਾਂ ਬਣਾਉਣ ਵਾਲੀਆਂ ਕੰਪਨੀਆਂ / ਠੇਕੇਦਾਰਾਂ ਤੋਂ ਅਤੇ ਆਪ ਕਰਵਾਉਣਾ ਚਾਹੀਦਾ ਹੈ ਤਾਂ ਜੋ ਘੱਟੋ-ਘੱਟ ਧੁੰਦ ਦੇ ਦਿਨਾਂ 'ਚ ਹਾਦਸੇ ਨਾ ਵਾਪਰਨ।

# ਬਿਨਾਂ ਜਥੇਬੰਦੀ ਤੋਂ ਕਨੂੰਨੀ ਹੱਕਾਂ ਤੋਂ ਵੀ ਵਾਂਝੇ ਮਜਦੂਰ

**ਲੇਖਕ - ਮਾਨਵ ਚੰਡੀਗੜ੍ਹ**
**ਪੇਸ਼ਕਸ਼ - ਸਤਨਾਮ ਸਿੰਘ ਸਹੂੰਗੜਾ**

ਮਜਦੂਰਾਂ ਨੇ ਇਤਿਹਾਸ ਵਿੱਚ ਲੰਬੇ ਸੰਘਰਸ਼ਾਂ ਵਿੱਚੋਂ ਆਪਣੇ ਲਈ ਅਨੇਕਾਂ ਹੱਕ ਜਿੱਤੇ ਹਨ ਤੇ ਇਹਨਾਂ ਹੱਕਾਂ ਨੂੰ ਕਨੂੰਨੀ ਰੂਪ ਵਿੱਚ ਮਾਨਤਾ ਦਵਾਈ ਹੈ, ਭਾਵੇਂ ਉਹ ਕੰਮ ਦੇ ਤੈਅਸ਼ੁਦਾ ਘੰਟਿਆਂ ਦਾ ਹੱਕ ਹੋਵੇ, ਭਾਵੇਂ ਘੱਟੋ-ਘੱਟ ਉਜਰਤਾਂ ਦਾ ਤੇ ਜਾਂ ਬੋਨਸ, ਗਰੈਚੁਟੀ, ਪੈਨਸ਼ਨ ਆਦਿ ਜਿਹੇ ਭੱਤਿਆਂ ਦਾ ਹੱਕ ਹੋਵੇ। ਪਰ ਮਜਦੂਰ ਲਹਿਰ ਦੇ ਖਿੰਡਾਅ ਨੇ ਸਰਮਾਏਦਾਰਾ ਮਾਲਕਾਂ ਤੇ ਇਹਨਾਂ ਦੀਆਂ ਚਾਕਰ ਸਰਕਾਰਾਂ ਨੂੰ ਇਹਨਾਂ ਹੱਕਾਂ ਨੂੰ ਖੋਹਣ ਦਾ ਖੁੱਲ੍ਹਾ ਹੱਥ ਦੇ ਦਿੱਤਾ ਹੈ।

ਹਲਾਤ ਅੱਜ ਅਜਿਹੇ ਬਣੇ ਹਨ ਕਿ ਕਨੂੰਨੀ ਤੌਰ 'ਤੇ ਪ੍ਰਵਾਨਿਤ ਹੱਕ ਲੈਣ ਲਈ ਵੀ ਮਜਦੂਰਾਂ ਨੂੰ ਦਰ-ਦਰ ਦੇ ਧੱਕੇ ਖਾਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਮਜਦੂਰਾਂ ਨੂੰ ਕਿਵੇਂ ਆਪਣੇ ਜਾਇਜ, ਕਨੂੰਨੀ ਹੱਕਾਂ ਤੋਂ ਵੀ ਵਾਂਝੇ ਕੀਤਾ ਜਾਂਦਾ ਹੈ ਇਸਦੀਆਂ ਦੋ ਮਿਸਾਲਾਂ ਪਿਛਲੇ ਦਿਨੀਂ ਮਜਦੂਰਾਂ ਵਿੱਚ ਪ੍ਰਚਾਰ ਦੌਰਾਨ ਦੇਖੀਆਂ।

ਚੰਡੀਗੜ੍ਹ ਦੇ ਮਜਦੂਰ ਇਲਾਕੇ ਹੱਲੋਮਾਜਰੇ ਵਿੱਚ ਇਨਕਲਾਬੀ ਅਖਬਾਰ ਦਾ ਪ੍ਰਚਾਰ ਕਰਦੇ ਹੋਏ ਦੋ ਪਰਿਵਾਰ ਮਿਲ਼ੇ। ਇੱਕ ਨੇਰ੍ਹ ਭਰੇ ਗੰਧਲੇ ਜਿਹੇ ਵਿਹੜੇ ਦੇ ਇੱਕ ਕਮਰੇ ਵਿੱਚ ਰਹਿ ਰਹੇ ਮਜਦੂਰ ਅਜੇ ਯਾਦਵ ਨਾ਼ਲ ਗੱਲ ਹੋਈ ਜਿਹੜਾ 26 ਸਾਲ ਪਹਿਲਾਂ ਯੂਪੀ ਤੋਂ ਚੰਡੀਗੜ੍ਹ ਆਇਆ ਸੀ। ਪਹਿਲਾਂ ਉਸਨੇ ਪੰਦਰਾਂ ਸਾਲ ਇੱਕ ਟੂਟੀ ਬਣਾਉਣ ਆ਼ਲੇ ਕਾਰਖਾਨੇ ਵਿੱਚ ਕੰਮ ਕੀਤਾ, 2012 ਵਿੱਚ ਇਹ ਕਾਰਖਾਨਾ ਬੰਦ ਹੋ ਗਿਆ। ਗਰੈਚੁਟੀ ਅਦਾਇਗੀ ਕਨੂੰਨ 1972 ਮੁਤਾਬਕ ਹਰ ਉਹ ਕੰਪਨੀ ਜਿੱਥੇ ਵੀਹ ਤੋਂ ਵਧੇਰੇ ਮਜਦੂਰ ਕੰਮ ਕਰਦੇ ਹਨ, ਓਥੇ ਕੰਪਨੀ ਨੇ ਹਰ ਉਸ ਮਜਦੂਰ ਨੂੰ ਖਾਸ ਰਕਮ ਗਰੈਚੁਟੀ ਵਜੋਂ ਅਦਾ ਕਰਨੀ ਹੁੰਦੀ ਹੈ ਜਿਹੜਾ ਕੰਪਨੀ ਵਿੱਚ ਪੰਜ ਸਾਲ ਤੋਂ ਵੱਧ ਕੰਮ ਕਰ ਚੁੱਕਾ ਹੋਵੇ। ਇਹ ਰਕਮ ਮੋਟੇ ਤੌਰ ਉੱਤੇ ਸਾਲ ਮਗਰ ਪੰਦਰਾਂ ਦਿਨਾਂ ਦੀ ਬਣਦੀ ਹੈ ਜਾਣੀ ਜਿਵੇਂ ਉੱਪਰ ਮਜਦੂਰ ਅਜੇ ਯਾਦਵ ਨੇ ਪੰਦਰਾਂ ਸਾਲ ਟੂਟੀ ਕਾਰਖਾਨੇ ਵਿੱਚ ਕੰਮ ਕੀਤਾ ਤਾਂ ਉਹ ਪੰਦਰਾਂ ਗੁਣਾਂ ਪੰਦਰਾਂ ਜਾਣੀ 225 ਦਿਨਾਂ ਦੀ ਤਨਖਾਹ ਜਾਣੀ ਤਕਰੀਬਨ ਅੱਠ ਮਹੀਨੇ ਦੀ ਤਨਖਾਹ ਬਤੌਰ ਗਰੈਚੁਟੀ ਹਾਸਲ ਕਰਨ ਦਾ ਹੱਕਦਾਰ ਸੀ ਜਿਹੜੀ ਕਰੀਬ 90,000 ਬਣਦੀ ਸੀ। ਪਰ ਮਾਲਕ ਨੇ ਉਸ ਵਰਗੇ ਪੱਚੀ ਹੋਰ ਮਜਦੂਰਾਂ ਦਾ ਇਹ ਰੁਪਿਆ ਦੱਬ ਲਿਆ। ਮਜਦੂਰਾਂ ਨੇ ਹੋਰ ਕੁੱਝ ਨਾ ਸਰਦਾ ਦੇਖ ਕਿਰਤ ਅਦਾਲਤ ਦਾ ਬੂਹਾ ਖੜਕਾਇਆ ਪਰ ਐਥੇ ਵੀ ਕੀ ਮਿਲ਼ਿਆ? ਨਿਆਂ ਦੇ ਅਖੌਤੀ ਘਰ ਵਿੱਚੋਂ ਉਹਨਾਂ ਨੂੰ ਅਜੇ ਤੱਕ ਧੱਕੇ ਹੀ ਮਿਲ਼ੇ ਨੇ। ਇਹਨਾਂ ਵੀਹ ਮਜਦੂਰਾਂ ਦਾ ਗਰੈਚੁਟੀ ਦਾ ਕੇਸ ਚੱਲਦੇ ਨੂੰ ਦਸ ਸਾਲ ਹੋ ਚੁੱਕੇ ਨੇ ਪਰ ਅਜੇ ਤੱਕ ਮਾਮਲਾ ਨੇੜੇ ਲੱਗਣ ਦੇ ਆਸਾਰ ਨਜਰ ਨਹੀਂ ਆਉਂਦੇ।



ਟੂਟੀ ਕਾਰਖਾਨਾ ਬੰਦ ਹੋਣ ਤੋਂ ਬਾਅਦ ਅਜੇ ਨੇ ਇੱਕ ਹੋਰ ਕਾਰਖਾਨੇ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਸੀ, ਓਵਰਟਾਈਮ ਲਾ ਕੇ ਵੀ ਉਸ ਨੂੰ ਕੁੱਲ 12,000 ਰੁਪਏ ਹੀ ਬਣਦੇ ਹਨ ਜੋ ਚੰਡੀਗੜ੍ਹ ਵਿੱਚ ਤੈਅਸ਼ੁਦਾ ਘੱਟੋ-ਘੱਟ ਉਜਰਤ ਤੋਂ ਵੀ ਘੱਟ ਹੈ। ਉਮਰ ਦੇ ਪੰਜਾਹਵੇਂ ਵਰ੍ਹੇ ਪਹੁੰਚਕੇ ਹੁਣ ਉਸਦੀ ਹਾਲਤ ਅਜਿਹੀ ਵੀ ਨਹੀਂ ਕਿ ਬਿਹਤਰ ਤਨਖਾਹ ਦੀ ਭਾਲ ਵਿੱਚ ਹੋਰ ਕੰਮ ਟੋਲਦਾ ਫਿਰੇ। ਤਿੰਨ ਮਹੀਨੇ ਪਹਿਲਾਂ ਇਸ ਕਾਰਖਾਨੇ ਦੇ ਮਾਲਕ ਦੋ ਭਰਾਵਾਂ ਵਿੱਚ ਝਗੜਾ ਹੋ ਗਿਆ ਤੇ ਇੱਕ ਨੇ ਵੱਖਰਾ ਕਾਰਖਾਨਾ ਨੇੜਲੇ ਕਸਬੇ ਬਰਵਾਲੇ ਵਿੱਚ ਲਾ ਲਿਆ। ਹੁਣ ਇਹ ਪਹਿਲਾਂ ਵਾ਼ਲਾ ਮਾਲਕ ਇਸ ਝਗੜੇ ਕਾਰਨ ਵੰਡੀ ਗਈ ਕੰਪਨੀ ਦਾ ਬਹਾਨਾ ਕਰਕੇ ਡੇਢ ਮਹੀਨੇ ਤੋਂ ਮਜਦੂਰਾਂ ਦੀ ਤਨਖਾਹ ਦੱਬੀ ਬੈਠਾ ਹੈ। ਬਕਾਏ ਦੀ ਤਾਕ ਵਿੱਚ ਬੈਠੇ ਅਜੇ ਵਰਗੇ ਹੋਰ ਮਜਦੂਰਾਂ ਕੋ਼ਲ ਇਸੇ ਮਾਲਕ ਕੋ਼ਲ ਕੰਮ ਕਰਨ ਬਿਨਾਂ ਕੋਈ ਚਾਰਾ ਵੀ ਨਹੀਂ। ਉਸਦਾ ਤਾਂ ਇੰਝ ਵੀ ਕਹਿਣਾ ਸੀ ਕਿ ਕਿਉਂਕਿ ਉਹ ਐਥੇ ਇਕੱਲਾ ਹੈ, ਪਰਿਵਾਰ ਪਿੱਛੇ ਪਿੰਡ ਵਿੱਚ ਹੈ, ਜੇ ਥੋੜ੍ਹਾ ਸਮਾਂ ਹੋਰ ਪੈਸੇ ਨਾ ਮਿ਼ਲੇ ਤਾਂ ਪਿੰਡ ਹੀ ਚਲਿਆ ਜਾਵੇਗਾ ਕਿਉਂਕਿ ਹੁਣ ਇਸ ਉਮਰ ਵਿੱਚ, ਬਿਨਾਂ ਤਨਖਾਹ ਤੋਂ ਬਹੁਤੀ ਉਡੀਕ ਨਹੀਂ ਕੀਤੀ ਜਾ ਸਕਦੀ।

ਦੂਜਾ ਮਾਮਲਾ ਉਸੇ ਵਿਹੜੇ ਵਿੱਚ ਰਹਿੰਦੇ ਇੱਕ ਹੋਰ ਪਰਿਵਾਰ ਦਾ ਹੈ ਜਿਹੜਾ ਪਿੱਛੋਂ ਹਰ-ਦੋਈ (ਯੂਪੀ) ਤੋਂ ਐਥੇ ਕੰਮ ਕਰਨ ਕਾਫੀ ਸਾਲ ਪਹਿਲਾਂ ਆਇਆ ਸੀ। ਇਸ ਘਰ ਵਿੱਚ ਇਕੱਲੀ ਔਰਤ ਸੀ, ਪਤੀ ਕਿਤੇ ਬਾਹਰ ਕੁੱਝ ਸਮਾਨ ਲੈਣ ਗਿਆ ਸੀ। ਇਸ ਔਰਤ ਦੇ ਪਤੀ ਨੇ ਕਾਫੀ ਸਮਾਂ ਭੱਠੇ ਉੱਤੇ ਕੰਮ ਕੀਤਾ ਸੀ ਪਰ ਹੁਣ ਸਿਹਤ ਖਰਾਬ ਰਹਿਣ ਕਰਕੇ ਸਰੀਰ ਵਿੱਚ ਓਨੀ ਸੱਤਿਆ ਈ ਨਹੀਂ ਰਹੀ ਸੀ। ਇਸ ਲਈ ਘਰ ਦਾ ਖਰਚਾ ਔਰਤ ਤੇ ਉਹਨਾਂ ਦਾ ਮੁੰਡਾ ਚਲਾਉਂਦਾ ਸੀ। ਔਰਤ ਐਥੋਂ ਦੀ ਇੱਕ ਮਸ਼ਹੂਰ ਦਾਰੂ ਕੰਪਨੀ ਵਿੱਚ ਸੱਤ ਹਜਾਰ ਉੱਤੇ ਕੰਮ ਕਰਦੀ ਸੀ, ਜਿਹੜਾ ਚੰਡੀਗੜ੍ਹ ਵਿੱਚ ਤੈਅ ਘੱਟੋ-ਘੱਟ ਉਜਰਤ 12,600 ਰੁਪਏ ਮਹੀਨਾ ਤੋਂ ਕਿਤੇ ਘੱਟ ਹੈ। ਪਰ ਤਿੰਨ ਕੁ ਮਹੀਨੇ ਪਹਿਲਾਂ ਠੇਕੇਦਾਰ ਉਹਨਾਂ ਦੇ ਬਣਦੇ ਪੈਸੇ ਲੈ ਕੇ ਭੱਜ ਗਿਆ ਤੇ ਇਸ ਔਰਤ ਦਾ ਵੀ ਛੇ ਹਜਾਰ ਇਸ ਵਿੱਚ ਡੁੱਬ ਗਿਆ।

ਠੇਕੇਦਾਰੀ ਹੋਣ ਕਰਕੇ ਮਾਲਕ ਨੇ ਖੁਦ ਨੂੰ ਬਰੀ ਕਰ ਲਿਆ ਕਿ ਠੇਕੇਦਾਰ ਨਾ਼ਲ ਹੀ ਗੱਲ ਕਰੋ, ਉਹਨੇ ਈ ਤੁਹਾਨੂੰ ਕੰਮ ਉੱਤੇ ਰੱਖਿਆ ਸੀ। ਇੱਕ-ਦੋ ਵਾਰੀ ਕੁੱਝ ਮਜਦੂਰ ਇਕੱਠੇ ਹੋ ਕੇ ਮਾਲਕ ਕੋ਼ਲ ਦੁਬਾਰਾ ਵੀ ਗਏ ਪਰ ਉਹਦਾ ਇਹੀ ਜਵਾਬ ਸੁਣ ਸਭ ਨੇ ਕੋਈ ਹੋਰ ਕੰਮ ਵੇਖਣਾ ਸ਼ੁਰੂ ਕਰ ਦਿੱਤਾ ਤੇ ਪੈਸਾ ਮਿ਼ਲਣ ਦੀ ਆਸ ਛੱਡ ਦਿੱਤੀ। ਹੁਣ ਇਹ ਔਰਤ ਸਿਰਫ 2,000 ਰੁਪਏ ਉੱਤੇ ਕਿਸੇ ਕੋਠੀ ਵਿੱਚ ਝਾੜੂ ਪੋਚੇ ਦਾ ਕੰਮ ਕਰਦੀ ਹੈ ਤੇ ਮੁੰਡਾ ਮੁਸ਼ਕਲ ਨਾ਼ਲ 13-14 ਸਾਲਾਂ ਦਾ, ਸੱਤ ਪੜ੍ਹਿਆ, ਹੁਣ ਚੰਡੀਗੜ੍ਹ ਕਿਸੇ ਢਾਬੇ ਉੱਤੇ ਕੰਮ ਕਰਨ ਨੂੰ ਮਜਬੂਰ ਹੈ। ਉਹਨਾਂ ਦੇ ਘਰ ਵਿੱਚ ਕਿਸੇ ਨੂੰ ਪੜ੍ਹਨਾ ਈ ਨਹੀਂ ਸੀ ਆਉਂਦਾ, ਮੁੰਡਾ ਜਿਸਨੇ ਕਹਿਣ ਨੂੰ ਸੱਤ ਜਮਾਤਾਂ ਕੀਤੀਆਂ ਸਨ ਉਹ ਵੀ ਮੁਸ਼ਕਲ ਨਾ਼ਲ ਹੀ ਅੱਖਰ ਜੋੜਦਾ ਸੀ। ਢਾਬੇ ਉੱਤੇ ਉਹ ਸਵੇਰੇ 7 ਤੋਂ ਰਾਤ 11 ਵਜੇ ਤੱਕ ਕੰਮ ਕਰਦਾ ਹੈ ਜਿਸ ਬਦਲੇ ਉਸ ਨੂੰ ਸਿਰਫ 8,000 ਰੁਪਏ ਮਿ਼ਲਦੇ ਹਨ!

ਯਾਣੀ ਜਿਹਨਾਂ ਢਾਬਿਆਂ, ਰੈਸਤਰਾਂ ਵਿੱਚ ਜਾਕੇ ਲੋਕ ਚਾਅ ਨਾ਼ਲ ਖਾਣਾ ਖਾਂਦੇ ਹਨ ਓਥੇ ਬਹੁਤੇ ਮਜਦੂਰਾਂ ਦੀ ਹਾਲਤ ਐਨੀ ਭਿਆਨਕ ਹੀ ਹੁੰਦੀ ਹੈ। ਇਹ ਢਾਬੇ, ਹੋਟਲ ਕੰਮ ਹਾਲਤਾਂ ਪੱਖੋਂ ਮਜਦੂਰਾਂ ਦੀ ਭਿਅੰਕਰ ਲੁੱਟ ਕਰਦੇ ਹਨ ਪਰ ਕਦੇ ਕੋਈ ਸਰਕਾਰੀ ਮਹਿਕਮੇ ਦੀ ਐਧਰ ਨਜਰ ਨਹੀਂ ਗਈ ਕਿ ਕਿਵੇਂ ਸਭ ਨਿਯਮ-ਕਾਇਦੇ ਦੀਆਂ ਇਹ ਧੱਜੀਆਂ ਉਡਾਉਂਦੇ ਹਨ। ਇਹ ਦੋਹੇਂ ਮਾਮਲੇ ਇਹੀ ਸਪੱਸ਼ਟ ਕਰਦੇ ਸਨ ਕਿ ਮਜਦੂਰਾਂ ਦੀ ਜਥੇਬੰਦੀ ਦੀ ਕਿਉਂ ਲੋੜ ਹੈ। ਕਿਉਂਕਿ ਇਹ ਅਜਿਹੇ ਮਾਮਲੇ ਸਨ ਜਿੱਥੇ ਮਜਦੂਰਾਂ ਦਾ ਜਾਇਜ ਪੈਸਾ ਹੀ ਮਾਰ ਲਿਆ ਗਿਆ ਸੀ।

ਮਜਦੂਰਾਂ ਵੱਲੋਂ ਲੰਬੇ ਸੰਘਰਸ਼ਾਂ ਵਿੱਚੋਂ ਹਾਸਲ ਕੀਤੇ ਕਨੂੰਨੀ ਹੱਕ ਵੀ ਉਹਨਾਂ ਨੂੰ ਜੇ ਨਹੀਂ ਮਿ਼ਲ ਰਹੇ ਤਾਂ ਇਸਦਾ ਕਾਰਨ ਉਹਨਾਂ ਦੀ ਜਥੇਬੰਦੀ ਦੀ ਘਾਟ ਹੀ ਸੀ। ਇਹ ਕੋਈ ਤਨਖਾਹ ਵਧਾਉਣ ਜਾਂ ਨੌਕਰੀ ਪੱਕੀ ਕਰਾਉਣ ਜਿਹਾ ਮਾਮਲਾ ਵੀ ਨਹੀਂ ਕਿ ਜਿੱਥੇ ਕੋਈ ਨਵੀਂ ਮੰਗ ਕੀਤੀ ਜਾ ਰਹੀ ਹੋਵੇ ਸਗੋਂ ਇਹ ਤਾਂ ਤੈਅ ਹੱਕ ਲੈਣ ਦਾ ਹੀ ਮਾਮਲਾ ਸੀ। ਇਸ ਲਈ ਅੱਜ ਮਜਦੂਰਾਂ ਦੀ ਆਪਣੀ ਯੂਨੀਅਨ, ਆਪਣੀ ਇਨਕਲਾਬੀ ਜਥੇਬੰਦੀ ਦੀ ਫੌਰੀ ਲੋੜ ਹੈ ਜੋ ਨਾ ਸਿਰਫ ਇਹਨਾਂ ਹਾਸਲ ਕਨੂੰਨੀ ਹੱਕਾਂ ਨੂੰ ਲਾਗੂ ਕਰਵਾ ਸਕੇ ਸਗੋਂ ਮਜਦੂਰਾਂ ਲਈ ਇਹਨਾਂ ਲੋਟੂ ਸਰਕਾਰਾਂ ਕੋ਼ਲੋਂ ਹੋਰ ਵੀ ਹੱਕ ਖੋਹ ਸਕੇ।

# ਪਿਛਲੱਗੂਪੁਣਾ ਛੱਡ ਕੇ ਹੀ ਬਹੁਜਨ ਸਮਾਜ ਸ਼ਕਤੀਸ਼ਾਲੀ ਬਣੇਗਾ

**(ਸਫਾ 21 ਦੀ ਬਾਕੀ)**

ਤੇ ਅੰਬੇਡਕਰ ਦੇ ਮਿਸ਼ਨ ਨੂੰ ਚਲਾਉਣਾ ਸੀ ਉਹ ਕਾਂਗਰਸ ਦੇ, ਗਾਂਧੀ ਦੇ ਚੱਕਰ ਵਿੱਚ ਫਸ ਗਏ। ਕਾਂਗਰਸ ਤੇ ਦੂਜੀਆਂ ਪਾਰਟੀਆਂ ਦੇ ਪਿਛਲੱਗੂ ਬਣਨ ਦੀ ਬਜਾਏ ਆਪਣੀ ਤਾਕਤ ਬਣਾ ਕੇ ਇਹ ਮਕਸਦ ਅਸਾਨੀ ਨਾਲ ਪੂਰਾ ਕੀਤਾ ਜਾ ਸਕਦਾ ਹੈ। ਆਪਣੇ ਵੋਟਾਂ ਦਾ ਸਹੀ ਇਸਤੇਮਾਲ ਕਰਕੇ। ਕਿਉਂਕਿ ਇਕ ਆਦਮੀ ਦੀ ਇਕ ਵੋਟ ਹੈ ਤੇ ਇਕ ਵੋਟ ਦੀ ਇਕ ਕੀਮਤ ਹੈ। ਹੁਣ ਤੱਕ ਅਸੀਂ ਆਪਣੇ ਵੋਟ ਦਾ ਸਹੀ ਇਸਤੇਮਾਲ ਨਹੀਂ ਕੀਤਾ। ਜਾਂ ਤੁਸੀਂ ਸਿਰਫ ਆਪਣੀ ਜਾਤ ਨੂੰ ਵੋਟ ਪਾਉਂਦੇ ਹੋ ਪਰ ਜਿੱਤਦੇ ਨਹੀਂ। ਉੱਤਰ ਪ੍ਰਦੇਸ਼ ਵਿੱਚ ਕਿਉਂ ਜਿੱਤ ਜਾਂਦੇ ਹਨ? ਕਿਉਂਕਿ ਉੱਥੇ ਬਹੁਜਨ ਸਮਾਜ ਬਣਾ ਕੇ ਜਿੱਤ ਜਾਂਦੇ ਹਨ। ਅਜੇ ਉਥੇ ਅਸੀਂ 85 ਫੀਸਦੀ ਨਹੀਂ ਕੇਵਲ 15 ਫੀਸਦੀ ਸਮਾਜ ਹੀ ਇਕੱਠਾ ਕਰ ਸਕੇ ਹਾਂ। ਰਾਜ ਪਾਟ ਲਈ 85 ਦੀ ਵੀ ਜਰੂਰਤ ਨਹੀਂ 51 ਫੀਸਦੀ ਦੀ ਹੀ ਜਰੂਰਤ ਹੈ। ਚੰਦ ਸਾਲ ਬਾਅਦ ਤੁਸੀਂ ਦੇਖੋਗੇ ਕਿ ਸੱਭ ਕੌਮੀ ਬ੍ਰਾਹਮਣਵਾਦੀ ਪਾਰਟੀਆਂ ( ਕਾਂਗਰਸ, ਭਾਜਪਾ, ਜਨਤਾ ਦਲ, ਸੀ।ਪੀ।ਆਈ। ਤੇ ਸੀ.ਪੀ.ਐਮ.) ਇਕ ਹੋ ਜਾਣਗੀਆਂ ਫਿਰ ਵੀ ਉਹ ਸਾਡਾ ਮੁਕਾਬਲਾ ਨਹੀਂ ਕਰ ਸਕਣਗੀਆਂ। 15 ਫੀਸਦੀ ਵਾਲੇ ਪੰਜ ਪਾਰਟੀਆਂ ਵਿੱਚ ਹਨ। ਉਹ ਸਾਡੇ ਮੁਕਾਬਲੇ 85 ਫੀਸਦੀ ਨਹੀਂ ਹਨ।

ਆਪ ਬੋਧ ਬਣ ਗਏ ਹੋ ਤੇ ਆਖਦੇ ਹੋ ਸਾਡੇ ਨਾਲ ਧੋਖਾ ਹੁੰਦਾ ਹੈ ਪਰ ਤੁਹਾਡੇ ਬਜੁਰਗ ਤਾਂ ਐਸ। ਸੀ।/ ਐਸ। ਟੀ। ਸਨ। ਮੁਸਲਮਾਨਾਂ ਨਾਲ ਕੀ ਘੱਟ ਧੋਖਾ ਹੁੰਦਾ ਹੈ? ਆਪ ਮੁੱਠੀ ਭਰ ਲੋਕ ਬੋਧ ਬਣ ਗਏ ਹੋ ਤਾਂ ਕੁਝ ਨਹੀਂ ਹੋਵੇਗਾ ਅਗਰ ਬੋਧ ਵੀ ਬਣਨਾ ਹੈ ਤਾਂ ਘੱਟੋ-ਘੱਟ 15-20 ਕਰੋੜ ਤਾਂ ਬਣੋ। ਬਾਬਾ ਸਾਹਿਬ ਇਧਰ ਬੋਧ ਬਣੇ ਸਨ। ਇਹ ਜਿੰਮੇਵਾਰੀ ਨਾਗਪੁਰ ਦੀ ਬਣਦੀ ਐ। ਆਪਣੀ ਜਿੰਮੇਵਾਰੀ ਸਮਝ ਕੇ, ਆਪਣੀ ਕਮਜ਼ੋਰੀ ਨੂੰ ਸਮਝਣਾ ਹੋਵੇਗਾ ਕਿ ਅਸੀਂ ਸ਼ਕਤੀਸ਼ਾਲੀ ਬਣਨਾ ਹੈ। ਸਾਡਾ ਉਮੀਦਵਾਰ ਬੋਧ ਵੀ ਹੈ, ਕੁਨਬੀ ਵੀ ਹੈ, ਸੈਂਟਰਲ ਨਾਗਪੁਰ ਤੋਂ ਕੋਸ਼ਟੀ ਹੈ।

ਸੱਭ ਨੇ ਰਲ ਮਿਲ ਕੇ ਚੱਲਣਾ ਹੈ। ਆਪਣੇ ਆਪ ਨੂੰ ਸੰਗਠਤ ਕਰਕੇ ਸ਼ਕਤੀਸ਼ਾਲੀ ਬਣਾਉਣਾ ਹੈ। ਉੱਤਰ ਪ੍ਰਦੇਸ਼ ਵਿੱਚ ਬ੍ਰਾਹਮਣਵਾਦੀ ਲੋਕ ਯਾਦਵ ਨੂੰ ਅੱਗੇ ਰੱਖਕੇ ਚਮਾਰ ਨੂੰ ਦੁਖੀ ਕਰਦੇ ਸਨ। ਹੁਣ ਚਮਾਰ ਤੇ ਯਾਦਵ ਰਲਕੇ ਸਰਕਾਰ ਚਲਾ ਰਹੇ ਹਨ। ਘੜੀ ਵੱਲ ਦੇਖਦਿਆਂ ਕਹਿਣ ਲੱਗੇ ਹੁਣ ਦਸ ਵੱਜਣ ਵਾਲੇ ਹਨ ਹਾਥੀ ਤੇ ਵੋਟ ਪਾਉਣ ਦੀ ਅਪੀਲ ਕਰਦਾ ਹੋਇਆ ਮੈਂ ਵਿਦਾ ਲੈਂਦਾ ਹਾਂ।

ਕੁਝ ਦਿਨ ਰੁਕ ਕੇ ਮੈਂ ਤੇ ਮੇਰੇ ਸਾਥੀ ਸਜੌਲ ਸਿੰਘ ਨੇ ਵੀ ਦੂਜੇ ਸਾਥੀਆਂ ਵਾਂਗ ਵਾਪਸੀ ਕਰ ਲਈ। ਲੋਕਲ ਕਾਰਜ ਕਰਤਾਵਾਂ ਤੇ ਆਗੂਆਂ ਨੇ ਸਾਨੂੰ ਨਿੱਘੀ ਵਿਦਾਇਗੀ ਦਿੱਤੀ। ਅਸੀਂ ਹਜ਼ੂਰ ਸਾਹਿਬ ਦੇ ਦਰਸ਼ਨ ਲਈ ਚਾਲੇ ਪਾ ਦਿੱਤੇ। ਉਹਨੀਂ ਦਿਨੀਂ ਉੱਥੇ ਮੇਰਾ ਪਰਮ ਮਿੱਤਰ ਸ. ਗੁਰਚਰਨ ਸਿੰਘ ਸੰਘਾ ਡਰੋਲੀ ਭਾਈ ਮੁੱਖ ਸੰਪਾਦਕ ਸੱਚ ਖੰਡ ਪੱਤਰ ਤੈਨਾਤ ਸੀ ਤਾਂ ਕਿ ਉਸ ਨੂੰ ਵੀ ਮਿਲ ਲਵਾਂਗੇ।

# ਹਰ ਚਾਹਵਾਨ "ਨੀਟ ਯੂਜੀ" ਨੂੰ ਇਸ ਉੱਚ ਮੁਕਾਬਲੇ ਵਾਲੀ ਪ੍ਰੀਖਿਆ ਨੂੰ ਹਾਸਲ ਕਰਨ ਲਈ ਕੁਝ ਹੁਨਰਾਂ ਵਿੱਚ ਮੁਹਾਰਤ ਹਾਸਲ ਕਰਨ ਦੀ ਲੋੜ ਹੁੰਦੀ ਹੈ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਨੀਟ ਯੂਜੀ 2024 ਇੱਕ ਸੈਸ਼ਨ ਵਿੱਚ ਆਯੋਜਿਤ ਹੋਣ ਜਾ ਰਿਹਾ ਹੈ ਨੈਸ਼ਨਲ ਟੈਸਟਿੰਗ ਏਜੰਸੀ ਨੇ ਭਾਰਤ ਵਿੱਚ ਮੈਡੀਕਲ ਚਾਹਵਾਨਾਂ ਲਈ 5 ਮਈ 2024 ਨੂੰ ਮਹੱਤਵਪੂਰਨ ਮੀਲ ਪੱਥਰ ਨਿਰਧਾਰਤ ਕੀਤਾ ਹੈ। ਬੁਨਿਆਦੀ ਬੋਧਾਤਮਕ ਯੋਗਤਾਵਾਂ ਜਿਵੇਂ ਕਿ ਸਮੱਸਿਆ ਹੱਲ ਕਰਨ ਅਤੇ ਤਰਕਪੂਰਨ ਤਰਕ ਤੋਂ ਇਲਾਵਾ, ਚਾਹਵਾਨਾਂ ਨੂੰ ਇਸ ਉੱਚ ਮੁਕਾਬਲੇ ਵਾਲੀ ਪ੍ਰੀਖਿਆ ਨੂੰ ਹਾਸਲ ਕਰਨ ਲਈ ਕੁਝ ਖਾਸ ਡੋਮੇਨ-ਵਿਸ਼ੇਸ਼ ਹੁਨਰਾਂ ਵਿੱਚ ਮੁਹਾਰਤ ਹਾਸਲ ਕਰਨ ਦੀ ਲੋੜ ਹੁੰਦੀ ਹੈ। ਇੱਥੇ ਚੋਟੀ ਦੇ 10 ਹੁਨਰ ਹਨ ਜੋ ਹਰ ਨੀਟ ਯੂਜੀ 2024 ਉਮੀਦਵਾਰ ਨੂੰ ਹਾਸਲ ਕਰਨ ਦੀ ਲੋੜ ਹੈ।

ਗਣਿਤਿਕ ਸੰਕਲਪਾਂ ਦੀ ਡੂੰਘੀ ਸਮਝ ਅਤੇ ਉਹਨਾਂ ਦੀ ਵਰਤੋਂ ਲਾਜ਼ਮੀ ਹੈ।

### ਭੌਤਿਕ ਵਿਗਿਆਨ ਦੀ ਸੂਝ

ਭੌਤਿਕ ਵਿਗਿਆਨ ਵਿੱਚ ਮੁਹਾਰਤ ਮਹੱਤਵਪੂਰਨ ਹੈ। ਉਮੀਦਵਾਰਾਂ ਨੂੰ ਕਲਾਸੀਕਲ ਮਕੈਨਿਕਸ, ਬਿਜਲੀ ਅਤੇ ਚੁੰਬਕਤਾ, ਥਰਮੋਡਾਇਨਾਮਿਕਸ ਅਤੇ ਆਧੁਨਿਕ ਭੌਤਿਕ ਵਿਗਿਆਨ ਵਿੱਚ ਚੰਗੀ ਤਰ੍ਹਾਂ ਜਾਣੂ ਹੋਣਾ ਚਾਹੀਦਾ ਹੈ। ਸਮੱਸਿਆ-ਹੱਲ ਕਰਨ ਦੀਆਂ ਯੋਗਤਾਵਾਂ ਅਤੇ ਸੰਕਲਪਿਕ ਸਪੱਸ਼ਟਤਾ ਇਸ ਡੋਮੇਨ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ ਸਰਵਉੱਚ ਹਨ।

### ਕੈਮਿਸਟਰੀ ਯੋਗਤਾ

ਰਸਾਇਣ ਵਿਗਿਆਨ ਤਿੰਨ ਮੁੱਖ ਖੇਤਰਾਂ ਨੂੰ ਸ਼ਾਮਲ ਕਰਦਾ ਹੈ - ਭੌਤਿਕ, ਜੈਵਿਕ, ਅਤੇ ਅਜੈਵਿਕ ਰਸਾਇਣ। ਚਾਹਵਾਨਾਂ ਨੂੰ ਰਸਾਇਣਕ ਪ੍ਰਤੀਕ੍ਰਿਆਵਾਂ, ਸਮੇਂ-ਸਮੇਂ ਦੇ ਰੁ-ਝਾਨਾਂ, ਅਣੂ ਬਣਤਰਾਂ, ਅਤੇ ਸਮੀਕਰਨਾਂ ਦੀ ਇੱਕ ਠੋਸ ਸਮਝ ਦੀ ਲੋੜ ਹੁੰਦੀ ਹੈ। ਇਸ ਵਿਸ਼ੇ ਵਿੱਚ ਸਫਲਤਾ ਲਈ ਸੰਕਲਪਾਂ ਅਤੇ ਉਹਨਾਂ ਦੇ ਕਾਰਜਾਂ ਨੂੰ ਸਮਝਣਾ ਮਹੱਤਵਪੂਰਨ ਹੈ।

### ਵਿਜ਼ੂਅਲਾਈਜ਼ੇਸ਼ਨ ਹੁਨਰ

ਇੰਜੀਨੀਅਰਿੰਗ ਮਜ਼ਬੂਤ ਵਿਜ਼ੂਅਲਾਈਜ਼ੇਸ਼ਨ ਯੋਗਤਾਵਾਂ ਦੀ ਮੰਗ ਕਰਦੀ ਹੈ। ਚਾਹਵਾਨਾਂ ਨੂੰ ਗੁੰਝਲਦਾਰ ਬਣਤਰਾਂ, ਗ੍ਰਾਫਾਂ ਅਤੇ ਅੰਕੜਿਆਂ ਦੀ ਕਲਪਨਾ ਕਰਨ ਵਿੱਚ ਮਾਹਰ ਹੋਣਾ ਚਾਹੀਦਾ ਹੈ, ਜੋ ਭੌਤਿਕ ਵਿਗਿਆਨ ਅਤੇ ਗਣਿਤ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

### ਫਾਰਮੂਲੇ ਦੀ ਵਰਤੋਂ

ਫਾਰਮੂਲੇ ਜਾਣਨਾ ਜ਼ਰੂਰੀ ਹੈ, ਪਰ ਵੱਖ-ਵੱਖ ਸੰਦਰਭਾਂ ਵਿੱਚ ਉਹਨਾਂ ਨੂੰ ਸਹੀ ਢੰਗ ਨਾਲ ਲਾਗੂ ਕਰਨਾ ਵੀ ਉਨਾ ਹੀ ਮਹੱਤਵਪੂਰਨ ਹੈ। ਉਮੀਦਵਾਰਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਮੱਸਿਆਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਲਈ ਸਹੀ ਫਾਰਮੂਲੇ ਕਦੋਂ ਅਤੇ ਕਿਵੇਂ ਲਾਗੂ ਕਰਨੇ ਹਨ।

### ਸਿਧਾਂਤਾਂ ਅਤੇ ਧਾਰਨਾਵਾਂ ਨੂੰ ਸਮਝਣਾ

ਰੱਟ ਯਾਦਾਂ ਤੋਂ ਪਰੇ, ਸਿਧਾਂਤਾਂ ਅਤੇ ਸੰਕਲਪਾਂ ਦੀ ਡੂੰਘੀ ਸਮਝ ਜ਼ਰੂਰੀ ਹੈ। ਉਮੀਦਵਾਰਾਂ ਨੂੰ ਗਣਿਤ, ਭੌਤਿਕ ਵਿਗਿਆਨ ਅਤੇ ਰਸਾਇਣ ਵਿਗਿਆਨ ਵਿੱਚ ਅੰਤਰੀਵ ਸਿਧਾਂਤਾਂ ਅਤੇ ਸਿਧਾਂਤਾਂ ਨੂੰ ਸਮਝਣਾ ਚਾਹੀਦਾ ਹੈ, ਜਿਸ ਨਾਲ ਉਹਨਾਂ ਨੂੰ ਨਵੀਨਤਾਕਾਰੀ ਢੰਗ ਨਾਲ ਸਮੱਸਿਆਵਾਂ ਨੂੰ ਹੱਲ ਕਰਨ ਦੇ ਯੋਗ ਬਣਾਇਆ ਜਾ ਸਕਦਾ ਹੈ।

### ਡਾਟਾ ਵਿਆਖਿਆ ਦੇ ਹੁਨਰ

ਵੱਖ-ਵੱਖ ਰੂਪਾਂ, ਜਿਵੇਂ ਕਿ ਗ੍ਰਾਫ, ਟੇਬਲ ਅਤੇ ਚਾਰਟ ਵਿੱਚ ਪੇਸ਼ ਕੀਤੇ ਗਏ ਡੇਟਾ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਕਰਨ ਦੀ ਯੋਗਤਾ ਮਹੱਤਵਪੂਰਨ ਹੈ। ਭੌਤਿਕ ਵਿਗਿਆਨ ਅਤੇ ਰਸਾਇਣ ਵਿਗਿਆਨ ਦੇ ਪ੍ਰਸ਼ਨਾਂ ਵਿੱਚ ਪ੍ਰਯੋਗਾਤਮਕ ਡੇਟਾ ਦੀ ਵਿਆਖਿਆ ਕਰਨ ਵਿੱਚ ਮੁਹਾਰਤ ਇੱਕ ਮਹੱਤਵਪੂਰਨ ਫਾਇਦਾ ਹੈ।

### ਸਮੱਸਿਆ-ਹੱਲ ਕਰਨ ਦੀਆਂ ਤਕਨੀਕਾਂ

ਨੀਟ ਯੂਜੀ ਪ੍ਰਸ਼ਨਾਂ ਵਿੱਚ ਅਕਸਰ ਗੁੰਝਲਦਾਰ ਸਮੱਸਿਆ-ਹੱਲ ਕਰਨ ਵਾਲੇ ਦ੍ਰਿਸ਼ ਸ਼ਾਮਲ ਹੁੰਦੇ ਹਨ। ਚਾਹਵਾਨਾਂ ਨੂੰ ਵਿਭਿੰਨ ਸਮੱਸਿਆ-ਹੱਲ ਕਰਨ ਦੀਆਂ ਤਕਨੀਕਾਂ ਅਤੇ ਗੁੰਝਲਦਾਰ ਸਮੱਸਿਆਵਾਂ ਨਾਲ ਕੁਸ਼ਲਤਾ ਨਾਲ ਨਜਿੱਠਣ ਲਈ ਪਹੁੰਚ ਤੋਂ ਜਾਣੂ ਹੋਣਾ ਚਾਹੀਦਾ ਹੈ।

### ਐਪਲੀਕੇਸ਼ਨ-ਅਧਾਰਿਤ ਸਿਖਲਾਈ

ਸਿਧਾਂਤਕ ਸੰਕਲਪਾਂ ਨੂੰ ਸਮਝਣਾ ਕਾਫ਼ੀ ਨਹੀਂ ਹੈ; ਚਾਹਵਾਨਾਂ ਨੂੰ ਇਹਨਾਂ ਧਾਰਨਾਵਾਂ ਨੂੰ ਅਸਲ-ਜੀਵਨ ਦੀਆਂ ਸਥਿਤੀਆਂ ਵਿੱਚ ਲਾਗੂ ਕਰਨਾ ਚਾਹੀਦਾ ਹੈ। ਵਿਹਾਰਕ ਉਪਯੋਗ ਸੰਕਲਪਾਂ ਦੀ ਬਿਹਤਰ ਸਮਝ ਅਤੇ ਧਾਰਨ ਵਿੱਚ ਮਦਦ ਕਰਦਾ ਹੈ।

### ਨਿਰੰਤਰ ਅਭਿਆਸ ਅਤੇ ਸੰਸ਼ੋਧਨ

ਨਿਯਮਤ ਅਭਿਆਸ ਅਤੇ ਸੰਸ਼ੋਧਨ ਲਾਜ਼ਮੀ ਹਨ। ਕਈ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ, ਵਿਸ਼ਿਆਂ 'ਤੇ ਵਾਰ-ਵਾਰ ਮੁੜ ਵਿਚਾਰ ਕਰਨਾ, ਅਤੇ ਨਕਲੀ ਟੈਸਟ ਲੈਣ ਨਾਲ ਡੋਮੇਨ-ਵਿਸ਼ੇਸ਼ ਹੁਨਰ ਨੂੰ ਮਜ਼ਬੂਤ ਕਰਨ ਅਤੇ ਸਮੁੱਚੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਨ ਵਿੱਚ ਮਦਦ ਮਿਲਦੀ ਹੈ।

ਇਹਨਾਂ ਡੋਮੇਨ-ਵਿਸ਼ੇਸ਼ ਹੁਨਰਾਂ ਵਿੱਚ ਮੁਹਾਰਤ ਨੀਟ ਯੂਜੀ ਵਿੱਚ ਸਫਲਤਾ ਨੂੰ ਯਕੀਨੀ ਬਣਾਉਣ ਲਈ ਗਿਆਨ-ਵਿਗਿਆਨਕ ਕਾਬਲੀਅਤਾਂ ਦੇ ਨਾਲ ਹੱਥ ਮਿਲਾਉਂਦੀ ਹੈ ਇਹ ਹੁਨਰ ਨਾ ਸਿਰਫ਼ ਇਮਤਿਹਾਨ ਵਿੱਚ ਉੱਤਮ ਹੋਣ ਵਿੱਚ ਯੋਗਦਾਨ ਪਾਉਂਦੇ ਹਨ ਬਲਕਿ ਇੱਕ ਸਫਲ ਡਾਕਟਰੀ ਕਰੀਅਰ ਲਈ ਇੱਕ ਮਜ਼ਬੂਤ ਨੀਂਹ ਵੀ ਰੱਖਦੇ ਹਨ।

# ਮਾਪਿਆਂ ਦੇ ਦਬਾਅ ਤੋਂ ਬਿਨਾਂ ਆਪਣੇ ਬੱਚੇ ਨੂੰ ਸੀਬੀਐਸਈ /ਆਈਸੀਐਸਈ /ਸਟੇਟ ਬੋਰਡਾਂ ਦੀਆਂ ਪ੍ਰੀਖਿਆਵਾਂ ਵਿੱਚ ਚੰਗੇ ਅੰਕ ਪ੍ਰਾਪਤ ਕਰਨ ਲਈ ਕਿਵੇਂ ਉਤਸ਼ਾਹਿਤ ਕਰਨਾ ਹੈ

ਸੀਬੀਐਸਈ/ਆਈਸੀਐਸਈ/ਸਟੇਟ ਬੋਰਡਾਂ ਦੀ 10ਵੀਂ ਅਤੇ 12ਵੀਂ ਦੀਆਂ ਬੋਰਡ ਪ੍ਰੀਖਿਆਵਾਂ ਨੇੜੇ ਆ ਰਹੀਆਂ ਹਨ, ਅਤੇ ਵਿਦਿਆਰਥੀ ਧਿਆਨ ਕੇਂਦ੍ਰਿਤ ਢੰਗ ਨਾਲ ਵੱਖ-ਵੱਖ ਰਣਨੀਤੀਆਂ ਨਾਲ ਤਿਆਰੀ ਕਰ ਰਹੇ ਹਨ। ਇਹ ਵਿਦਿਆਰਥੀਆਂ ਲਈ ਇੱਕ ਮਹੱਤਵਪੂਰਨ ਸਮਾਂ ਹੈ ਕਿਉਂਕਿ ਉਹਨਾਂ ਨੂੰ ਇੱਕ ਸਖ਼ਤ ਅਧਿਐਨ ਅਨੁਸੂਚੀ ਅਤੇ ਉਮੀਦਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦੋਂ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਇਮਤਿਹਾਨ ਦੀ ਚਿੰਤਾ ਨਾਲ ਸਿੱਝਣ ਵਿੱਚ ਮਦਦ ਕਰਨ ਲਈ ਕਾਉਂਸਲਿੰਗ ਵਿਧੀ ਹੈ, ਇਹ ਮਾਪਿਆਂ ਲਈ ਵੀ ਇੱਕ ਚੁਣੌਤੀਪੂਰਨ ਸਮਾਂ ਹੈ। ਉਨ੍ਹਾਂ ਨੂੰ ਆਪਣੇ ਬੱਚਿਆਂ ਦਾ ਸਮਰਥਨ ਕਰਨਾ ਚਾਹੀਦਾ ਹੈ ਅਤੇ ਬੋਰਡ ਪ੍ਰੀਖਿਆ ਦੀ ਤਿਆਰੀ ਦੇ ਪੜਾਅ ਦੌਰਾਨ ਉਨ੍ਹਾਂ ਨੂੰ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਜੋ ਬਹੁਤ ਜ਼ਿਆਦਾ ਤਣਾਅ ਨੂੰ ਰੋਕਿਆ ਜਾ ਸਕੇ ਅਤੇ ਉਨ੍ਹਾਂ ਨੂੰ ਪ੍ਰੀਖਿਆ ਵਿੱਚ ਵਧੀਆ ਪ੍ਰਦਰਸ਼ਨ ਕਰਨ ਦੇ ਯੋਗ ਬਣਾਇਆ ਜਾ ਸਕੇ।

ਆਉ ਅਸੀਂ ਵੱਖ-ਵੱਖ ਰਣਨੀਤੀਆਂ ਦੀ ਪੜਚੋਲ ਕਰੀਏ ਜੋ ਮਾਪੇ ਬੋਰਡ ਪ੍ਰੀਖਿਆਵਾਂ ਦੀ ਤਿਆਰੀ ਦੇ ਪੜਾਅ ਦੌਰਾਨ ਆਪਣੇ ਬੱਚੇ ਦੇ ਪ੍ਰੇਰਣਾ ਪੱਧਰ ਨੂੰ ਬਣਾਈ ਰੱਖਣ ਲਈ ਵਰਤ ਸਕਦੇ ਹਨ।

### ਬੱਚਿਆਂ ਨੂੰ ਇਨਾਮ ਦੇਣਾ

ਮਾਪਿਆਂ ਨੂੰ ਬੱਚਿਆਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਣਾ ਚਾਹੀਦਾ ਹੈ, ਉਨ੍ਹਾਂ ਦੀ ਮਿਹਨਤ ਦੀ ਕਦਰ ਕਰਨੀ ਚਾਹੀਦੀ ਹੈ ਅਤੇ ਅਸਫਲਤਾਵਾਂ ਦੌਰਾਨ ਉਨ੍ਹਾਂ ਨੂੰ ਇਨਾਮ ਦੇਣ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ। ਮਾਤਾ-ਪਿਤਾ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਬੱਚੇ ਜਾਣਦੇ ਹਨ ਕਿ ਉਹ ਹਮੇਸ਼ਾ ਉਨ੍ਹਾਂ ਦਾ ਸਮਰਥਨ ਕਰਨ ਲਈ ਮੌਜੂਦ ਹਨ, ਇਹ ਯਕੀਨੀ ਬਣਾਉਂਦੇ ਹੋਏ ਕਿ ਉਹ ਕਦਰ ਅਤੇ ਕਦਰ ਮਹਿਸੂਸ ਕਰਦੇ ਹਨ।

### ਅਧਿਐਨ ਅਨੁਸੂਚੀ ਦੀ ਰਣਨੀਤੀ ਬਣਾਉਣ ਵਿੱਚ ਮਦਦ ਕਰਨਾ

ਵਿਦਿਆਰਥੀ ਅਕਸਰ ਬੋਰਡ ਪ੍ਰੀਖਿਆਵਾਂ ਲਈ ਅਧਿਐਨ ਯੋਜਨਾਵਾਂ ਬਣਾਉਣ ਅਤੇ ਲਾਗੂ ਕਰਨ ਵਿੱਚ ਸੰਘਰਸ਼ ਕਰਦੇ ਹਨ। ਮਾਪੇ ਇੱਕ ਪ੍ਰਭਾਵਸ਼ਾਲੀ ਅਤੇ ਦਿਲਚਸਪ ਸਮਾਂ-ਸਾਰਣੀ ਬਣਾਉਣ ਦੇ ਨਾਲ-ਨਾਲ ਹੋਰ ਗਤੀਵਿਧੀਆਂ ਲਈ ਜਗ੍ਹਾ ਦੀ ਇਜਾਜ਼ਤ ਦੇਣ ਲਈ ਮਾਰਗਦਰਸ਼ਨ ਪ੍ਰਦਾਨ ਕਰਕੇ ਮਦਦ ਕਰ ਸਕਦੇ ਹਨ।

### ਬੱਚਿਆਂ ਨਾਲ ਰਿਸ਼ਤਾ ਮਜ਼ਬੂਤ ਕਰੋ

ਮਾਪਿਆਂ ਨੂੰ ਸੰਚਾਰ ਚੈਨਲਾਂ ਨੂੰ ਖੁੱਲ੍ਹਾ ਰੱਖਣਾ ਚਾਹੀਦਾ ਹੈ, ਜਿਸ ਨਾਲ ਉਨ੍ਹਾਂ ਦੇ ਬੱਚੇ ਨੂੰ ਹਾਣੀਆਂ ਦੇ ਦਬਾਅ ਸਮੇਤ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਦੀ ਇਜਾਜ਼ਤ ਮਿਲਦੀ ਹੈ। ਉਹਨਾਂ ਨੂੰ ਇੱਕ ਸਹਾਇਕ ਸੁਣਨ ਵਾਲਾ ਹੋਣਾ ਚਾਹੀਦਾ ਹੈ ਅਤੇ ਉਹਨਾਂ ਦੀ ਕਾਰਗੁਜ਼ਾਰੀ ਬਾਰੇ ਲਗਾਤਾਰ ਸਵਾਲ ਕਰਨ ਦੇ ਨਾਲ ਉਹਨਾਂ 'ਤੇ ਦਬਾਅ ਪਾਉਣ ਤੋਂ ਬਚਣਾ ਚਾਹੀਦਾ ਹੈ।

ਬੱਚੇ ਦੇ ਨਾਲ ਇੱਕ ਸਿਹਤਮੰਦ ਰਿਸ਼ਤਾ ਬਣਾਉਣ ਵਿੱਚ ਸਿਹਤਮੰਦ ਗੱਲਬਾਤ ਰਾਹੀਂ ਉਹਨਾਂ 'ਤੇ ਭਰੋਸਾ ਕਰਨਾ, ਖੇਡਾਂ, ਭੋਜਨ ਅਤੇ ਦੋਸਤਾਂ ਵਰਗੇ ਉਹਨਾਂ ਨੂੰ ਉਤਸ਼ਾਹਿਤ ਕਰਨ ਵਾਲੇ ਵਿਸ਼ਿਆਂ 'ਤੇ ਚਰਚਾ ਕਰਨਾ ਅਤੇ ਇਹ ਯਕੀਨੀ ਬਣਾਉਣਾ ਸ਼ਾਮਲ ਹੈ ਕਿ ਉਹ ਆਪਣੇ ਮਾਪਿਆਂ 'ਤੇ ਭਰੋਸਾ ਕਰ ਸਕਦੇ ਹਨ।

### ਬੇਲੋੜਾ ਦਬਾਅ ਪਾਉਣ ਤੋਂ ਬਚੋ

"ਮਾਪਿਆਂ ਨੂੰ ਵਿਦਿਆਰਥੀਆਂ ਨੂੰ ਪਹਿਲਾਂ ਹੀ ਸਾਹਮਣਾ ਕਰ ਰਹੇ ਦਬਾਅ ਨੂੰ ਪਛਾਣਨਾ ਚਾਹੀਦਾ ਹੈ ਅਤੇ ਉਨ੍ਹਾਂ 'ਤੇ ਬਹੁਤ ਜ਼ਿਆਦਾ ਉਮੀਦਾਂ ਨਾਲ ਬੋਝ ਪਾਉਣ ਤੋਂ ਬਚਣਾ ਚਾਹੀਦਾ ਹੈ। ਉਹਨਾਂ ਨੂੰ ਆਪਣੇ ਬੱਚਿਆਂ ਦੀ ਥੋੜ੍ਹੇ ਸਮੇਂ ਦੇ ਅਤੇ ਲੰਬੇ ਸਮੇਂ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰਨੀ ਚਾਹੀਦੀ ਹੈ ਅਤੇ ਪ੍ਰਗਤੀ ਨੂੰ ਵਧੇਰੇ ਪ੍ਰਬੰਧਨਯੋਗ ਬਣਾਉਣ ਲਈ ਵੱਡੇ ਟੀਚਿਆਂ ਨੂੰ ਛੋਟੇ ਕੰਮਾਂ ਵਿੱਚ ਵੰਡਣਾ ਚਾਹੀਦਾ ਹੈ।"

### ਬੱਚਿਆਂ ਨੂੰ ਉਤਸ਼ਾਹਿਤ ਅਤੇ ਪ੍ਰੇਰਿਤ ਕਰਦੇ ਰਹੋ

ਮਾਤਾ-ਪਿਤਾ ਨੂੰ ਆਪਣੇ ਬੱਚਿਆਂ ਨੂੰ ਅਸਫਲਤਾਵਾਂ ਨੂੰ ਖੁਸ਼ਹਾਲ ਤਰੀਕੇ ਨਾਲ ਸਵੀਕਾਰ ਕਰਨ ਅਤੇ CBSE ਬੋਰਡ ਦੀਆਂ ਪ੍ਰੀਖਿਆਵਾਂ ਲਈ ਸਖ਼ਤ ਮਿਹਨਤ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ, ਕਿਉਂਕਿ ਅਸਫਲਤਾਵਾਂ ਜੀਵਨ ਦਾ ਇੱਕ ਹਿੱਸਾ ਹਨ ਅਤੇ ਉਹਨਾਂ ਨੂੰ ਸਫਲਤਾ ਲਈ ਇੱਕ ਕਦਮ ਪੱਥਰ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਨਾਲ ਹੀ, ਉਹਨਾਂ ਨੂੰ ਆਪਣੇ ਬੱਚਿਆਂ ਦੀ ਪੜ੍ਹਾਈ ਦੇ ਨਿੱਜੀ ਕਾਰਨਾਂ ਨੂੰ ਲੱਭਣ ਵਿੱਚ ਮਦਦ ਕਰਨੀ ਚਾਹੀਦੀ ਹੈ, ਜਿਵੇਂ ਕਿ ਵਿਸ਼ੇ ਵਿੱਚ ਦਿਲਚਸਪੀ ਜਾਂ ਭਵਿੱਖ ਦੇ ਕਰੀਅਰ ਦੀਆਂ ਇੱਛਾਵਾਂ।

### ਦਿਆਲੂ ਹੋਣਾ

ਮਾਪਿਆਂ ਨੂੰ ਬੋਰਡ ਇਮਤਿਹਾਨ ਦੀ ਤਿਆਰੀ ਵਿਚ ਆਪਣੇ ਬੱਚੇ ਦੀ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਇਸ ਗੱਲ 'ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਉਹ ਆਪਣੀ ਮਾਨਸਿਕ ਅਤੇ ਸਰੀਰਕ ਸਿਹਤ ਨਾਲ ਸਮਝੌਤਾ ਕੀਤੇ ਬਿਨਾਂ ਸਫਲਤਾ ਲਈ ਯਤਨ ਕਰਨ ਅਤੇ ਸਖ਼ਤ ਭਾਸ਼ਾ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਨ।

### ਬੋਰਡ ਪ੍ਰੀਖਿਆ ਦੀ ਤਿਆਰੀ ਬਾਰੇ ਚਰਚਾ ਕਰੋ

ਮਾਪਿਆਂ ਨੂੰ ਬੱਚੇ ਦੀ ਤਰੱਕੀ ਬਾਰੇ ਚਰਚਾ ਕਰਨੀ ਚਾਹੀਦੀ ਹੈ ਅਤੇ ਲੋੜ ਪੈਣ 'ਤੇ ਸਹਾਇਤਾ ਦੀ ਪੇਸ਼ਕਸ਼ ਕਰਨੀ ਚਾਹੀਦੀ ਹੈ। ਉਹ ਆਪਣੇ ਬੋਰਡ ਇਮਤਿਹਾਨ ਦੇ ਤਜ਼ਰਬੇ ਅਤੇ ਰਣਨੀਤੀਆਂ ਨੂੰ ਸਾਂਝਾ ਕਰ ਸਕਦੇ ਹਨ, ਪਰ ਉਹਨਾਂ ਨੂੰ ਬੱਚੇ 'ਤੇ ਥੋਪਣ ਤੋਂ ਬਚੋ, ਇਹ ਯਕੀਨੀ ਬਣਾਉਣ ਲਈ ਕਿ ਉਹ ਸਮਝਦੇ ਹਨ ਅਤੇ ਉਹਨਾਂ ਦੇ ਮਾਰਗਦਰਸ਼ਨ ਤੋਂ ਲਾਭ ਪ੍ਰਾਪਤ ਕਰਦੇ ਹਨ।

### ਤੁਲਨਾਵਾਂ ਤੋਂ ਬਚੋ

ਸਭ ਤੋਂ ਮਹੱਤਵਪੂਰਨ, ਮਾਪਿਆਂ ਨੂੰ ਆਪਣੇ ਬੱਚੇ ਦੀ ਤੁਲਨਾ ਆਪਣੇ ਸਾਥੀਆਂ ਜਾਂ ਭੈਣਾਂ-ਭਰਾਵਾਂ ਨਾਲ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਹਨਾਂ ਨੂੰ ਆਪਣੀ ਵਿਲੱਖਣ ਪ੍ਰਤਿਭਾ ਅਤੇ ਪ੍ਰਾਪਤੀਆਂ ਨੂੰ ਉਜਾਗਰ ਕਰਨਾ ਚਾਹੀਦਾ ਹੈ, ਵਿਅਕਤੀਗਤ ਵਿਕਾਸ 'ਤੇ ਜ਼ੋਰ ਦੇਣਾ ਚਾਹੀਦਾ ਹੈ।

ਬੱਚੇ ਦੇ ਨਿੱਜੀ ਵਿਕਾਸ 'ਤੇ ਧਿਆਨ ਕੇਂਦ੍ਰਤ ਕਰਕੇ, ਸਿੱਖਣ ਪ੍ਰਤੀ ਸਕਾਰਾਤਮਕ ਰਵੱਈਏ ਨੂੰ ਵਧਾ ਕੇ, ਅਤੇ ਤੁਲਨਾਵਾਂ ਤੋਂ ਪਰਹੇਜ਼ ਕਰਕੇ, ਮਾਪੇ ਬੋਰਡ ਇਮਤਿਹਾਨਾਂ ਦੌਰਾਨ ਹਾਣੀਆਂ ਦਾ ਬੇਲੋੜਾ ਦਬਾਅ ਬਣਾਏ ਬਿਨਾਂ ਸਹਾਇਤਾ ਪ੍ਰਦਾਨ ਕਰ ਸਕਦੇ ਹਨ।

**- ਵਿਜੈ ਗਰਗ**

# ਮਨਰੇਗਾ ਨੂੰ ਸ਼ਹਿਰੀ ਖੇਤਰਾਂ ਵਿੱਚ ਵੀ ਲਾਗੂ ਕਰਨ ਦੀ ਪੁਰਜ਼ੋਰ ਮੰਗ - ਬਲਦੇਵ ਭਾਰਤੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਮਨਰੇਗਾ ਨੂੰ ਸ਼ਹਿਰੀ ਕੇਦਰਾਂ ਵਿੱਚ ਵੀ ਲਾਗੂ ਕਰਨ ਦੀ ਪੁਰਜੋਰ ਮੰਗ ਨੂੰ ਲੈ ਕੇ ਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ (ਐਨ.ਐਲ.ਓ.) ਲਗਾਤਾਰ ਕਾਰਜਸ਼ੀਲ ਹੈ। ਜੱਥੇਬੰਦੀ ਵਲੋਂ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸ਼ਹਿਰ ਰਾਹੋਂ ਵਿਖੇ ਕੀਤੀ ਗਈ ਇਕ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਐਨ.ਐਲ.ਓ. ਦੇ ਕਨਵੀਨਰ ਬਲਦੇਵ ਭਾਰਤੀ ਨੇ ਦੱਸਿਆ ਕਿ ਦੇਸ਼ ਭਰ ਦੇ ਪੇਂਡੂ ਖੇਤਰਾਂ ਵਿੱਚ ਮਹਾਤਮਾ ਗਾਂਧੀ ਕੌਮੀ ਪੇਂਡੂ ਰੋਜ਼ਗਾਰ ਗ੍ਰੰਟੀ ਕਾਨੂੰਨ-2005 ਤਹਿਤ ਮਨਰੇਗਾ ਔਰਤ/ਪੁਰਸ਼ ਕਿਰਤੀਆਂ ਨੂੰ ਇਕ ਵਿੱਤੀ ਸਾਲ ਦੌਰਾਨ 100 ਦਿਨ ਦਾ ਰੋਜ਼ਗਾਰ ਉਨ੍ਹਾਂ ਦੀ ਮੰਗ ਅਨੁਸਾਰ ਪ੍ਰਦਾਨ ਕਰਨ ਅਤੇ ਰੋਜ਼ਗਾਰ ਨਾ ਮਿਲਣ ਦੀ ਸੂਰਤ ਵਿੱਚ ਬੇਰੁਜ਼ਗਾਰੀ ਭੱਤਾ ਪ੍ਰਦਾਨ ਕਰਨ ਦੀ ਵਿਵਸਥਾ ਹੈ। ਮਨਰੇਗਾ ਤਹਿਤ ਉਸਾਰੀ ਖੇਤਰ ਵਿੱਚ ਇੱਕ ਸਾਲ ਦੌਰਾਨ 90 ਦਿਨ ਮਜ਼ਦੂਰੀ ਕਰਨ ਵਾਲੇ ਕਿਰਤੀ ਪੰਜਾਬ ਉਸਾਰੀ ਕਿਰਤੀ ਭਲਾਈ ਬੋਰਡ ਚੰਡੀਗੜ੍ਹ ਦੀ ਰਜਿਸਟ੍ਰੇਸ਼ਨ ਕਰਵਾ ਕੇ ਬੋਰਡ ਦੀਆਂ ਵਡਮੁੱਲੀਆਂ ਭਲਾਈ ਸਕੀਮਾਂ ਦਾ ਲਾਭ ਲੈ ਸਕਦੇ ਹਨ। ਆਰਥਿਕ ਤੌਰ ਤੇ ਕਮਜ਼ੋਰ ਕਿਰਤੀ ਤਬਕੇ ਲਈ ਇਹ ਇਕ ਵੱਡੀ ਸਮਾਜਿਕ ਸੁਰੱਖਿਆ ਹੈ। ਸ਼ਹਿਰੀ ਖੇਤਰਾਂ ਵਿੱਚੋਂ ਬੇਰੁਜ਼ਗਾਰੀ ਅਤੇ ਗਰੀਬੀ ਨੂੰ ਦੂਰ ਕਰਨ ਲਈ ਮਨਰੇਗਾ ਇਕ ਕਾਰਗਰ ਹਥਿਆਰ ਸਾਬਿਤ ਹੋਵੇਗਾ। ਉਨ੍ਹਾਂ ਕਿਹਾ ਕਿ ਐਨ.ਐਲ.ਓ. ਪੰਜਾਬ ਸਰਕਾਰ ਪਾਸੋਂ ਰਾਜਸਥਾਨ ਸਮੇਤ 6 ਰਾਜਾਂ ਦੀ ਤਰਜ ਤੇ ਪੰਜਾਬ ਵਿੱਚ ਵੀ ਸ਼ਹਿਰੀ ਖੇਤਰਾਂ ਨੂੰ ਮਨਰੇਗਾ ਦੇ ਘੇਰੇ ਵਿੱਚ ਲਿਆਉਣ ਦੀ ਪੁਰਜੋਰ ਮੰਗ ਕਰਦੀ ਹੈ।



# ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਖੇਡ ਕਿੱਟਾਂ ਵੰਡੀਆਂ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)-** ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਹੇਠ ਪੰਜਾਬ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡ ਮੇਲੇ ਕਰਵਾਏ ਜਾ ਰਹੇ ਹਨ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਨਵੀਰ ਕਟਾਰੀਆ ਯੂਥ ਨੇਤਾ ਆਮ ਆਦਮੀ ਪਾਰਟੀ ਨੇ ਯੁਵਕ ਸੇਵਾਵਾਂ ਸਪੋਰਟਸ ਐਂਡ ਵੈਲਫੇਅਰ ਕਲੱਬ ਪਿੰਡ ਕਿਸ਼ਨਪੁਰ ਵਿੱਚ ਨੌਜਵਾਨਾਂ ਨੂੰ ਸਪੋਰਟਸ ਕਿੱਟਾਂ ਵੰਡਣ ਵੇਲੇ ਕੀਤਾ। ਕਰਨਵੀਰ ਕਟਾਰੀਆ ਨੇ ਕਿਹਾ ਕਿ ਹਲਕਾ ਬਲਾਚੌਰ ਵਿੱਚ ਪਹਿਲਾਂ ਵਿਧਾਇਕ ਸੰਤੋਸ਼ ਕਟਾਰੀਆ ਜੀ ਵਲੋਂ ਵੀ ਖੇਡ ਕਿੱਟਾਂ ਵੰਡੀਆਂ ਗਈਆਂ ਸਨ ਤਾਂ ਜੋ ਪਿੰਡਾਂ ਦੇ ਨੌਜਵਾਨ ਖੇਡਾਂ ਪ੍ਰਤੀ ਉਤਸ਼ਾਹਿਤ ਹੋ ਕੇ ਅਪਣੇ ਹਲਕੇ, ਸੂਬਾ ਤੇ ਦੇਸ਼ ਦਾ ਭਵਿੱਖ ਵਿੱਚ ਨਾਮ ਰੋਸ਼ਨ ਕਰ ਸਕਣ। ਇਸ ਦੀ ਜਾਣਕਾਰੀ ਮੀਡੀਆ ਨੂੰ ਦਿੰਦੇ ਹੋਏ ਚੰਦਰ ਮੋਹਨ ਜੇਡੀ ਹਲਕਾ ਬਲਾਚੌਰ ਤੇ ਜਿਲ੍ਹਾ ਮੀਡੀਆ ਇੰਚਾਰਜ ਨੇ ਕਿਹਾ ਕਿ ਤੰਦਰੁਸਤ ਸਰੀਰ ਅੰਦਰ ਹੀ ਤੰਦਰੁਸਤ ਮਨ ਦਾ ਵਾਸ ਹੁੰਦਾ ਹੈ ਤੇ ਜੇਕਰ ਨੌਜਵਾਨ ਤੰਦਰੁਸਤ ਹੋਣਗੇ ਤਾਂ ਦੇਸ਼ ਦੇ ਉੱਜਵਲ ਭਵਿੱਖ ਵਿੱਚ ਯੋਗਦਾਨ ਪਾਉਣਗੇ। ਇਸ ਮੌਕੇ ਪੰਡਿਤ ਨਰੇਸ਼ ਕੁਮਾਰ, ਮਦਨ ਲਾਲ, ਵਿਨੋਦ ਕੁਮਾਰ, ਦੀਪੂ, ਮੋਨੂੰ, ਬਿੰਦੀ, ਅਮਰਜੀਤ, ਬਲਵੀਰ ਸਿੰਘ ਭੰਗੂ ਤੇ ਪਿੰਡ ਦੇ ਨੌਜਵਾਨ ਹਾਜਰ ਸਨ।



# ਉੱਚੇ ਕਿਰਦਾਰ ਦਾ ਅਧਾਰ ਨੇ ਸ਼ੁੱਧ ਵਿਚਾਰ



ਬਲਜਿੰਦਰ ਮਾਨ
91-98150-18947

ਹਰ ਕਿਸੇ ਦੀ ਸਖ਼ਸ਼ੀਅਤ ਦਾ ਪ੍ਰਦਰਸ਼ਨ ਉਸਦੇ ਵਿਚਾਰਾਂ ਤੋਂ ਹੋ ਜਾਂਦਾ ਹੈ। ਕਹਿੰਦੇ ਕੇ ਜਿੰਨਾ ਚਿਰ ਕੋਈ ਵਿਅਕਤੀ ਚੁੱਪ ਬੈਠਾ ਹੈ ਤਾਂ ਉਸ ਬਾਰੇ ਕੋਈ ਸਿੱਟਾ ਨਹੀਂ ਕੱਢਿਆ ਜਾ ਸਕਦਾ। ਜਦੋਂ ਉਸਨੇ ਕੁੱਝ ਸ਼ਬਦ ਬੋਲੇ ਤਾਂ ਉਸ ਬਾਰੇ ਸਭ ਪਰਤਾਂ ਖੁਲ੍ਹਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸ ਲਈ ਸਾਡੇ ਵਿਚਾਰਾਂ ਦਾ ਮਿਆਰ ਅਤੇ ਸ਼ੁੱਧਤਾ ਹਮੇਸ਼ਾ ਬਣੀ ਰਹਿਣੀ ਚਾਹੀਦੀ ਹੈ। ਅਸੀਂ ਹਰ ਰੋਜ਼ ਉਸ ਮਾਲਕ ਪਾਸੋਂ ਉੱਚੀ ਮੱਤ ਦੀ ਮੰਗ ਕਰਦੇ ਹਾਂ। ਇਸ ਸਭ ਕਾਸੇ ਦਾ ਨਿਰਮਾਣ ਮਹਾਂਪੁਰਖਾਂ ਨੇ ਸਾਡੇ ਖਾਣੇ ਵਿੱਚ ਦੱਸਿਆ ਹੈ। ਕਿਉਂਕਿ 'ਜੇਹਾ ਖਾਈਏ ਅੰਨ ਤੇਹਾ ਹਵੇ ਮਨ'। ਸੋ ਸਾਡੇ ਸਰੀਰ ਅੰਦਰ ਜਿਸ ਪ੍ਰਕਾਰ ਦਾ ਭੋਜਨ ਜਾਵੇਗਾ ਸਾਡੀ ਮਾਨਸਿਕਤਾਉਸੇ ਪ੍ਰਕਾਰ ਦੀ ਉਸਰਦੀ ਜਾਂਦੀ ਹੈ। ਗੁਰੂ ਸਹਿਬਾਨ ਨੇ ਕਿਰਤ ਦਾ ਪਾਲਣ ਕਰਨਾ ਸਿਖਾਇਆ ਸੀ। ਜਿਹੜੇ ਆਪਣੀ ਕਿਰਤ ਨੂੰ ਪੂਜਾ ਸਮਝਕੇ ਕਰਦੇ ਹਨ ਉਨ੍ਹਾਂ ਦੁਆਰਾ ਕੀਤੀ ਕਮਾਈ ਵਿਚ ਹਮੇਸ਼ਾ ਬਰਕਤ ਹੁੰਦੀ ਹੈ। ਜਿਹੜੇ ਲਾਲਚਵਸ ਹੋ ਕੇ ਕਿਰਤੀਆਂ ਦੀ ਕਿਰਤ ਤੇ ਹੱਕ ਜੰਮਾਉਂਦੇ ਹਨ। ਉਹਨਾਂ ਦਾ ਮਨ ਅਤੇ ਬੁੱਧੀ ਦੋਨੋਂ ਮਲੀਨ ਹੋ ਜਾਂਦੇ ਹਨ। ਉਹ ਖਾਣਾ ਤਾਂ ਖਾਂਦੇ ਹਨ ਪਰ ਉਸ ਵਿਚੋਂ ਰਸ ਨਹੀਂ ਮਿਲਦਾ। ਇਸ ਕਰਕੇ ਹਰ ਇਨਸਾਨ ਨੂੰ ਸਭ ਤੋਂ ਪਹਿਲਾਂਸੱਚੀ ਸੁੱਚੀ ਕਿਰਤ ਕਰਨੀ ਚਾਹੀਦੀ ਹੈ। ਜਿਸ ਨਾਲ ਉਸਦੇ ਜੀਵਨ ਦਾ ਅਧਾਰ ਪੱਕਾ ਅਤੇ ਨਰੋਆ ਬਣ ਜਾਂਦਾ ਹੈ। ਇਸ ਤਰ੍ਹਾਂ ਉਹ ਕਈਆਂ ਦਾ ਮਾਰਗ ਦਰਸ਼ਕ ਵੀ ਬਣ ਜਾਂਦਾ ਹੈ।

ਇਹ ਵੀ ਤਾਂ ਸੱਚ ਹੀ ਕਿਹਾ ਗਿਆ ਹੈ ਕਿ ਸਾਡਾ ਆਚਾਰ, ਵਿਹਾਰ ਅਤੇ ਕਿਰਦਾਰ ਹਮੇਸ਼ਾ ਸ਼ੁੱਧ ਹੋਣੇ ਚਾਹੀਦੇ ਹਨ। ਇਹਨਾਂ ਗੁਣਾ ਵਾਲਾ ਇਨਸਾਨ ਹਰ ਖੇਤਰ ਵਿਚ ਮਾਣ ਸਨਮਾਨ ਹਾਸਲ ਕਰਦਾ ਹੈ। ਪਰ ਅਜੋਕੇ ਸਮਾਜ ਵਿਚ ਅਸੀਂ ਲਾਲਚ ਦੇ ਅਧੀਨ ਹੋ ਕੇ ਸਭ ਕਾਸੇ ਨੂੰ ਗੁਆ ਦਿੱਤਾ ਹੈ। ਹਰ ਕੋਈ ਦਾਅ ਤੇ ਬੈਠਾ ਹੈ। ਜਿਸਦਾ ਜਿੰਨਾ ਦਾਅ ਲੱਗਦਾ ਹੈ ਲਾਈ ਜਾ ਰਿਹਾ ਹੈ। ਅਸੀਂ ਤਾਂ ਸਾਰਾ ਵਾਤਾਵਰਣ ਹੀ ਗੰਧਲਾ ਕਰ ਦਿੱਤਾ ਹੈ। ਜਿਹੜੀਆਂ ਨਿਆਮਤਾਂ ਕੁਦਰਤ ਨੇ ਸਾਨੂੰ ਬਖਸ਼ੀਆਂ ਸਨ, ਉਹਨਾਂ ਦਾ ਵੀ ਸਤਿਆਨਾਸ ਕਰ ਦਿੱਤਾ। ਧਰਤੀ, ਪਾਣੀ ,ਹਵਾ ਸਾਰੇ ਮਲੀਨ ਹੋਏ ਪਏ ਨੇ।ਮਲੀਨ ਧਰਤੀ ਵਿਚ ਪੈਦਾ ਹੋਣ ਵਾਲਾ ਅਨਾਜ ਸ਼ੁੱਧ ਕਿਵੇਂ ਹੋ ਸਕਦਾ ਹੈ?ਮਨੁੱਖ ਨੇ ਕਦਰ ਕਰਨ ਦਾ ਸਬਕ ਹੀ ਭੁਲਾ ਦਿੱਤਾ ਹੈ। ਸਭ ਦਾ ਆਦਰ ਕਰਨ ਵਿਚ ਸਾਡਾ ਮਾਣ ਹੈ। ਪਰ ਸਾਨੂੰ ਤਾਂ ਆਪੋ ਧਾਪੀ ਵਿਚ ਇਹ ਸਾਰਾ ਕੁੱਝ ਹੀ ਭੁੱਲਿਆ ਹੋਇਆ ਹੈ।

ਸਾਡਾ ਆਲੇ ਦੁਆਲੇ ਨਾਲ ਵਿਹਾਰ ਸ਼ੁੱਧ ਹੋਵੇਗਾ ਤਾਂ ਹੀ ਅਸੀਂ ਉਚੇ ਕਿਰਦਾਰ ਦੇ ਮਾਲਕ ਬਣ ਸਕਦੇ ਹਾਂ। ਹਰ ਕਿਸੇ ਨਾਲ ਲੈਣ ਦੇਣ ਕਰਨ ਵੇਲੇ ਇਮਾਨਦਾਰੀ ਲੜ ਘੁੱਟ ਕੇ ਫੜ ਰੱਖੋ। ਜੇਕਰ ਕਿਸੇ ਨਾਲ ਵਾਅਦਾ ਕੀਤਾ ਹੈ ਤਾਂ ਉਸਨੂੰ ਹਰ ਹਾਲ ਨਿਭਾਓ। ਕਿਸੇ ਨੂੰ ਲਾਰਾ ਲਾ ਕੇ ਉਸਦਾ ਸਮਾਂ ਅਤੇ ਸਾਧਨ ਬਰਬਾਦ ਨਾ ਕਰੋ। ਜਿੰਨੀ ਔਕਾਤ ਹੈ ਉਨੀ ਹੀ ਗੱਲ ਕਰੋ। ਗੱਪਾਂ ਮਾਰ ਕੇ ਆਪਣੇ ਜਾਲ ਵਿਚ ਨਾ ਫਸਾਓ। ਇਹ ਤਾਂ ਅਸੀਂ ਸਾਰੇ ਜਾਣਦੇ ਹੀ ਹਾਂ ਕਿ ਝੂਠ ਦੇ ਪੈਰ ਨਹੀਂ ਹੁੰਦੇ।ਕਦੀ ਵੀ ਮਨ ਵਿਚ ਵੈਰ ਵਿਰੋਧ ਅਤੇ ਈਰਖਾ ਨੂੰ ਪੈਦਾ ਨਾ ਹੋਣ ਦੇਵੋ।ਇਹ ਸਾਰ੍ਹੇ ਔਗੁਣ ਸਾਡੀ ਮੱਤ ਨੂੰ ਮਲੀਨ ਕਰ ਦਿੰਦੇ ਹਨ।ਜਿਸ ਕਰਕੇ ਅਸੀਂ ਸਮਾਜ ਵਿਚ ਆਪਣਾ ਅਕਸ ਖਰਾਬ ਕਰ ਬੈਠਦੇ ਹਾਂ।ਸਭ ਨਾਲ ਮੁਹੱਬਤ ਭਰਿਆ ਰਵਈਆ ਸਾਡੇ ਲਈ ਹਮੇਸ਼ਾਂ ਲਾਭਕਾਰੀ ਸਿੱਧ ਹੋਵੇਗਾ।ਇਹ ਵੀ ਸਚਾਈ ਹੈ ਕਿ ਜਿਹੜਾ ਕੰਮ ਜੋਰ ਨਾਲ ਨਹੀਂ ਹੁੰਦਾ ਉਹ ਕੰਮ ਪਿਆਰ ਸਤਿਕਾਰ ਨਾਲ ਬੜਾ ਸੁਖਾਲਾ ਹੋ ਜਾਂਦਾ ਹੈ। ਜਿਹੜੇ ਸੱਚ ਤੇ ਖੜਦੇ ਹਨ ਉਹੀ ਸਦਾ ਅਗੇਰੇ ਵਧਦੇ ਹਨ।

ਆਮ ਆਦਮੀ ਕਈ ਵਾਰ ਇੰਜ ਵੀ ਸੋਚਦਾ ਹੈ ਕਿ ਸੱਚਾਈ ਵਰਗੇ ਗੁਣ ਸਮਾਜ ਵਿਚ ਟੋਲ਼ਿਆਂ ਵੀ ਨਹੀਂ ਲੱਭਦੇ ਪਰ ਸਾਨੂੰ ਇਹ ਕਦੀ ਨਹੀਂ ਭੁੱਲਣਾ ਚਾਹੀਦਾ ਕੇ ਜੇਕਰ ਸੰਸਾਰ ਚੱਲ ਰਿਹਾ ਹੈ ਤਾਂ ਉਹ ਸਚਾਈ ਅਤੇ ਇਮਾਨਦਾਰੀ ਦੇ ਸਿਰ ਤੇ ਹੀ ਚੱਲ ਰਿਹਾ ਹੈ। ਜਿਸ ਵਿਚ ਸਭ ਤੋਂ ਵੱਡਾ ਯੋਗਦਾਨ ਉਹਨਾਂ ਕਿਰਤੀਆਂ ਦਾ ਹੈ ਜਿਹੜੇ 'ਹੱਕ ਪਰਾਇਆ ਨਾਨਕ ਉਸ ਸੂਆਰ ਉਸ ਗਾਇ' ਦੇ ਸਿਧਾਂਤ ਅਨੁਸਾਰ ਆਪਣਾ ਜੀਵਨ ਗੁਜ਼ਾਰ ਰਹੇ ਹਨ। ਕਿਰਤ ਵਿਚ ਅਨੋਖਾ ਆਨੰਦ ਹੁੰਦਾ ਹੈ ਜੋ ਮਨੁੱਖ ਅੰਦਰ ਨਿਮਰਤਾ, ਹਿੰਮਤ, ਮਿਹਨਤ, ਲਗਨ, ਪਰਉਪਕਾਰ ਅਤੇ ਸਚਾਈ ਵਰਗੇ ਗੁਣਾਂ ਨੂੰ ਉਜਾਗਰ ਕਰਦਾ ਹੈ। ਇਸ ਲਈ ਸਾਨੂੰ ਆਪਣੇ ਕਿਰਦਾਰ ਦੀ ਬੁਲੰਦੀ ਵਾਸਤੇ ਇਹਨਾਂ ਗੁਣਾਂ ਦੇ ਧਾਰਨੀ ਹਰ ਹਾਲ ਬਣਨਾ ਚਾਹੀਦਾ ਹੈ।

ਖਾਣੇ ਵਿਚ ਮਿਲੀਆਂ ਮਿਲਾਵਟਾਂ ਨੇ ਜਿਥੇ ਸਾਨੂੰ ਸਰੀਰਕ ਤੌਰ ਤੇ ਬਿਮਾਰ ਬਣਾਇਆ ਉਥੇ ਕਈ ਪ੍ਰਕਾਰ ਦੀਆਂ ਮਾਨਸਿਕ ਬਿਮਾਰੀਆਂ ਦੇ ਸ਼ਿਕਾਰ ਵੀ ਬਣਾਇਆ ਹੈ। ਲਗਦੀ ਵਾਰ ਸ਼ੁੱਧ ਖਾਣੇ ਖਾਣ ਦੀ ਆਦਤ ਬਣਾਈ ਜਾਵੇ ਜਿਸ ਨਾਲ ਸਾਡੀ ਮਾਨਸਿਕਤਾ ਤਕੜੀ ਰਹਿ ਸਕੇ। ਕਹਿੰਦੇ ਨੇ ਮਨ ਦੇ ਜਿੱਤੇ ਜਿੱਤ ਤੇ ਮਨ ਦੇ ਹਾਰੇ ਹਾਰ ਹੁੰਦੀ ਹੈ। ਸਰੀਰ ਅਤੇ ਮਨ ਦਾ ਸੰਤੁਲਨ ਕਾਇਮ ਰੱਖਣ ਲਈ ਸ਼ੁੱਧ ਵਿਚਾਰਾਂ ਦੇ ਨਾਲ-ਨਾਲ ਸ਼ੁੱਧ ਆਹਾਰ ਦਾ ਹੋਣਾ ਵੀ ਲਾਜ਼ਮੀ ਹੈ। ਸਰਬੱਤ ਦਾ ਭਲਾ ਮੰਗਣਾ ਨਹੀਂ ਸਗੋਂ ਕਰਨਾ ਹੈ। ਕਿਉਂਕਿ ਇਹ ਕਰਮਾ ਸੰਦੜਾ ਖੇਤ ਹੈ ਜਿਥੇ ਜੋ ਬੀਜਿਆ ਜਾਂਦਾ ਹੈ ਉਹੀ ਫਲ ਮਿਲਦਾ ਹੈ। ਭਾਵ ਅੰਬ ਬੀਜਣ ਵਾਲੇ ਨੂੰ ਸੰਧੂਰੀ ਰੰਗ ਦੇ ਮਹਿਕਦੇ ਰਸੀਲੇ ਫਲ ਅਤੇ ਕਿੱਕਰ ਬੀਜਣ ਵਾਲੇ ਵਾਸਤੇ ਕੰਡੇ ਤਿਆਰ ਰਹਿੰਦੇ ਹਨ।

ਜਿਸ ਕਿਸੇ ਨਾਲ ਵੀ ਸਾਡਾ ਵਾਹ ਪੈਂਦਾ ਹੈ ਉਹ ਇਸ ਤਰ੍ਹਾਂ ਮਹਿਸੂਸ ਕਰੇ ਕਿ ਇਸ ਇਨਸਾਨ ਨੂੰ ਮੈਂ ਵਾਰ-ਵਾਰ ਮਿਲਣਾ ਹੈ। ਭਾਵ ਉਹ ਤਹਾਡੇ ਮਿੱਤਰ ਮੰਡਲ ਦਾ ਪੱਕਾ ਮੈਂਬਰ ਬਣ ਜਾਵੇ। ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇਕਰ ਸਾਡਾ ਕਾਰ ਵਿਹਾਰ, ਵਿਚਾਰ ਅਤੇ ਵਪਾਰ ਸ਼ੁੱਧ ਹੋਵੇਗਾ। ਜੇਕਰ ਕਿਸੇ ਨਾਲ ਧੋਖਾ ਕਰਦੇ ਹਾਂ ਤਾਂ ਉਹ ਦੋਬਾਰਾ ਸਾਡੇ ਨੇੜੇ ਨਹੀਂ ਆਉਂਦਾ ਸਗੋਂ ਕਈ ਹੋਰਾਂ ਨੂੰ ਵੀ ਸਾਡੇ ਤੋਂ ਦੂਰ ਕਰ ਦਿੰਦਾ ਹੈ। ਚੰਗੇਰਾ ਜੀਵਨ ਜਿਊਣ ਵਾਸਤੇ ਸਾਡੇ ਅੰਦਰ ਸਭ ਲਈ ਸਨਮਾਨ ਅਤੇ ਸਭ ਲਈ ਸ਼ਾਬਾਸ਼ ਦੇ ਕੜਕਵੇਂ ਸ਼ਬਦ ਹੋਣੇ ਚਾਹੀਦੇ ਹਨ। ਕਿਸੇ ਦਾ ਸਨਮਾਨ ਕਰਨ ਵੇਲੇ ਜਾਂ ਕਿਸੇ ਨੂੰ ਸ਼ਾਬਾਸ਼ ਦੇਣ ਵੇਲੇ ਨਰੋਏ ਸ਼ਬਦਾਂ ਦੀ ਵਰਤੋਂ ਵਿਚ ਕੰਜੂਸੀ ਨਹੀਂ ਕਰਨੀ ਚਾਹੀਦੀ। ਦਰਿਆ ਦਿਲ ਨਾਲ ਸਭ ਦੇ ਭਲੇ ਵਾਸਤੇ ਆਪਣੀ ਸਮਰੱਥਾ ਅਨੁਸਾਰ ਕਾਰਜ ਕਰਦੇ ਰਹਿਣਾ ਚਾਹੀਦਾ ਹੈ। ਜਿਹੜੇ ਕੰਮ ਲਈ ਆਤਮਾ ਰੋਕਦੀ ਹੈ ਸਮਝੋ ਉਹ ਕੰਮ ਸਹੀ ਨਹੀਂ ਹੈ। ਇਸ ਲਈ ਮਨ ਮਰਜੀ ਕਰਨ ਦੀ ਬਜਾਏ ਆਪਣੀ ਆਤਮਾ ਦੀ ਸੁਣਕੇ ਅੱਗੇ ਵਧਦੇ ਜਾਵੋ। ਸਾਡੇ ਸ਼ੁੱਭ ਜਾਂ ਸ਼ੁੱਧ ਵਿਚਾਰ ਅਤੇ ਵਿਹਾਰ ਦੀ ਸਾਡੇ ਕਿਰਦਾਰ ਨੂੰ ਨਰੋਆ ਅਤੇ ਬੁਲੰਦੀਆਂ ਤੇ ਪਹੁੰਚਾਉਣ ਵਾਲੇ ਅਹਿਮ ਤਤ ਹਨ।

## ਪੁਸਤਕ ਸਮੀਖਿਆ

**ਕੁਦਰਤ ਦਾ ਏ.ਸੀ.**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਕਹਾਣੀਕਾਰ: ਰਘੁਵੀਰ ਸਿੰਘ ਕਲੋਆ**
**ਪ੍ਰਕਾਸ਼ਕ: ਯੂਨੀਸਟਾਰ ਬੁਕਸ ਮੁਹਾਲੀ, ਪੰਨੇ:52, ਮੁੱਲ: 150/-**

ਤਕਨੀਕ ਦਾ ਪਸਾਰਾ ਹੋਣ ਕਰਕੇ ਅਜੋਕੇ ਸਮੇਂ ਦੀ ਬਾਲ ਕਹਾਣੀ ਵਿਚ ਕਈ ਪ੍ਰਕਾਰ ਦੀਆਂ ਜੁਗਤਾਂ ਦਾ ਪ੍ਰਯੋਗ ਕੀਤਾ ਜਾ ਰਿਹਾ ਹੈ। ਬੱਚਿਆਂ ਦੇ ਹੱਥਾਂ ਵਿਚ ਮੋਬਾਇਲ ਫੋਨ ਆ ਗਿਆ ਹੈ। ਇੰਟਰਨੈਟ ਦੀ ਸਹੂਲਤ ਨੇ ਪੂਰੀ ਦੁਨੀਆਂ ਨੂੰ ਮੁੱਠੀ ਵਿਚ ਕਰ ਦਿੱਤਾ ਹੈ। ਇਸ ਕਰਕੇ ਉਹ ਸਧਾਰਣ ਕਹਾਣੀਆਂ ਨਾਲ ਨਹੀਂ ਪਰਚਦੇ। ਉਹ ਹੁਣ ਕੋਰੀ ਸਲੇਟ ਨਹੀਂ ਰਹੇ ਸਗੋਂ ਉਹਨਾਂ ਦੇ ਦਿਲ ਦਿਮਾਗ ਅੰਦਰ ਇਹਨਾਂ ਤਕਨੀਕੀ ਯੰਤਰਾਂ ਨੇ ਬਹੁਤ ਕੁਝ ਅਣਭੋਲ ਮਨ ਵਿਚ ਹੀ ਛਾਪ ਦਿੱਤਾ ਹੈ। ਕਿਹਾ ਜਾ ਸਕਦਾ ਹੈ ਕਿ ਅਜੋਕੇ ਬੱਚੇ ਮਨੁੱਖ ਦੇ ਬਾਪ ਬਣਕੇ ਵਿਚਰ ਰਹੇ ਹਨ। ਅਜਿਹੇ ਹਲਾਤਾਂ ਵਿਚ ਮਾਪਿਆਂ, ਅਧਿਆਪਕਾਂ ਖਾਸ ਕਰ ਲੇਖਕਾਂ ਸਿਰ ਬਹੁਤ ਵੱਡੀ ਜਿੰਮੇਵਾਰੀ ਆ ਪਈ ਹੈ। ਬਾਲ ਮਨ ਨੂੰ ਟਟੋਲਣ ਅਤੇ ਤਰਾਸ਼ਣ ਵਾਸਤੇ ਕਹਾਣੀਕਾਰ ਕੋਲ ਕਲਾ ਦਾ ਹੀ ਨਹੀਂ ਸਗੋਂ ਕਈ ਕਲਾਵਾਂ ਦਾ ਸੰਗਮ ਹੋਣਾ ਚਾਹੀਦਾ ਹੈ। ਜਿਸਦੀ ਵਰਤੋਂ ਨਾਲ ਉਹ ਅਜੋਕੇ ਸਮੇਂ ਦੇ ਬਾਲਾਂ ਨੂੰ ਤ੍ਰਿਪਤ ਕਰਨ ਵਾਲੀ ਕਹਾਣੀ ਦੀ ਸਿਰਜਣਾ ਕਰ ਸਕੇ। ਇਹ ਸਾਰੇ ਗੁਣ ਬਾਲ ਕਹਾਣੀ ਲੇਖਕ ਰਘੁਵੀਰ ਸਿੰਘ ਕਲੋਆ ਦੇ ਕਹਾਣੀ ਸੰਗ੍ਰਹਿ 'ਕੁਦਰਤ ਦਾ 'ਏ.ਸੀ.' ਵਿਚ ਮੌਜੂਦ ਹਨ।




ਉਹ ਸਾਇੰਸ ਦਾ ਅਧਿਆਪਕ ਹੋਣ ਕਰਕੇ ਹਰ ਵਿਚਾਰ ਨੂੰ ਵਿਗਿਆਨ ਦੀ ਸਾਣ ਤੇ ਪਹਿਲਾਂ ਪਰਖਦਾ ਹੈ ਤੇ ਫਿਰ ਸ਼ਬਦੀ ਦੀ ਜਾਮਾ ਪਹਿਨਾਉਂਦਾ ਹੈ। ਉਸ ਕੋਲ ਠੇਠ ਬੋਲੀ ਦੇ ਸ਼ਬਦਾਂ ਦਾ ਭੰਡਾਰ ਹੈ, ਜਿਨ੍ਹਾਂ ਦੀ ਵਰਤੋਂ ਨਾਲ ਆਪਣੀ ਭਾਸ਼ਾ ਨੂੰ ਰਸੀਲੀ ਅਤੇ ਫੁਰਤੀਲੀ ਬਨਾਉਣ ਵਿਚ ਸਫ਼ਓਮਪ;ਲ ਹੋ ਜਾਂਦਾ ਹੈ। ਕਹਾਣੀ ਨੂੰ ਬਹੁਤਾ ਵਿਸਥਾਰ ਨਹੀਂ ਦਿੰਦਾ ਜਿਸ ਕਰਕੇ ਇਹ ਕਹਾਣੀਆਂ ਮਿੰਨੀ ਕਹਾਣੀ ਵਾਂਗ ਝੱਟ ਦੁਖਦੀ ਰਗ ਨੂੰ ਫੜਨ ਵਿਚ ਸਫ਼ਲ ਹੁੰਦੀਆਂ ਹਨ। ਹਰ ਲੇਖਕ ਦਾ ਮਨੋਰਥ ਬਾਲ ਜੀਵਨ ਨੂੰ ਸ਼ਿੰਗਾਰਨਾ ਤੇ ਸੁਆਰਨਾ ਹੁੰਦਾ ਹੈ। ਜਿਸ ਵਾਸਤੇ ਰਚਨਾਵਾਂ ਰਚੀਆਂ ਜਾਂਦੀਆਂ ਹਨ। ਕਲੋਆ ਹੁਣ ਤਕ ਅੱਧੀ ਦਰਜਨ ਤੋਂ ਵੱਧ ਪੁਸਤਕਾਂ ਨਾਲ ਬਾਲ ਸਾਹਿਤ ਦੀ ਝੋਲੀ ਨੂੰ ਭਰ ਚੁੱਕਾ ਹੈ। ਉਸਦੀ ਪਹਿਲੀ ਪੁਸਤਕ 'ਬਾਤਾਂ ਬੀਤੇ ਪਿੰਡ ਦੀਆਂ' ਮੌਕੇ ਉਸਨੂਮ ਮੇਰੇ ਵਲੋਂ ਬਾਲ ਸਾਹਿਤ ਦੀ ਸਿਰਜਣਾ ਦਾ ਦਿੱਤਾ ਸੁਝਾਅ ਐਨਾ ਕੰਮ ਆਇਆ ਕਿ ਉਹ ਇਸ ਖੇਤਰ ਵਿਚ ਸ਼ਾਨਦਾਰ ਪੈੜਾਂ ਦੀ ਸਿਰਜਣਾ ਕਰਨ ਲੱਗ ਪਿਆ।

ਅਖ਼ਬਾਰਾਂ ਰਸਾਲਿਆਂ ਵਾਲੇ ਉਸਦੀਆਂ ਇਹਨਾਂ ਕਹਾਣੀਆਂ ਨੂੰ ਇਸ ਕਰਕੇ ਪਹਿਲ ਦੇ ਅਧਾਰ ਤੇ ਛਾਪਦੇ ਹਨ ਕਿਹ ਇਹਨਾਂ ਦੇ ਰੰਗ ਅਤੇ ਵੰਨ-ਸੁਵੰਨਤਾ ਹਰ ਕਿਸੇ ਨੂੰ ਚੰਗੀ ਲੱਗਦੀ ਹੈ। ਉਹ ਬੱਚਿਆਂ ਲਈ ਬਾਲ ਕਹਾਣੀਆਂ ਅਤੇ ਕਾਵਿ ਕਹਾਣੀਆਂ ਦੀ ਸਿਰਜਣਾ ਵੀ ਕਰ ਚੁੱਕਾ ਹੈ। ਪਾਠਕਾਂ ਨੇ ਉਸਦੀਆਂ ਪੁਸਤਕਾਂ 'ਅਸਲ ਖਜ਼ਾਨਾ, ਮੱਛੀਆਂ, ਕਾਵ ਰੈ.ਲੀ, ਗੋਗਲਿਆ ਦਾ ਮੀਂਹ ਅਤੇ ਅਨੋਖਾ ਸਨਮਾਨ' ਨੂੰ ਭਰਪੂਰ ਹੁੰਗਾਰਾ ਦਿੱਤਾ ਹੈ। ਇਹਨਾਂ ਸਦਕਾ ਉਹ ਮਾਤਾ ਭਜਨ ਕੌਰ ਨਿੱਕੀਆਂ ਕਰੂੰਬਲਾਂ ਪੁਰਸਕਾਰ ਤੋਂ ਇਲਾਵਾ ਹੋਰ ਕਈ ਸੰਸਥਾਵਾਂ ਤੋਂ ਸਨਮਾਨਿਤ ਹੋ ਚੁੱਕਾ ਹੈ। ਇਕ ਆਦਰਸ਼ ਅਧਿਆਪਕ ਦੇ ਨਾਲ ਬੱਚਿਆ ਦਾ ਚਹੇਤਾ ਸਾਹਿਤਕਾਰ ਬਣਨ ਵਿਚ ਵੀ ਸਫ਼ਓਮਪ;ਲ ਹੋਇਆ ਹੈ।

ਉਸਦੀ ਹਰ ਕਹਾਣੀ ਵਿਚੋਂ ਭਵਿੱਖ ਦੇ ਰਾਹਾਂ ਨੂੰ ਰੁਸ਼ਨਾਉਣ ਵਾਲੀਆਂ ਕਿਰਨਾਂ ਮਿਲਦੀਆਂ ਹਨ। ਇਹਨਾਂ ਨਿੱਕੀਆਂ ਕਹਾਣੀਆਂ ਵਿਚ ਵੱਡੇ ਸੁਪਨੇ ਸੰਜੋਏ ਗਏ ਹਨ। ਇਹਨਾਂ ਦੇ ਸੁਨੇਹੇ ਬਾਲ ਮਨ ਦੀਆਂ ਗਹਿਰਾਈਆਂ ਤਕ ਪੁੱਜਕੇ ਉਹਨਾਂ ਦਾ ਮਾਰਗ ਦਰਸ਼ਨ ਕਰਦੇ ਹਨ। ਸਬਰ ਸੰਤੋਖ ਦਾ ਜੀਵਨ, ਸਭ ਨਾਲ ਬਰਾਬਰ ਵਿਹਾਰ, ਨਿਮਰਤਾ, ਆਦਰ, ਮਿਹਨਤ, ਮੋਹ ਪਿਆਰ, ਬਹਾਦਰੀ, ਵੇਲ ਬੂਟੇ, ਪੰਛੀ ਅਤੇ ਜਾਨਵਰ, ਮਹਾਨਤਾ, ਨਿਵੇਕਲੇ ਗੁਣ ਅਤੇ ਕੁਦਰਤ ਨਾਲ ਪਿਆਰ ਆਦਿ ਵਿਸ਼ਿਆਂ ਨੂੰ ਇਸ ਪੁਸਤਕ ਵਿਚ ਚੇਤੰਨ ਵਾਰਤਾਲਾਪ ਸਮੇਤ ਬਿਰਤਾਂਤ ਸਿਰਜੇ ਹਨ। ਰੰਗਦਾਰ ਪੁਸਤਕ ਨੂੰ ਕੰਪਿਊਟਰ ਚਿੱਤਰਾਂ ਨਾਲ ਸ਼ਿੰਗਾਰਿਆ ਗਿਆ ਹੈ।ਭਾਵੇਂ ਲੇਖਕ ਨੇ ਪੁਰਾਣੇ ਸਮੇਂ ਨੂੰ ਪੇਸ਼ ਕਰਨ ਦਾ ਭਰਪੂਰ ਯਤਨ ਕੀਤਾ ਹੈ ਪਰ ਅਜ ਅਧੁਨਿਕ ਸਮੇਂ ਦੇ ਵਰਤਾਰਿਆਂ ਨੂੰ ਹੋਰ ਮਨੋਵਿਗਿਆਨ ਢੰਗ ਨਾਲ ਪੇਸ਼ ਕਰਨ ਦੀ ਲੋੜ ਹੈ। ਬੱਚਿਆਂ ਲਈ ਇਹ ਪੁਸਤਕ ਕਿਸੇ ਸੌਗਾਤ ਤੋਂ ਘੱਟ ਨਹੀਂ।

## .ਗ਼ਜ਼ਲ

ਨਿੱਤ ਸ਼ੈਲਫੀਆਂ ਲੈਂਦਾ ਏ ਚੰਨ ਨਾਲ ਤਾਰਿਆਂ ਦੇ।
ਰੱਬੀ ਰੂਹਾਂ ਭਰਨ ਗਵਾਹੀ ਬਹਿ ਕੇ ਨਾਲ ਢਾਰਿਆਂ ਦੇ।

ਕਰਨ ਇਸ਼ਾਰੇ ਕਿਰਨਾਂ ਜਦ ਦਰਿਆ ਦੇ ਪਾਣੀ ਨੂੰ,
ਖਹਿ-ਖਹਿ ਕੇ ਫਿਰ ਲੰਘਦੀਆਂ ਲਹਿਰਾਂ ਨਾਲ ਕਿਨਾਰਿਆਂ ਦੇ।

ਜਦ ਕੋਈ ਤਾਰਾ ਟੁੱਟ ਕੇ ਆਪਣਾ ਰੋਸ ਵਿਖਾਉਂਦਾ ਏ,
ਅੰਬਰ ਬੈਠਾ ਦਿਸਦਾ ਏ ਫਿਰ ਵਾਂਗ ਉਧਾਰਿਆਂ ਦੇ।

ਰਾਤ ਨੇ ਆਢਾ ਲਾਇਆ ਹੋਇਆ ਨਾਲ ਜੁਗਨੂੰ ਦੇ,
ਕੌਣ ਕੇਹਦੇ ਨਾਲ ਭੇਦ ਤਪੱਸਵੀ ਦੱਸਦਾ ਸਾਰਿਆਂ।

ਦਿਨ ਦੀ ਕਾਰ ਕਰਦਿਆਂ ਪੰਛੀਆਂ ਖੰਭ ਸਮੇਟ ਲਏ,
ਸਾਹਾਂ ਨੂੰ ਅੰਬਰੀ ਭਟਕਦੇ ਤੱਕਿਆ ਵਿਚ ਗੁਬਾਰਿਆਂ ਦੇ।

ਕੁਝ ਖੜੇ ਕੁਝ ਝੁਕ ਗਏ ਛਾਵਾਂ ਖੈਰ ਮਨਾਉਂਦੀਆਂ ਨੇ,
ਕਈਆਂ ਦਾ ਮੱਥਾ ਲੱਗ ਚੁੱਕਿਆ ਏ ਨਾਲ ਆਰਿਆਂ ਦੇ।



ਮਲਕੀਤ ਜੌੜਾ
91-98725-34278

## 'ਏਕਲੱਵਯਾ ਬਨਾਮ ਦਰੋਣਾਚਾਰੀਆ'

ਜੰਗਲਾਂ 'ਚ ਰਹਿਣ ਵਾਲੇ ਆਦਿ ਵਾਸੀ 'ਭੀਲ਼'
ਹੁੰਦੇ ਖ਼ਾਨਦਾਨੀ ਤੀਰ-ਅੰਦਾਜ਼ ਮੇਰੇ ਦੋਸਤੋ।

ਥੋੜੀ ਉਮਰੇ ਇਹਨਾਂ ਦੇ ਬੱਚੇ ਸਿੱਖ ਜਾਂਦੇ,
ਤੀਰ-ਅੰਦਾਜੀ ਵਾਲੇ ਸਾਰੇ 'ਰਾਜ਼' ਮੇਰੇ ਦੋਸਤੋ।

'ਏਕਲੱਵਯਾ' ਵੀ ਸੀ ਇਹਨਾਂ ਦਾ ਹੀ ਮੁੰਡਾ,
ਜੀਹਦੀ ਤੀਰ-ਅੰਦਾਜੀ ਤੇ ਸੀ ਨਾਜ਼ ਮੇਰੇ ਦੋਸਤੋ।

ਜੋ ਸ਼ੂਦਰਾਂ ਦੇ ਪਰਛਾਵਿਆਂ ਤੋਂ ਭਿੱਟੇ ਜਾਂਦੇ,
ਕਿਉਂ ਉਹਦੇ ਅੱਗੇ ਕਰੂ ਫਰਿਆਦ ਮੇਰੇ ਦੋਸਤੋ ?

'ਏਕਲੱਵਯਾ' ਦਰੋਣਾਚਾਰੀਆ ਨੂੰ ਕਿਉਂ ਦਿਉ ਅਗੂੰਠਾ?
ਇਹਦੇ ਪੁਰਖਿਆਂ ਦੇ ਵਿੱਚ ਕੀ ਸੀ ਘਾਟ ਮੇਰੇ ਦੋਸਤੋ ?

'ਦੱਕਸਣਾਂ' 'ਚ 'ਅਗੂੰਠੇ' ਵਾਲੀ ਲੱਗੇ ਝੂਠ ਕਹਾਣੀ,
ਵੇਖਿਆ ਜਾਵੇ ਤਰਕ ਦੇ ਲਿਹਾਜ਼ ਮੇਰੇ ਦੋਸਤੋ।



- ਮੇਜਰ ਸਿੰਘ ਬੁਢਲਾਡਾ
94176 42327

## ਮਿੰਨੀ ਕਹਾਣੀਆਂ

ਲੇਖਕ - ਮੇਜਰ ਸਿੰਘ ਨਾਭਾ

### ਟੁੱਟੀ ਪੁਲੀ ਦੀ ਮੁਰੰਮਤ

ਸੜਕ ਤੋਂ ਮੁਹੱਲੇ ਨੂੰ ਜਾਣ ਲਈ ਗਲੀ ਉੱਪਰ ਮੁੱਢ ਹੀ ਪੁਲੀ ਲਾਈ ਹੋਈ ਸੀ ਜੋ ਤਕਰੀਬਨ ਟੁੱਟੀ ਹੀ ਰਹਿੰਦੀ ਸੀ। ਮਿਉਂਸਪਲ ਕਮੇਟੀ ਦੀਆਂ ਚੋਣਾਂ ਸਿਰ'ਤੇ ਆ ਗਈਆਂ। ਪੁਲੀ ਉਪਰ, ਵੱਖੋ ਵੱਖਰੇ ਉਮੀਦਵਾਰਾਂ ਨੇ ਵਾਰੀ ਵਾਰੀ ਥੋੜਖ਼ੀ ਮੋਟੀ ਪੋਚਾਪਾਚੀ ਕਰਕੇ ਮੁਹੱਲੇ ਵਾਲਿਆਂ ਨੂੰ ਸੇਵਾ-ਭਾਵਨਾ ਦਿਖਾ ਕੇ, ਆਪਣੇ ਵੱਲ ਖਿੱਚਣ ਦਾਯਤਨ ਜ਼ਰੂਰ ਕੀਤਾ। ਵੋਟਾਂ ਪੈ ਗਈਆਂ। ਪ੍ਰਧਾਨਅਤੇ ਹੋਰ ਅਹੁਦੇਦਾਰ ਚੁਣੇ ਗਏ। ਨਵੀਂ ਬਣੀ ਮਿਉਂਸਪਲ ਕਮੇਟੀ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਬਚਨ ਸਿੰਘ ਪਟਵਾਰੀ ਰਿਟਾਇਰਮੈਂਟ ਦੇ ਨੇੜੇ ਸੀ। ਉਸਦਾਘਰ ਮੁਹੱਲੇ ਵੜਦਿਆਂ ਪੁਲੀ ਦੇ ਨਾਲ ਹੀ ਸੀ। ਪੁਲੀ ਟੁੱਟੀ ਹੋਣ ਕਾਰਨ ਅਕਸਰ ਪਾਣੀ ਗਲੀ ਵਿਚ ਖੜਖ਼ਾ ਰਹਿੰਦਾ ਸੀ। ਪਟਵਾਰੀ ਅਕਸਰ ਹੀ ਦਾਰੂ ਪੀ ਕੇ ਘਰ ਨੂੰ ਆਉਂਦਾ, ਦਾਰੂ ਨਾਲ ਜ਼ਿਆਦਾ ਟੱਲੀ ਹੋਣ ਕਰਕੇ ਪਟਵਾਰੀ ਕਈ ਵਾਰ ਗਲੀ ਵਿਚ ਤਿਲਕ ਕੇ ਡਿੱਗਿਆ ਸੀ। ਲਿਬੜੇ ਕੱਪੜਿਆਂ ਨਾਲ ਜਦੋਂ ਉਹ ਘਰ ਜਾਂਦਾ ਤਾਂ ਪਟਵਾਰਨ ਦੀਆਂ ਗਾਲਖ਼ਾਂ ਸੁਣਨ ਨੂੰ ਮਿਲਦੀਆਂ।

ਇਕ ਦਿਨ ਪਟਵਾਰੀ ਸਾਹਬ ਖੁੰਦਕ 'ਚ ਆ ਕੇ ਪੁਲੀ ਦੀ ਮੁਰੰਮਤ ਕਰਾਉਣ ਸਬੰਧੀ ਮੁਹੱਲੇ ਵਾਲਿਆਂ ਦੇ ਦਸਖਤ ਕਰਵਾ ਕੇ ਦਰਖਾਸਤ ਮਿਉਂਸਪਲ ਕਮੇਟੀ ਦੇ ਦਫ਼ਤਰ ਦੇਣ ਚਲੇ ਗਏ। ਸੰਬੰਧਤ ਅਧਿਕਾਰੀ ਨੇ ਅੱਗੋਂ ਰਿਕਾਰਡ ਦੇਖ ਕੇ ਦੱਸਿਆ, ਇਸ ਪੁਲੀ ਦੀ ਤਾਂ ਅਸੀਂ ਬਾਰਾਂ ਵਾਰੀ ਇਸ ਸਾਲ ਮੁਰੰਮਤ ਕਰਾ ਦਿੱਤੀ ਹੈ। ਹੁਣ ਆਹ ਅੱਜ ਹੀ ਮਤਾ ਤੇਰਵੀਂ ਵਾਰ ਮੁਰੰਮਤ ਕਰਨ ਦਾ ਪਾ ਦਿੱਤਾ ਹੈ। ਤੁਸੀਂ ਫਿਕਰ ਨਾ ਕਰੋ, ਲਿਆਓ ਦਰਖਾਸਤ ਦੇ ਜਾਓ। ਇਹ ਹੁਣੇ ਮੁਰੰਮਤ ਹੋਜੇਗੀ।''

ਪਟਵਾਰੀ ਸਾਹਿਬ ਇਹ ਸੁਣ ਕੇ, ਆਪਣੇ ਮਹਿਕਮੇ ਦੀ ਲੋਕਾਂ ਵਿਚ ਬਦਨਾਮੀ ਨੂੰ ਨਾਮੋਸ਼ੀ ਨਾਲ ਕੋਸਦੇ ਜਾ ਰਹੇ ਸੀ ਅਤੇ ਮਨ ਹੀ ਮਨ ਵਿਚ ਕਹਿ ਰਹੇ ਸੀ ਕਿ ਅਸੀਂ ਲੋਕ ਤਾਂ ਪਿਛਾਂਹ ਹੀ ਰਹਿ ਗਏ, ਇਹ ਲੋਕ ਤਾਂ ਸਾਡੇ ਨਾਲੋਂ ਕੋਹਾਂ ਦੂਰ ਪਹੁੰਚ ਗਏ।

### ਦੋਗਲੀ ਨੀਤੀ

ਹਰੇਕ ਸਾਲ ਪ੍ਰੀਖਿਆਵਾਂ ਦੇ ਦਿਨਾਂ ਦੌਰਾਨ ਅਧਿਆਪਕ ਯੂਨੀਅਨ ਦਾ ਅਹੁਦੇਦਾਰ ਮਨਜੀਤ ਸਿੰਘ ਨਕਲ ਵਿਰੋਧੀ ਪ੍ਰੈਸ ਨੋਟ ਆਪਣੇ ਨਾਮ ਹੇਠਾਂ ਅਖਬਾਰਾਂ ਨੂੰ ਦਿੰਦਾ ਰਹਿੰਦਾ। ਉਸ ਦਾ ਯੂਨੀਅਨ ਕਰਕੇ ਉੱਚ ਅਧਿਕਾਰੀਆਂ ਤੱਕ ਚੰਗਾ ਅਸਰ-ਰਸੂਖ ਸੀ। ਅਕਸਰ ਹੀ ਹਰੇਕ ਸਾਲ ਉਹ ਪ੍ਰੀਖਿਆ ਦੌਰਾਨ 'ਫਲਾਈਂਗ ਸਕੁਏਡ' ਵਿਚ ਆਪਣੀ ਡਿਊਟੀ ਲਗਵਾ ਹੀ ਲੈਂਦਾ।

ਏਸ ਵਾਰ ਮਨਜੀਤ ਦਾ ਭਤੀਜਾ ਉਸ ਦੇ ਸਕੂਲ ਵਿਚ ਬਣੇ ਪ੍ਰੀਖਿਆ ਕੇਂਦਰ ਵਿਚ ਬੋਰਡ ਦੀ ਪ੍ਰੀਖਿਆ ਦੇ ਰਿਹਾ ਸੀ। ਮਨਜੀਤ ਨੇ ਅੱਜ ਫਲਾਈਂਗ ਡਿਊਟੀ 'ਤੇ ਜਾਣਾ ਸੀ। ਡਿਪਟੀ ਸੁਪਰਡੰਟ ਉਸਦਾ ਖਾਸ ਬੰਦਾ ਸੀ। ਆਪਣੇ ਭਤੀਜੇ ਦਾ ਰੋਲ ਨੰਬਰ ਪਹਿਲਾਂ ਹੀ ਉਸ ਨੇ ਇਕ ਹੁਸ਼ਿਆਰ ਬੱਚੇ ਦੇ ਬਾਅਦ ਲਗਵਾਇਆ ਹੋਇਆ ਸੀ। ਜਾਂਦਾ ਹੋਇਆ ਮਨਜੀਤ ਡਿਪਟੀ ਸੁਪਰਡੰਟ ਦੇ ਕੰਨ ਵਿਚ ਕੁਝ ਕਹਿ ਰਹਿਆ ਸੀ। ਮਨਜੀਤ ਦਾ ਭਤੀਜਾ ਬੇਖੌਫ਼ ਨਕਲ ਕਰ ਰਿਹਾ ਸੀ ਅਤੇ ਡਿਪਟੀ ਸੁਪਰਡੰਟ ਕਬੂਤਰ ਵਾਂਗ ਅੱਖਾਂ ਮੀਟ ਕੇ ਅਣਦੇਖੀ ਕਰੀਂ ਸਮਾਂ ਲੰਘਾ ਰਿਹਾ ਸੀ।

# ਖੇਤੀ ਚਣੌਤੀਆਂ, ਆਰਥਿਕਤਾ ਅਤੇ ਕਿਸਾਨ ਅੰਦੋਲਨ



ਗੁਰਮੀਤ ਪਲਾਹੀ
91-98158-02070

ਖੇਤੀ ਖੇਤਰ ਵਿੱਚ ਮੰਦੀ ਦਾ ਸਿੱਧਾ ਅਸਰ ਕਿਸਾਨਾਂ ਉਤੇ ਪੈਂਦਾ ਹੈ। ਜੇਕਰ ਖੇਤੀ ਖੇਤਰ ਦੀ ਵਿਕਾਸ ਦਰ 'ਚ ਮੰਦੀ ਆਏਗੀ ਤਾਂ ਕਿਸਾਨਾਂ ਦੀ ਆਮਦਨ 'ਚ ਕਮੀ ਆਏਗੀ। ਜਿਸ ਨਾਲ ਉਹਨਾ ਦੀ ਆਰਥਿਕ ਕਮਜ਼ੋਰੀ ਵਧਦੀ ਹੈ।

ਕਿਸਾਨਾਂ ਨੂੰ ਖਾਦ, ਖੇਤੀ ਸੰਦ ਖਰੀਦਣ ਸਮੇਤ ਖੇਤੀ 'ਤੇ ਹੁੰਦੇ ਹੋਰ ਖ਼ਰਚਿਆਂ 'ਤੇ ਨਿਰਭਰ ਹੋਣਾ ਪੈਂਦਾ ਹੈ। ਇਸ ਤੋਂ ਵੀ ਉਤੇ ਕਿਸਾਨਾਂ ਦੀ ਮੰਦੀ ਹਾਲਤ ਉਸ ਵੇਲੇ ਜ਼ਿਆਦਾ ਹੁੰਦੀ ਹੈ ਜਦੋਂ ਉਸਨੂੰ ਮੌਸਮ ਦੀ ਮਾਰ ਪੈਂਦੀ ਹੈ, ਫ਼ਸਲਾਂ ਦੀਆਂ ਕੀਮਤਾਂ ਉਤੇ-ਥੱਲੇ ਹੋ ਜਾਂਦੀਆਂ ਹਨ, ਸਿੱਟੇ ਵਜੋਂ ਕਰਜ਼ੇ ਦਾ ਚੱਕਰ ਹੋਰ ਡੂੰਘਾ ਹੁੰਦਾ ਜਾਂਦਾ ਹੈ।

ਕੇਂਦਰੀ ਵਿੱਤ ਵਜ਼ਾਰਤ ਤੋਂ ਲੋਕ ਸਭਾ ਸੈਸ਼ਨ 'ਚ ਜਦੋਂ ਕਿਸਾਨਾਂ ਦੇ ਕਰਜ਼ੇ ਦਾ ਜਵਾਬ ਕਿਸੇ ਮੈਂਬਰ ਨੇ ਮੰਗਿਆ ਤਾਂ ਜਵਾਬ ਵਿੱਚ ਨਵਾਰਡ ਵਲੋਂ ਉਪਲੱਬਧ ਅੰਕੜੇ ਪੇਸ਼ ਕੀਤੇ ਗਏ। ਜਿਸ ਅਨੁਸਾਰ ਦੇਸ਼ ਦੀਆਂ ਸਾਰੀਆਂ ਤਰ੍ਹਾਂ ਦੀਆਂ ਬੈਂਕਾਂ ਦਾ ਲਗਭਗ 16 ਕਰੋੜ ਕਿਸਾਨਾਂ ਸਿਰ ਇੱਕੀ ਲੱਖ ਕਰੋੜ ਦਾ ਕਰਜ਼ਾ ਹੈ ਅਤੇ ਇਹਨਾ 16 ਕਰੋੜ ਕਿਸਾਨਾਂ ਉਤੇ ਇਸ ਕਰਜ਼ੇ ਨੂੰ ਜੇਕਰ ਵੰਡ ਦੇਈਏ ਤਾਂ ਪ੍ਰਤੀ ਕਿਸਾਨ ਕਰਜ਼ਾ 1.35 ਲੱਖ ਰੁਪਏ ਹੋ ਜਾਂਦਾ ਹੈ।

ਸੂਬਿਆਂ ਦੇ ਕਿਸਾਨਾਂ ਵਿਚੋਂ ਸਭ ਤੋਂ ਵੱਧ ਕਰਜ਼ਾਈ ਰਾਜਸਥਾਨ ਦੇ ਕਿਸਾਨ ਹਨ। ਉਥੋਂ ਦੇ 99.97 ਲੱਖ ਕਿਸਾਨਾਂ ਨੇ ਕਰਜ਼ਾ ਲਿਆ ਹੋਇਆ ਹੈ ਅਤੇ ਕਰਜ਼ੇ ਦੀ ਰਕਮ 1.47 ਲੱਖ ਕਰੋੜ ਤੋਂ ਵੀ ਵਧ ਹੈ। ਉਤਰ ਪ੍ਰਦੇਸ਼ ਦੇ ਕਿਸਾਨ ਵੀ ਘੱਟ ਨਹੀਂ। ਉਥੋਂ ਦੇ 1.51 ਕਰੋੜ ਕਿਸਾਨ ਬੈਂਕਾਂ ਤੋਂ 1.71 ਲੱਖ ਕਰੋੜ ਕਰਜ਼ਾ ਚੁੱਕੀ ਬੈਠੇ ਹਨ। ਗੁਜਰਾਤ ਦੇ 47.51 ਲੱਖ ਕਿਸਾਨਾਂ ਨੇ ਇੱਕ ਲੱਖ ਕਰੋੜ ਤੋਂ ਵਧ ਦਾ ਕਰਜ਼ਾ ਲਿਆ ਹੋਇਆ ਹੈ। ਪੰਜਾਬ, ਹਰਿਆਣਾ ਦੇ ਸੂਬੇ ਭਾਵੇਂ ਛੋਟੇ ਹਨ, ਪਰ ਇਥੋਂ ਦੇ 99 ਪ੍ਰਤੀਸ਼ਤ ਛੋਟੀ -ਵੱਡੀ ਖੇਤੀ ਕਰਨ ਵਾਲੇ ਕਿਸਾਨ ਕਰਜ਼ੇ ਦਾ ਸੰਤਾਪ ਭੋਗ ਰਹੇ ਹਨ।

ਕਿਸਾਨਾਂ ਦੀ ਖੇਤੀ ਖੇਤਰ ਅਤੇ ਦੇਸ਼ ਦੀ ਆਰਥਿਕਤਾ ਮਜ਼ਬੂਤ ਕਰਨ 'ਚ ਵੱਡੀ ਭੂਮਿਕਾ ਹੈ, ਕਿਉਂਕਿ ਖੇਤੀ ਖੇਤਰ ਹੀ ਦੇਸ਼ ਦੀ ਵੱਡੀ ਆਬਾਦੀ ਦੀਆਂ ਖੁਰਾਕੀ ਜ਼ਰੂਰਤਾਂ ਪੂਰੀਆਂ ਕਰ ਸਕਦਾ ਹੈ ਅਤੇ ਉਹ ਦੇਸ਼ 'ਚ ਰੁਜ਼ਗਾਰ ਪੈਦਾ ਕਰਨ ਵਾਲਾ ਇੱਕ ਮਹੱਤਵਪੂਰਨ ਸਰੋਤ ਹੈ।

ਵਿਕਾਸ ਦਰ ਜਦੋਂ ਕਮਜ਼ੋਰ ਹੁੰਦੀ ਹੈ ਤਾਂ ਖੇਤੀ ਅਧਾਰਤ ਹੋਰ ਕੰਮਾਂ ਕਾਰਾਂ 'ਤੇ ਵੀ ਇਸਦਾ ਅਸਰ ਪੈਂਦਾ ਹੈ। ਕਿਸਾਨ ਬੇਰਜ਼ੁਗਾਰ ਹੁੰਦੇ ਹਨ ਜਾਂ ਖੇਤੀ ਮਜ਼ਦੂਰਾਂ ਨੂੰ ਘੱਟ ਕੰਮ ਮਿਲਦਾ ਹੈ। ਖੇਤੀ ਨਾਲ ਅਧਾਰਤ ਵਪਾਰ ਚੌਪਟ ਹੁੰਦਾ ਹੈ।

2004-05 ਵਿੱਚ ਖੇਤੀ, ਪਸ਼ੂ ਪਾਲਣ ਆਦਿ ਦਾ ਕੁਲ ਮਿਲਾਕੇ ਜੀਡੀਪੀ ਵਿੱਚ ਯੋਗਦਾਨ 21 ਫ਼ੀਸਦੀ ਸੀ। ਪਿਛਲੇ 18 ਸਾਲਾਂ ਵਿੱਚ ਘਟਕੇ ਇਹ 16 ਫੀਸਦੀ ਤੱਕ ਸਿਮਟ ਗਿਆ ਹੈ। ਪਰ ਖੇਤਾਂ ਵਿੱਚ ਕੰਮ ਕਰਾ ਰਹੇ ਕਾਮਿਆਂ ਦੀ ਸੰਖਿਆ ਨਹੀਂ ਘਟੀ। ਖੇਤੀ, ਦੇਸ਼ ਵਿੱਚ 55 ਫੀਸਦੀ ਕਾਮਿਆਂ ਨੂੰ ਕੰਮ ਦਿੰਦੀ ਹੈ। ਇਸ ਖੇਤਰ 'ਚ ਲਗਭਗ ਕੁੱਲ 26 ਕਰੋੜ ਲੋਕ ਕੰਮ ਕਰਦੇ ਹਨ। ਜਿਸਦਾ ਅਰਥ ਹੈ ਕਿ ਇਸ ਖੇਤਰ 'ਚ ਲਗਭਗ 55 ਤੋਂ 57 ਫੀਸਦੀ ਆਬਾਦੀ ਖੇਤੀ 'ਤੇ ਅਧਾਰਤ ਹੈ। ਪਰ ਇਸ ਸਰਕਾਰ ਦੀਆਂ ਨੀਤੀਆਂ ਕਾਰਨ ਖੇਤੀ, ਸੰਕਟ ਵਿੱਚ ਹੈ। ਕਿਸਾਨਾਂ ਦੇ ਹਾਲਾਤ ਨਿੱਤ ਵਿਗੜ ਰਹੇ ਹਨ। ਉਹਨਾ ਦੀ ਆਰਥਿਕ ਹਾਲਾਤ ਨਿੱਘਰ ਰਹੇ ਹਨ।

ਮੌਜੂਦਾ ਦੌਰ 'ਚ ਖੇਤੀ ਵੱਡੇ ਸੰਕਟ ਦਾ ਸ਼ਿਕਾਰ ਹੈ। ਕਿਸਾਨਾਂ ਦੀਆਂ ਫ਼ਸਲਾਂ ਦਾ ਭੰਡਾਰਨ ਢਾਂਚਾ ਕਮਜ਼ੋਰ ਹੈ। ਫ਼ਸਲਾਂ ਮੰਡੀਆਂ 'ਚ ਲੈਜਾਣ ਦੇ ਸਾਧਨ ਘੱਟ ਹਨ। ਕਿਸਾਨਾਂ ਦੀਆਂ



ਫ਼ਸਲਾਂ ਦੇ ਸਥਾਨਕ ਵਪਾਰੀ, ਵਿਚੋਲੇ, ਆੜਤੀਏ ਪੂਰੇ ਤਰ੍ਹਾਂ ਸੋਸ਼ਣ ਕਰਦੇ ਹਨ। ਇਸ ਨਾਲ ਕਿਸਾਨਾਂ ਦਾ ਵੱਡਾ ਨੁਕਸਾਨ ਹੁੰਦਾ ਹੈ।

ਕਿਸਾਨ ਦੀ ਫ਼ਸਲ ਦਾ ਉਸਨੂੰ ਮੁੱਲ ਕਿਉਂ ਨਾ ਮਿਲੇ? ਉਸਦੀ ਜਿਸਮਾਨੀ ਮਿਹਨਤ ਉਹਦੇ ਪੱਲੇ ਕਿਉਂ ਨਾ ਪਵੇ? ਸਰਕਾਰਾਂ ਵਲੋਂ ਫ਼ਸਲਾਂ ਖਰੀਦਣ ਜਾਂ ਭੰਡਾਰਨ ਪ੍ਰਬੰਧ ਨਾ ਕਰਨਾ ਕਿਸਾਨਾਂ ਨਾਲ ਸਿੱਧਾ ਧੱਕਾ ਹੈ।

ਦੇਸ਼ 'ਚ ਖੇਤੀ ਖੇਤਰ ਨੂੰ ਕਦੇ ਵੀ ਸਰਕਾਰਾਂ ਵਲੋਂ ਸੰਜੀਦਾ ਧਿਆਨ ਨਹੀਂ ਦਿੱਤਾ ਗਿਆ ਸਗੋਂ ਅੰਤਰਰਾਸ਼ਟਰੀ ਪ੍ਰਭਾਵ 'ਚ ਕਿਸਾਨ ਅਤੇ ਖੇਤੀ ਮਾਰੂ ਨੀਤੀਆਂ ਘੜੀਆਂ ਗਈਆਂ। ਜੇਕਰ ਖੇਤੀ ਖੇਤਰ 'ਚ ਪੈਦਾ ਹੋ ਰਹੀਆਂ ਅਨਿਸ਼ਚਤਾਵਾਂ ਦੂਰ ਕਰਨ ਲਈ ਢੰਗ ਵਰਤੇ ਗਏ ਹੁੰਦੇ। ਸਾਂਝੀ ਖੇਤੀ ਦਾ ਸੰਕਲਪ ਦੇਸ਼ 'ਚ ਲਿਆਂਦਾ ਗਿਆ ਹੁੰਦਾ ਤਾਂ ਫਿਰ ਖੇਤੀ ਖੇਤਰ ਦੇਸ਼ ਦੀ ਜੀਡੀਪੀ ਦਾ ਮੁੱਖ ਅਧਾਰ ਬਣਿਆ ਹੁੰਦਾ। ਦੇਸ਼ ਦਾ ਕਿਸਾਨ ਵੀ ਸੌਖਾ ਹੁੰਦਾ ਅਤੇ ਦੇਸ਼ ਦੇ ਲੋਕਾਂ ਦੀ ਕਾਰਪੋਰੇਟ ਖੇਤਰ ਦੇ ਧੰਨ ਕੁਬੇਰਾਂ ਉਤੇ ਨਿਰਭਰਤਾ ਘੱਟ ਹੁੰਦੀ।

ਦੇਸ਼ ਦੇ ਖੇਤੀ ਖੇਤਰ 'ਚ ਬੇਅੰਤ ਚਣੌਤੀਆਂ ਹਨ। ਸਿੰਚਾਈ ਸੁਵਿਧਾਵਾਂ ਦੀ ਘਾਟ ਹੈ। ਖੇਤੀ ਦੀ ਲਾਗਤ ਅਤੇ ਉਤਪਾਦਨ 'ਚ ਵੱਡਾ ਅੰਤਰ ਹੈ। ਕਿਸਾਨਾਂ ਤੇ ਵਧ ਰਿਹਾ ਕਰਜ਼ਾ ਆਤਮ ਹੱਤਿਆਵਾਂ ਨੂੰ ਸੱਦਾ ਦੇ ਰਿਹਾ ਹੈ। ਜੇਕਰ ਭਾਰਤ ਵਰਗੇ ਦੇਸ਼ ਦੇ ਹਾਕਮ ਦੇਸ਼ ਦੀਆਂ ਆਰਥਿਕ ਜਟੱਲਤਾਵਾਂ ਨੂੰ ਸਮਝਣ ਲਈ ਯਤਨ ਨਹੀਂ ਕਰਨਗੇ। ਮਹੱਤਵਪੂਰਨ ਖੇਤੀ ਖੇਤਰ ਦੀਆਂ ਚਣੌਤੀਆਂ ਨੂੰ ਅੱਖੋ-ਪਰੋਖੇ ਕਰਕੇ ਤੁਰਨਗੇ ਤਾਂ ਦੇਸ਼ ਗਰੀਬੀ, ਭੁੱਖਮਰੀ, ਅਨਪੜ੍ਹਤਾ ਜਿਹੀਆਂ ਅਲਾਮਤਾਂ ਦਾ ਹੋਰ ਵੀ ਵਡੇਰਾ ਸ਼ਿਕਾਰ ਹੋ ਜਾਏਗਾ।

ਕਿਸਾਨਾਂ ਦੀ ਮੰਦੀ ਹਾਲਤ ਦੇ ਮੱਦੇਨਜ਼ਰ, ਪਿਛਲੇ ਸਾਲਾਂ 'ਚੋਂ ਵੱਡੇ ਦੇਸ਼ ਵਿਆਪੀ ਅੰਦੋਲਨ ਹੋਏ। ਸਾਲ 2020 ਵਿੱਚ ਪੰਜਾਬ ਤੋਂ ਉਠਿਆ ਕਿਸਾਨ ਅੰਦੋਲਨ ਵਿਸ਼ਵ ਵਿਆਪੀ ਇੱਕ ਛਾਪ ਛੱਡ ਗਿਆ। ਕਿਸਾਨ ਵਿਰੋਧੀ ਤਿੰਨ ਕਾਨੂੰਨ ਜੋ ਕਿਸਾਨਾਂ ਦੀ ਪ੍ਰੇਸ਼ਾਨੀ ਦਾ ਕਾਰਨ ਬਣ ਸਕਦੇ ਹਨ, ਉਸ ਵਿਰੁੱਧ ਅੰਦੋਲਨ ਛਿੜਿਆ ਅਤੇ ਦੇਸ਼ ਭਰ ਦੇ ਕਿਸਾਨ, ਖੇਤ ਮਜ਼ਦੂਰ, ਕਾਮੇ, ਬੁੱਧੀਜੀਵੀ, ਕੇਂਦਰ ਸਰਕਾਰ ਦੀਆਂ ਕਿਸਾਨ ਵਿਰੋਧੀ ਅਤੇ ਲੋਕ ਮਾਰੂ ਨੀਤੀਆਂ ਦੇ ਵਿਰੋਧ 'ਚ ਖੜੇ ਹੋਏ। ਕਿਸਾਨਾਂ ਨੂੰ ਜਿੱਤ ਪ੍ਰਾਪਤ ਕੀਤੀ। ਮੰਗਾਂ ਸਨ ਕਾਲੇ ਖੇਤੀ ਕਾਨੂੰਨ ਵਾਪਿਸ ਹੋਣ, ਫ਼ਸਲਾਂ ਦੀ ਘੱਟੋ-ਘੱਟ ਮੁੱਲ ਨੀਅਤ ਹੋਵੇ। ਪਰ ਮੌਜੂਦਾ ਸਰਕਾਰ ਦੇ ਵੱਡੇ ਦਾਅਵਿਆਂ ਅਤੇ ਵਾਅਦਿਆਂ ਦੇ ਬਾਵਜੂਦ ਕਿਸਾਨਾਂ ਨੂੰ ਉਹਨਾ ਦੀ ਖੇਤੀ ਤੋਂ ਲਾਭਕਾਰੀ ਮੁੱਲ ਨਹੀਂ ਦਿੱਤਾ ਗਿਆ।

ਇਥੋਂ ਤੱਕ ਕਿ ਉਹਨਾ ਦੀ ਮਿਹਨਤ ਦਾ ਮੁੱਲ ਵੀ ਨਹੀਂ ਮਿਲਦਾ। ਦੇਸ਼ 'ਚ ਹਾਲਾਤ ਇਹ ਹਨ ਕਿ ਖੇਤੀ ਖੇਤਰ ਦੀ ਵਿਕਾਸ ਦਰ 'ਚ ਨਿਰੰਤਰ ਮੰਦੀ, ਪਿਛਲੀਆਂ 18 ਤਿਮਾਹੀਆਂ 'ਚ ਸਭ ਤੋਂ ਨੀਵੇਂ ਪੱਧਰ ਉਤੇ ਹੈ, ਜੋ ਚਿੰਤਾ ਦਾ ਵਿਸ਼ਾ ਹੈ।

ਪੂਰਾ ਇੱਕ ਸਾਲ ਕਿਸਾਨ ਅੰਦੋਲਨ ਚੱਲਿਆ। ਲੋਕ ਸੋਚਦੇ ਸਨ ਕਿ ਜਿਸ ਢੰਗ ਨਾਲ ਲੋਕਾਂ ਨੇ ਰਲ ਮਿਲਕੇ ਸਰਕਾਰ ਨੂੰ ਸਬਕ ਸਿਖਾਇਆ ਹੈ, ਸੁਚੇਤ ਹੋਕੇ ਲੋਕ ਧਰਮ ਅਧਾਰਤ ਰਾਜਨੀਤੀ 'ਚ ਬਦਲਾਅ ਆਏਗਾ। ਵਿਦਿਅਕ ਅਦਾਰਿਆਂ, ਸਿਵਲ ਸੁਸਾਇਟੀ ਵਿੱਚ, ਮੀਡੀਆ ਵਿੱਚ ਇਸ ਦੇ ਸਿੱਟਿਆਂ ਦੀ ਚਰਚਾ ਹੋਏਗੀ। ਇਹ ਅੰਦੋਲਨ ਅੱਗੋਂ ਕਿਸਾਨਾਂ ਦੀ ਦਰਦਸ਼ਾ ਦੂਰ ਕਰਨ ਦਾ ਸਾਧਨ ਬਣੇਗਾ। ਕਿਸਾਨਾਂ ਦੀ ਆਰਥਿਕਤਾ ਸੁਧਰੇਗੀ ਪਰ ਦੋ ਵਰ੍ਹਿਆਂ 'ਚ ਇਸ ਅੰਦੋਲਨ ਦਾ ਪ੍ਰਭਾਵ ਖੇਰੂ-ਖੇਰੂ ਹੋਇਆ ਦਿਸਦਾ ਹੈ। ਇੱਕ ਖਿਲਾਅ ਪੈਦਾ ਹੋ ਗਿਆ ਹੈ। ਕਿਸਾਨ ਜੱਥੇਬੰਦੀਆਂ ਦਾ ਏਕਾ ਕਿਧਰ ਗਿਆ? ਲੋਕਾਂ ਨੂੰ ਦਿੱਤੇ, ਦਿਖਾਏ ਸੁਪਨੇ ਜਿਵੇਂ ਬਿਖ਼ਰ ਹੀ ਗਏ।

ਕਿਸਾਨਾਂ, ਜਿਹਨਾ ਨੂੰ ਕੇਂਦਰ ਦੀ ਸਰਕਾਰ 'ਤੇ ਇਹ ਵਾਅਦਾ ਦੇਕੇ ਘਰਾਂ ਨੂੰ ਦਿੱਲੀ ਦੀਆਂ ਬਰੂਹਾਂ ਤੋਂ ਵਾਪਸ ਤੋਰਿਆ ਸੀ, ਉਹ ਵਾਅਦੇ ਵਫਾ ਨਾ ਹੋਏ, ਫ਼ਸਲਾਂ ਦੀ ਘੱਟੋ-ਘੱਟ ਕੀਮਤ ਕਦੇ ਵੀ ਨੀਅਤ ਨਾ ਹੋਈ। ਹੁਣ ਤਾਂ ਕੋਈ ਕਿਸਾਨਾਂ ਦੀ ਮੰਦੀ, ਭੈੜੀ ਹਾਲਾਤ ਉਤੇ ਕੀਰਨੇ ਵੀ ਨਹੀਂ ਪਾਉਂਦਾ। ਹੁਣ ਤਾਂ ਕਿਸਾਨਾਂ ਤੇ ਮਜ਼ਦੂਰਾਂ 'ਚ ਨਿਰਾਸ਼ਾ ਝਲਕਦੀ ਨਜ਼ਰ ਆਉਂਦੀ ਹੈ।

"ਸਿਆਸਤ ਗੈਰ-ਜ਼ਮਹੂਰੀ ਦਿਸ਼ਾ ਵੱਲ ਵਧ ਰਹੀ ਹੈ। ਲੋਕ ਸਮੂਹਾਂ ਤੋਂ ਸਿਆਸੀ ਚੇਤਨਤਾ ਖੋਹਕੇ ਉਹਨਾ ਦੇ ਮਨਾਂ ਵਿੱਚ ਧਾਰਮਿਕ ਕੱਟੜਤਾ ਤੇ ਸੌੜਾਪਨ ਭਰਿਆ ਜਾ ਰਿਹਾ ਹੈ" ਇੱਕ ਪ੍ਰਸਿੱਧ ਚਿੰਤਕ ਸਵਰਾਜਬੀਰ ਲਿਖਦਾ ਹੈ-" ਅਸਲ 'ਚ ਲੋਕਾਂ ਦੇ ਮਨਾਂ ਵਿੱਚ ਇਹ ਭਾਵਨਾ ਪੈਦਾ ਕਰਨ ਦਾ ਯਤਨ ਹੋ ਰਿਹਾ ਹੈ ਕਿ ਨਿੱਜੀ ਆਰਥਿਕ ਸੁਰੱਖਿਆ ਤੋਂ ਵੱਧ ਇਸ ਦੁਨੀਆ 'ਚ ਹੋਰ ਕੋਈ ਚੀਜ਼ ਨਹੀਂ ਹੈ।"

ਇਹ ਭਾਵਨਾ ਕਿਸਾਨ ਅੰਦੋਲਨ ਤੋਂ ਬਾਅਦ ਕਿਸਾਨ ਜੱਥੇਬੰਦੀਆਂ ਦੇ ਇੱਕ ਮੁੱਠ ਨਾ ਰਹਿ ਸਕਣ ਕਾਰਨ, ਅੰਦੋਲਨ ਦੇ ਪ੍ਰਾਪਤ ਨਤੀਜਿਆਂ 'ਚ ਅਸਫਲਤਾ ਤੋਂ ਬਾਅਦ ਹੋਰ ਵੀ ਪਕੇਰੀ ਹੋ ਗਈ ਹੈ। ਕਿਸਾਨ ਵੀ ਇਸਦਾ ਸ਼ਿਕਾਰ ਹੋਏ ਹਨ। ਉਹ ਕਿਸਾਨ ਜਿਹੜੇ ਦੇਸ਼ ਸੰਵਿਧਾਨ ਦੀ ਰਾਖੀ ਅਤੇ ਸੰਘੀ ਢਾਂਚੇ 'ਤੇ ਹੋ ਰਹੇ ਹਮਲਿਆਂ ਦੀ ਗੱਲ ਕਰਦੇ ਸਨ, ਦੇਸ਼ ਹਾਕਮਾਂ ਨੂੰ ਟਿੱਚ ਕਰਕੇ ਜਾਣਦੇ ਸਨ, ਦਿੱਲੀ ਹਕੂਮਤ ਨਾਲ ਟੱਕਰ ਲੈ ਕੇ ਪੂਰੇ ਜ਼ੋਸ਼ ਵਿੱਚ ਹੋ ਗਏ ਸਨ, ਸਮਾਂ ਬੀਤਣ ਬਾਅਦ ਇਕੱਲੇ-ਇਕੱਹਰੇ ਧੜਿਆਂ 'ਚ ਸਿਮਟਕੇ "ਹਾਕਮਾਂ ਦਾ ਮਨਾਂ ਦਾ ਡਰ" ਨਹੀਂ ਰਹਿ ਗਏ।

ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਮਜ਼ਦੂਰਾਂ, ਕਿਸਾਨਾਂ ਦਾ ਵੱਡਾ ਹਿੱਸਾ ਅਸੰਗਠਿਤ ਹੈ। ਉਹਨਾ ਵਿੱਚ ਸਿਆਸੀ ਚੇਤਨਤਾ ਦੀ ਘਾਟ ਹੈ। ਬਹੁਤੇ ਆਪਣੀਆਂ ਮੰਗਾਂ ਅਤੇ ਹੱਕ ਪ੍ਰਤੀ ਸੁਚੇਤ ਨਹੀਂ ਹਨ। ਮੌਜੂਦਾ ਸਰਕਾਰ ਛੋਟੇ-ਛੋਟੇ ਫਾਇਦੇ ਦੇ ਕੇ ਉਹਨਾ ਨੂੰ ਉਹਨਾ ਦੇ ਅਸਲ ਮੁੱਦਿਆਂ ਤੋਂ ਭਟਕਾ ਰਹੀ ਹੈ।

ਲੋੜ ਇਸ ਵੇਲੇ ਲੋਕ-ਪੱਖੀ ਸਿਆਸਤਦਾਨਾਂ, ਸਮਾਜਿਕ ਕਾਰਕੁੰਨਾਂ, ਕਿਸਾਨ ਮਜ਼ਦੂਰਾਂ ਦੀਆਂ ਜੱਥੇਬੰਦੀਆਂ ਨੂੰ ਇੱਕ ਪਲੇਟਫਾਰਮ ਬਨਾਉਣ ਦੀ ਹੈ। ਵਿਦਵਾਨ, ਪੱਤਰਕਾਰ, ਚਿੰਤਕ, ਆਪਣੀਆਂ ਲਿਖਤਾਂ, ਵਿਚਾਰਾਂ ਨਾਲ ਜਮਹੂਰੀ ਲਹਿਰ ਉਸਾਰਨ ਅਤੇ ਲੋਕ ਹਿੱਤ 'ਚ ਖੜ੍ਹੇ ਹੋਣ ਲਈ ਭੂਮਿਕਾ ਨਿਭਾ ਸਕਦੇ ਹਨ।

# ਆਈ.ਏ.ਪੀ. ਅਤੇ ਪੀ.ਐਮ.ਸੀ. ਨੇ ਜਲੰਧਰ ਵਿਖੇ ਕਰਵਾਈ ਐਨ. ਜੈਡ ਪੇਡੀਕੋਨ-2023 ਕਾਨਫਰੰਸ


**ਫਗਵਾੜਾ 19 ਦਸੰਬਰ (ਬੀ.ਕੇ. ਰੱਤੂ)** ਇੰਡੀਅਨ ਐਸੋਸੀਏਸ਼ਨ ਆਫ ਪੀਡੀਆਟ੍ਰਿਕਸ ਜਲੰਧਰ (ਆਈ.ਏ.ਪੀ.) ਅਤੇ ਪੰਜਾਬ ਮੈਡੀਕਲ ਕੌਂਸਲ (ਪੀ.ਐਮ.ਸੀ.) ਵੱਲੋਂ ਜਲੰਧਰ ਵਿਖੇ ਐਨ।ਜੈਡ-ਪੇਡੀਕੋਨ 2023 ਸਿਰਲੇਖ ਹੇਠ ਇਕ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਡਾ. ਟੀ. ਐਸ. ਰੰਧਾਵਾ ਦੀ ਪ੍ਰਧਾਨਗੀ ਅਤੇ ਉਨ੍ਹਾਂ ਦੀ ਟੀਮ ਦੀ ਦੇਖ-ਰੇਖ ਹੇਠ ਕਰਵਾਈ ਗਈ ਇਸ ਕਾਨਫਰੰਸ ਵਿਚ ਬਾਲ ਰੋਗਾਂ ਦੇ ਮਾਹਿਰ ਡਾ: ਨਿਧੀ, ਡਾ: ਰੋਹਿਤ ਚੋਪੜਾ, ਡਾ: ਟੰਡਨ, ਡਾ: ਜਤਿੰਦਰ, ਡਾ: ਗੁਰਦੇਵ ਚੌਧਰੀ, ਡਾ: ਸੌਰਭ ਉੱਪਲ, ਡਾ. ਗੁਰਦੀਪ, ਡਾ: ਸੁਰਜੀਤ ਮਦਾਨ, ਡਾ: ਪੂਜਾ ਕਪੂਰ, ਡਾ: ਅਨੁਰਾਧਾ ਬਾਂਸਲ, ਡਾ: ਰਚਿਤਾ ਚੋਪੜਾ, ਡਾ: ਸਲੋਨੀ ਬਾਂਸਲ, ਡਾ: ਅੰਜਲੀ ਤੋਂ ਇਲਾਵਾ ਉੱਤਰੀ ਖੇਤਰ, ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਰਾਜਸਥਾਨ ਤੋਂ 250/200 ਦੇ ਕਰੀਬ ਡੈਲੀਗੇਟਾਂ ਨੇ ਭਾਗ ਲਿਆ। ਬੁਲਾਰਿਆਂ ਨੇ ਬਾਲ ਰੋਗਾਂ ਦੇ ਵਿਸ਼ੇ ’ਤੇ ਵਿਸਥਾਰਪੂਰਵਕ ਚਰਚਾ ਕਰਦਿਆਂ ਲਾਹੇਵੰਦ ਟਿਪਸ ਦਿੱਤੇ। ਦਿੱਲੀ ਤੋਂ ਆਏ ਡਾ: ਅਨੁਪਮ ਸਚਦੇਵਾ ਨੇ ਟਾਈਫਾਈਡ ਪ੍ਰਬੰਧਨ, ਮੌਲਾਨਾ ਤੋਂ ਡਾ: ਅਸ਼ਵਨੀ ਸੂਦ ਨੇ ਡੇਂਗੂ ਪ੍ਰਬੰਧਨ ਬਾਰੇ ਦੱਸਿਆ। ਪੀਜੀਆਈ ਤੋਂ ਡਾ: ਕਾਨਿਆ ਮੇਖੋਪਾਧਿਆਏ ਨੇ ਮਨੁੱਖੀ ਦੁੱਧ ਬੈਂਕਿੰਗ ਅਤੇ ਮੈਡੀਕਲ ਵਿਗਿਆਨ ਵਿਚ ਨਵੀਂ ਤਰੱਕੀ ਬਾਰੇ ਵਿਚਾਰ ਪੇਸ਼ ਕੀਤੇ। ਇਸ ਤੋਂ ਇਲਾਵਾ ਡੀ.ਐਮ.ਸੀ. ਲੁਧਿਆਣਾ ਦੇ ਸਾਬਕਾ ਸੁਪਰਡੈਂਟ ਡਾ: ਦਲਜੀਤ ਸਿੰਘ ਨੇ ਵੀ ਅਹਿਮ ਨੁਕਤੇ ਦੱਸੇ।

ਇਸ ਕਾਨਫਰੰਸ ਵਿੱਚ ਦਿੱਲੀ ਚਿਲਡਰਨ ਹਸਪਤਾਲ ਫਗਵਾੜਾ ਤੋਂ ਡਾਕਟਰ ਚਿਮਨ ਅਰੋੜਾ ਨੇ ਫੈਕਲਟੀ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਜਲੰਧਰ ਵਿੱਚ ਇਸ ਕਾਨਫਰੰਸ ਦੀ ਮੇਜ਼ਬਾਨੀ ਕਰਨਾ ਉੱਤਰੀ ਖੇਤਰ ਲਈ ਵੱਡੀ ਪ੍ਰਾਪਤੀ ਹੈ। ਇਸ ਤੋਂ ਇਲਾਵਾ, ਇਹ ਡਾਕਟਰਾਂ ਦੇ ਗਿਆਨ ਨੂੰ ਵਧਾਉਣ ਵਿਚ ਵੀ ਲਾਭਦਾਇਕ ਸਾਬਤ ਹੋਇਆ ਹੈ। ਇਹ ਕਾਨਫਰੰਸ ਪੇਡਿਕਟਸ ਨਾਲ ਜੁੜੀਆਂ ਸਮੱਸਿਆਵਾਂ ਲਈ ਊਰਜਾ ਨੂੰ ਹੁਲਾਰਾ ਦੇਵੇਗੀ।

ਪ੍ਰਬੰਧਕਾਂ ਵੱਲੋਂ ਪਤਵੰਤਿਆਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਵੀ ਕੀਤਾ ਗਿਆ।







# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



### ਕਰਨਵੀਰ ਪੁਰੀ-ਹਰਪ੍ਰੀਤ ਦੀ 'ਕਾਲੀ ਥਾਰ'

ਰੈਪਰ ਹਰਪ੍ਰੀਤ ਚਾਹਲ ਤੇ ਗਾਇਕ ਕਰਨਵੀਰ ਪੁਰੀ ਦੋਹਵੇਂ ਮਿਲੇ ਤਾਂ ਕਦੇ ਲੱਗੇ ਰੈਪਰ ਕਰਨਵੀਰ ਪੁਰੀ ਦੇ ਕਦੇ ਹਰਪ੍ਰੀਤ ਗਜ਼ਬ ਦੀ ਹੈ । ਸਿੱਟਾ ਇਹ ਕਿ ਵੈਸਟਰਨ ਬੀਟ ਰਿਕਾਰਡਜ਼ ਨੇ ਪੁਰੀ ਤੇ ਚਾਹਲ ਦਾ ਗਾਣਾ 'ਕਾਲੀ ਥਾਰ' ਕੀਤਾ ਰਿਲੀਜ਼ ਤੇ ਪਈਆਂ ਧੁੰਮਾਂ । ਇੱਕ ਮਾਲਵੇ ਦਾ ਦੂਜਾ ਰਿਆੜਕੀ ਦਾ ਤੇ ਇਸ ਤਰਾਂ 'ਕਾਲੀ ਥਾਰ' ਨਾਲ ਟਾਊਨ ਬੋਏ ਦੇ ਸੰਗੀਤ ਨਾਲ ਕਰਨਵੀਰ ਪੁਰੀ ਦੇ ਪੂਰੇ ਸਟਾਰ ਕਲਾਕਾਰ ਬਣ ਜਾਣ ਮੌਕੇ ਨਜ਼ਰ ਆ ਰਹੇ ਹਨ। ਬੱਸ ਦੇਖ ਦੇ ਜਾਉ।



### ਦਲੇਰ ਮਹਿਤਾ ਨਾਮ ਯਾਦ ਰੱਖਣਾ

ਬਿਲਕੁਲ ਦਲੇਰ ਮਹਿਤਾ ਅਜਿਹਾ ਐਕਟਰ ਹੈ ਜਿਸਦੇ ਸਟਾਰ ਬਣਨ ਦਾ ਸਾਲ 2024 ਹੋਏਗਾ । ਸੰਗਰਸ਼ ਬਹੁਤ ਕੀਤਾ ਤੇ 'ਮਸੰਦ' ਫ਼ਿਲਮ 'ਰੰਗ ਬਰੰਗੀ' ਸੀਰੀਜ਼ ਨੇ ਚਰਚਾ ਕਰਵਾ ਦਿੱਤੀ ਕਿ ਮੌਕੇ ਦਿਉ ਦਮਦਾਰ ਐਕਟਰ ਦਲੇਰ ਮਹਿਤਾ ਹੈ । ਹੁਣ 'ਲੰਬੜਾਂ ਦਾ ਲਾਣਾ' 'ਆਖ਼ਰੀ ਗਾਉਂ ਤੇ 'ਤਬਾਹੀ ਰੀਲੋਡਿਡ' 'ਚ ਦਲੇਰ ਦੀ ਦਲੇਰ ਐਕਟਿੰਗ ਨਜ਼ਰ ਆਏਗੀ । ਦਲੇਰ ਮਹਿਤਾ ਯਾਰਾਂ ਦਾ ਯਾਰ, ਹਸਮੁੱਖ ਤੇ ਮਿਲਣਸਾਰ ਵਿਅਕਤੀ ਵੀ ਹੈ ਤੇ ਚੰਗਾ ਐਕਟਰ।






### ਰਾਣੋ ਮਾਨ ਕਦੇ ਰਾਣੀ ਸੀ

ਖ਼ੈਰ ਰਾਣੀ ਤਾਂ ਆਪਣੇ ਵਿਦੇਸ਼ 'ਚ ਮਹਿਲਾਂ ਦੀ ਹੁਣ ਵੀ ਰਾਣੋ ਮਾਨ ਹੈ ਪਰ ਕਦੇ ਸੁਰਜੀਤ ਬਿੰਦਰਖੀਆਂ ਦੇ ਵੀਡਿਉ ਗਾਣੇ 'ਚ ਰਾਣੀ ਹੀ ਲੱਗਦੀ ਸੀ । ਸੈਂਕੜੇ ਗੀਤਾਂ ਦੀ ਰਾਣੀ ਰਾਣੋ ਮਾਨ ਨੇ ਪੰਜਾਬੀ ਫ਼ਿਲਮਾਂ ਦੀ 'ਰਾਣੋ ਅਭਿਨੇਤਰੀ ਹੋਣ ਦਾ ਮਾਣ ਵੀ ਹਾਸਿਲ ਕੀਤਾ । ਦਿਲਜੀਤ ਕੌਰ ਵੀ ਰਾਣੀ ਤੇ ਰਾਣੋ ਵੀ ਹੁਸਨ ਦੀ ਰਾਣੀ ਪਰਦੇ ਤੇ ਬੱਲੇ-ਬੱਲੇ ਹੁੰਦੀ ਸੀ।





### ਅਮਰ ਨੂਰੀ ਦਾ ਨੂਰ

ਜਦ ਦਿਦਾਰ ਸੰਧੂ ਨਾਲ ਗਾਉਣ ਲੱਗੀ ਨਿਰੀ 'ਪਟੋਲਾ' ਲੱਗਦੀ ਸੀ ਤੇ ਸਰਦੂਲ ਸਿਕੰਦਰ ਨਾਲ ਗਾਇਕੀ ਤੇ ਜੀਵਨ ਦੀ ਜੋੜੀਦਾਰ ਬਣ ਨੂਰੀ ਦੇ ਚਿਹਰੇ ਤੇ ਨੂਰ ਇਹ ਉਸਦੀ ਤਸਵੀਰ ਗਵਾਹ ਹੈ । ਵੇਖਿਆ ਹੀ ਬਣਦਾ ਸੀ। ਹੁਣ ਸਮਾਂ ਅਲਾਪ ਤੇ ਸਾਰੰਗ ਸਿਕੰਦਰ ਦਾ ਕੈਰੀਅਰ ਬਣਦਾ ਦੇਖ ਨੂਰੀ ਦਾ ਨੂਰ ਦੇਖਣ ਵਾਲਾ ਬਣਾਏਗਾ। ਚਾਹੇ 'ਨੂਰ' ਤਾਂ 'ਸਿਕੰਦਰ' ਦੇ ਜਾਣ ਨਾਲ ਮਨ ਨੂੰ ਨਾਂ ਭਾਉਂਦਾ ਹੋਏ ਪਰ 'ਪਿੰਡ ਅਮਰੀਕਾ' ਦੇਖੋ ਲੱਗੇਗਾ ਕਿ ਅਮਰ ਨੂਰੀ ਦਾ 'ਨੂਰ' 'ਅਮਰ' ਹੀ ਰਹੇਗਾ।

### ਯੋਗਰਾਜ ਸਿੰਘ ਦਾ ਰਾਜਾ ਬੇਟਾ ਯੁਵਰਾਜ

ਔਲਾਦ ਸਾਰੀ ਇੱਕੋ ਜਿਹੀ ਪਿਆਰੀ ਏ ਯੋਗਰਾਜ ਸਿੰਘ ਨੂੰ ਪਰ ਦੁਨੀਆਂ ਦਾਰੀ ਵੱਲ ਜਾਈਏ ਤਾਂ 'ਕਈਆਂ' ਦੀ ਹਿੱਕ ਤੇ ਮੂੰਗ ਉਸਦੇ ਕ੍ਰਿਕਟਰ ਪੁੱਤਰ ਯੁਵਰਾਜ ਸਿੰਘ ਨੇ ਦਲਿਆ ਹੈ। ਕੀ ਹੋਇਆ ਯੋਗਰਾਜ ਸਿੰਘ ਨੂੰ ਅੰਤਰਰਾਸ਼ਟਰੀ ਟੀਮ 'ਚ ਜਿਆਦਾ 'ਉਹਨਾਂ' ਨਾ ਖੇਡਣ ਦਿੱਤਾ ਪਰ ਯੁਵਰਾਜ ਸਿੰਘ ਪੁੱਤਰ ਦੇ ਕਿ ਹਿਸਾਬ-ਕਿਤਾਬ ਉਸ 'ਡਾਹਡੇ' ਨੇ ਪੂਰੇ ਕਰ ਦਿੱਤੇ।



### ਅਨੁਜਾ ਤੇ ਸਵਰਆਂਸੀ ਰਾਮ ਰੀਆਂ ਗਾਇਕਾਵਾਂ

ਦੋ ਗਾਇਕਾਵਾਂ ਹਿੰਦੋਸਤਾਨ ਦੀ ਗਾਇਕੀ 'ਚ ਵਾਅ ਰਹੀਆਂ ਹਨ। ਅਨੁਜਾ ਸਿਨਹਾ ਤੇ ਸਵਰਆਂਸੀ ਇਹਨਾਂ ਦੇ ਨਾਮ ਹਨ। ਰਾਮ ਭੋਗ-ਪੁਰੀਆਂ ਨੇ ਇਹਨਾਂ ਨੂੰ ਵਿਸ਼ਵ-ਵਿਆਪੀ ਪ੍ਰਸਿੱਧੀ ਦਿਵਾਉਣ ਲਈ ਬਾਬਾ ਕਮਲ ਨਿਰਦੇਸ਼ਕ ਤੇ ਰੋਹਿਤ ਬੌਬੀ ਸੰਗੀਤਕਾਰ ਲਿਆ ਹੈ। ਦੋ ਹਵਾਂ ਦੀਆਂ ਅਵਾਜ਼ਾਂ 'ਚ 'ਜਾਪ' ਕਰਵਾ ਕਿ ਸ਼ਰਧਾ ਸਾਗਰ 'ਚ ਤਾਰੀ ਲਾਈ ਹੈ ਤੇ ਆਰ.ਜੇ.ਬੀਟਸ ਲਈ ਦੋਹਵੇਂ ਸਟਾਰ ਗਾਇਕਾਵਾਂ ਹਨ।




## ਹਾਰਦਿਕ ਬਣਿਆ ਸਾਲ ਦਾ ਸਰਵੋਤਮ ਖਿਡਾਰੀ

**ਲੁਸਾਨੇ (ਸਵਿਟਜ਼ਰਲੈਂਡ):** ਭਾਰਤੀ ਹਾਕੀ ਟੀਮ ਦੇ ਮਿਡਫੀਲਡਰ ਹਾਰਦਿਕ ਸਿੰਘ ਅਤੇ ਮਹਿਲਾ ਹਾਕੀ ਟੀਮ ਦੀ ਕਪਤਾਨ ਸਵਿਤਾ ਨੂੰ ਅੱਜ ਐਫਆਈਐਚ ਦੇ ਸਾਲਾਨਾ ਐਵਾਰਡਾਂ ਵਿੱਚ ਕ੍ਰਮਵਾਰ ਸਾਲ ਦਾ ਸਰਵੋਤਮ ਖਿਡਾਰੀ ਅਤੇ ਸਰਵੋਤਮ ਮਹਿਲਾ ਗੋਲਕੀਪਰ ਚੁਣਿਆ ਗਿਆ ਹੈ। ਹਾਰਦਿਕ ਸਿੰਘ ਦੇਸ਼ ਲਈ 114 ਮੈਚ ਖੇਡ ਚੁੱਕਾ ਹੈ। ਉਹ ਟੋਕੀਓ ਓਲੰਪਿਕ ’ਚ ਕਾਂਸੀ ਦਾ ਤਗ਼ਮਾ ਜੇਤੂ ਭਾਰਤੀ ਟੀਮ ਦਾ ਮੈਂਬਰ ਸੀ ਅਤੇ ਉਸ ਮਗਰੋਂ ਉਸ ਦੀ ਖੇਡ ’ਚ ਲਗਾਤਾਰ ਸੁਧਾਰ ਹੋਇਆ ਹੈ। ਹਾਰਦਿਕ ਦਾ ਇਸ ਸਾਲ ਦਾ ਇਹ ਦੂਜਾ ਵੱਡਾ ਐਵਾਰਡ ਹੈ। ਇਸ ਤੋਂ ਪਹਿਲਾਂ ਹਾਕੀ ਇੰਡੀਆ ਨੇ ਹਾਰਦਿਕ ਸਿੰਘ ਨੂੰ ਸਾਲ 2022 ਲਈ ਸਰਵੋਤਮ ਖ਼ਿਡਾਰੀ ਲਈ ਬਲਬੀਰ ਸਿੰਘ ਸੀਨੀਅਰ ਐਵਾਰਡ ਨਾਲ ਸਨਮਾਨਿਤ ਕੀਤਾ ਸੀ। ਦੂਜੇ ਪਾਸੇ ਮਹਿਲਾ ਗੋਲਕੀਪਰ ਸਵਿਤਾ ਨੇ ਲਗਾਤਾਰ ਤੀਜੀ ਵਾਰ ਸਰਵੋਤਮ ਗੋਲਕੀਪਰ ਦਾ ਖ਼ਿਤਾਬ ਆਪਣੇ ਨਾਂ ਕੀਤਾ ਹੈ।

## ਸਾਈ ਕੁਰੂਕਸ਼ੇਤਰ ਨੇ ਜਿੱਤਿਆ ਮਹਿੰਦਰ ਸਿੰਘ ਮੁਨਸ਼ੀ ਜੂਨੀਅਰ ਹਾਕੀ ਟੂਰਨਾਮੈਂਟ

**ਜਲੰਧਰ–** ਸਾਈ ਕੁਰੂਕਸ਼ੇਤਰ ਨੇ ਰਾਊਂਡ ਗਲਾਸ ਹਾਕੀ ਅਕੈਡਮੀ ਨੂੰ 3-0 ਨਾਲ ਹਰਾ ਕੇ 23ਵਾਂ ਓਲੰਪੀਅਨ ਮਹਿੰਦਰ ਸਿੰਘ ਮੁਨਸ਼ੀ ਜੂਨੀਅਰ ਹਾਕੀ ਟੂਰਨਾਮੈਂਟ ਜਿੱਤ ਲਿਆ। ਇੱਥੋਂ ਦੇ ਪੀਏਪੀ ਹਾਕੀ ਸਟੇਡੀਅਮ ਵਿੱਚ ਸਮਾਪਤ ਹੋਏ ਟੂਰਨਾਮੈਂਟ ਦੌਰਾਨ ਮਾਲਵਾ ਹਾਕੀ ਅਕੈਡਮੀ ਨੇ ਛੇਹਰਟਾ ਅਕੈਡਮੀ ਨੂੰ 3-2 ਨਾਲ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ। ਜੇਤੂਆਂ ਨੂੰ ਓਲੰਪੀਅਨ ਗੁਰਮੇਲ ਸਿੰਘ ਨੇ ਇਨਾਮ ਵੰਡੇ ਜਦਕਿ ਓਲੰਪੀਅਨ ਬਲਜੀਤ ਸਿੰਘ ਢਿੱਲੋਂ ਨੇ ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਕੀਤੀ। ਜੇਤੂ ਟੀਮ ਨੂੰ ਇਕ ਲੱਖ ਰੁਪਏ ਦਾ ਨਕਦ ਇਨਾਮ ਅਤੇ ਜੇਤੂ ਟਰਾਫੀ ਨਾਲ ਸਨਮਾਨਿਆ ਗਿਆ। ਜੇਤੂ ਟਰਾਫੀ ਅਮਰਿੰਦਰਜੀਤ ਸਿੰਘ ਸਿੱਧੂ ਵੱਲੋਂ ਆਪਣੇ ਪਿਤਾ ਹੁਕਮ ਸਿੰਘ ਸਿੱਧੂ ਦੀ ਯਾਦ ਵਿੱਚ ਅਤੇ ਉਪ ਜੇਤੂ ਟੀਮ ਦੀ ਟਰਾਫੀ ਆਪਣੀ ਮਾਤਾ ਮਨਜੀਤ ਕੌਰ ਸਿੱਧੂ ਦੀ ਯਾਦ ਵਿੱਚ ਦਿੱਤੀ ਗਈ। ਇਕ ਲੱਖ ਰੁਪਏ ਦਾ ਨਕਦ ਇਨਾਮ ਊਧਮ ਸਿੰਘ ਹੁੰਦਲ, ਸਾਹਿਬ ਸਿੰਘ ਹੁੰਦਲ, ਬਲਰਾਜ ਸਿੰਘ ਹੁੰਦਲ, ਗਰਜੀਤ ਸਿੰਘ ਹੁੰਦਲ (ਹੁੰਦਲ ਬ੍ਰਦਰਜ਼ ਸਰੀ ਕੈਨੇਡਾ) ਵੱਲੋਂ ਦਿੱਤਾ ਗਿਆ, ਜਦਕਿ ਦੂਜੇ ਸਥਾਨ ’ਤੇ ਰਹਿਣ ਵਾਲੀ ਟੀਮ ਨੂੰ ਉਪ ਜੇਤੂ ਟਰਾਫੀ ਦੇ ਨਾਲ 51,000 ਰੁਪਏ ਦਾ ਨਕਦ ਇਨਾਮ ਦਿੱਤਾ ਗਿਆ। ਤੀਜੇ ਸਥਾਨ ’ਤੇ ਰਹਿਣ ਵਾਲੀ ਟੀਮ ਨੂੰ 31,000 ਰੁਪਏ ਨਾਲ ਸਨਮਾਨਿਆ ਗਿਆ। ਦੂਜੇ ਅਤੇ ਤੀਜੇ ਸਥਾਨ ’ਤੇ ਰਹਿਣ ਵਾਲੀ ਟੀਮ ਨੂੰ ਦਿੱਤਾ ਜਾਣ ਵਾਲਾ ਨਕਦ ਇਨਾਮ ਤੇਜਾ ਸ਼ੌਕਰ ਅਮਰੀਕਾ ਵੱਲੋਂ ਦਿੱਤਾ ਗਿਆ।



ਟੂਰਨਾਮੈਂਟ ਦੇ ਸਰਵੋਤਮ ਖਿਡਾਰੀ ਰਾਊਂਡ ਗਲਾਸ ਅਕੈਡਮੀ ਦੇ ਗੁਰਸੇਵਕ ਸਿੰਘ ਨੂੰ 11,000 ਰੁਪਏ ਨਕਦ ਨਾਲ ਸਨਮਾਨਿਆ ਗਿਆ। ਇਹ ਨਕਦ ਇਨਾਮ 1975 ਵਿਸ਼ਵ ਕੱਪ ਜੇਤੂ ਭਾਰਤੀ ਹਾਕੀ ਟੀਮ ਦੇ ਮੈਂਬਰ ਰਹੇ ਮਰਹੂਮ ਓਲੰਪੀਅਨ ਵਰਿੰਦਰ ਸਿੰਘ ਦੀ ਯਾਦ ਵਿੱਚ ਉਨ੍ਹਾਂ ਦੇ ਪੁੱਤਰ ਗੁਰਪ੍ਰੀਤ ਸਿੰਘ ਅਤੇ ਹਰਪ੍ਰੀਤ ਸਿੰਘ ਵੱਲੋਂ ਦਿੱਤਾ ਗਿਆ। ਇਸ ਤੋਂ ਇਲਾਵਾ ਟੂਰਨਾਮੈਂਟ ਕਮੇਟੀ ਵੱਲੋਂ ਸਰਵੋਤਮ ਗੋਲਕੀਪਰ ਦਾ ਇਨਾਮ ਸਾਈ ਕੁਰੂਕਸ਼ੇਤਰ ਦੇ ਵਿਕਾਸ ਪੰਚਾਲ ਨੂੰ, ਸਰਵੋਤਮ ਫੁੱਲ ਬੈਕ ਦਾ ਇਨਾਮ ਰਾਊਂਡ ਗਲਾਸ ਦੇ ਅਮਨਦੀਪ ਸਿੰਘ ਨੂੰ, ਸਰਵੋਤਮ ਹਾਫ ਬੈਕ ਦਾ ਇਨਾਮ ਮਾਲਵਾ ਅਕੈਡਮੀ ਦੇ ਪ੍ਰਭਜੋਤ ਸਿੰਘ ਨੂੰ, ਸਰਵੋਤਮ ਫਾਰਵਰਡ ਦਾ ਇਨਾਮ ਛੇਹਰਟਾ ਅਕੈਡਮੀ ਗੁਰਪ੍ਰੀਤ ਸਿੰਘ ਨੂੰ ਦਿੱਤਾ ਗਿਆ। ਇਨ੍ਹਾਂ ਸਾਰੇ ਖਿਡਾਰੀਆਂ ਨੂੰ 5000-5000 ਰੁਪਏ ਦਾ ਨਕਦ ਇਨਾਮ ਅੰਤਰਰਾਸ਼ਟਰੀ ਖਿਡਾਰੀ ਦਲਜੀਤ ਸਿੰਘ ਆਈਆਰਐਸ ਅਸਿਸਟੈਂਟ ਕਮਿਸ਼ਨਰ ਵੱਲੋਂ ਦਿੱਤਾ ਗਿਆ।


## ਆਸਟਰੇਲਿਆਈ ਮਿਸ਼ੇਲ ਸਟਾਰਕ ਆਈਪੀਐੱਲ ਇਤਿਹਾਸ ਦਾ ਸਭ ਤੋਂ ਮਹਿੰਗਾ ਖਿਡਾਰੀ, 24.75 ਕਰੋੜ ਰੁਪਏ ਮੁੱਲ ਪਿਆ

**ਦੁਬਈ–** ਆਸਟਰੇਲੀਆ ਦਾ ਮਿਸ਼ੇਲ ਸਟਾਰਕ ਹਮਵਤਨ ਪੈਟ ਕਮਿੰਸ ਨੂੰ ਪਿੱਛੇ ਛੱਡ ਕੇ ਆਈਪੀਐੱਲ ਇਤਿਹਾਸ ਦਾ ਸਭ ਤੋਂ ਮਹਿੰਗਾ ਖਿਡਾਰੀ ਬਣ ਗਿਆ। ਉਸ ਨੂੰ ਕੋਲਕਾਤਾ ਨਾਈਟ ਰਾਈਡਰਜ਼ ਨੇ 24.75 ਕਰੋੜ ਰੁਪਏ ਵਿੱਚ ਖਰੀਦਿਆ। ਇਸ ਤੋਂ ਪਹਿਲਾਂ ਆਸਟਰੇਲਿਆਈ ਕਪਤਾਨ ਪੈਟ ਕਮਿੰਸ ਆਈਪੀਐੱਲ ਨਿਲਾਮੀ ਦੇ ਇਤਿਹਾਸ ਦੇ ਸਭ ਤੋਂ ਮਹਿੰਗੇ ਖਿਡਾਰੀ ਬਣ ਗਏ ਸਨ। ਉਨ੍ਹਾਂ ਨੂੰ ਸਨਰਾਈਜ਼ਰਸ ਹੈਦਰਾਬਾਦ ਨੇ 20.50 ਕਰੋੜ ਰੁਪਏ ਵਿੱਚ ਖਰੀਦਿਆ ਸੀ। ਇਸ ਤੋਂ ਪਹਿਲਾਂ ਇਥੇ ਆਈਪੀਐੱਲ ਨਿਲਾਮੀ ਵਿੱਚ ਸਨਰਾਈਜ਼ਰਜ਼ ਹੈਦਰਾਬਾਦ ਨੇ ਚੇੱਨਈ ਸੁਪਰ ਕਿੰਗਜ਼ ਨਾਲ ਬੋਲੀ ਦੀ ਲੜਾਈ ਤੋਂ ਬਾਅਦ ਆਸਟਰੇਲੀਆ ਦੇ ਵਿਸ਼ਵ ਕੱਪ ਫਾਈਨਲ ਦੇ ਹੀਰੋ ਟ੍ਰੈਵਿਸ ਹੈਡ ਨੂੰ 6180 ਕਰੋੜ ਰੁਪਏ ਖਰੀਦ ਲਿਆ, ਜਦਕਿ ਰਾਜਸਥਾਨ ਰਾਇਲਜ਼ ਨੇ ਵੈਸਟ ਇੰਡੀਜ਼ ਦੇ ਰੋਵਮੈਨ ਪਾਵੇਲ ਨੂੰ 7140 ਕਰੋੜ ਰੁਪਏ ’ਚ ਖਰੀਦਿਆ। ਉਸ ਦੀ ਮੂਲ ਕੀਮਤ 2 ਕਰੋੜ ਰੁਪਏ ਸੀ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# 22 ਦਸੰਬਰ-ਮਸ਼ਹੂਰ ਭਾਰਤੀ ਗਣਿਤ ਸ਼ਾਸਤਰੀ ਸ਼੍ਰੀਨਿਵਾਸ ਰਾਮਾਨੁਜਨ ਦੇ ਜਨਮ ਦਿਨ 'ਰਾਸ਼ਟਰੀ ਗਣਿਤ ਦਿਵਸ' ਸਬੰਧੀ ਵਿਸ਼ੇਸ਼

ਭਾਰਤ ਵਿੱਚ ਭਾਰਤੀ ਗਣਿਤ-ਸ਼ਾਸਤਰੀ ਸ਼੍ਰੀਨਿਵਾਸ ਰਾਮਾਨੁਜਨ ਦੀ ਜਨਮ ਮਿਤੀ 22 ਦਸੰਬਰ ਨੂੰ ਰਾਸ਼ਟਰੀ ਗਣਿਤ ਦਿਵਸ ਮਨਾਇਆ ਜਾਂਦਾ ਹੈ। ਭਾਰਤ ਵਿੱਚ ਬਹੁਤ ਸਾਰੇ ਵਿਗਿਆਨੀ ਅਤੇ ਗਣਿਤ ਵਿਗਿਆਨੀ ਪੈਦਾ ਹੋਏ ਹਨ ਜਿਨ੍ਹਾਂ ਨੇ ਭਾਰਤ ਨੂੰ ਵਿਸ਼ਵ ਪੱਧਰ ਤੇ ਨਵੀਂ ਉਚਾਈ ਤੇ ਲਿਜਾਣ ਦਾ ਕੰਮ ਕੀਤਾ ਹੈ। ਭਾਰਤ ਅਤੇ ਗਣਿਤ ਦਾ ਰਿਸ਼ਤਾ ਪ੍ਰਾਚੀਨ ਕਾਲ ਤੋਂ ਹੀ ਬਹੁਤ ਅਟੁੱਟ ਰਿਹਾ ਹੈ ਕਿਉਂਕਿ ਭਾਰਤ ਇੱਕ ਅਜਿਹਾ ਦੇਸ਼ ਹੈ ਜਿਸ ਨੇ ਪੂਰੀ ਦੁਨੀਆ ਨੂੰ ਗਣਿਤ ਦੀਆਂ ਸਭ ਤੋਂ ਮਹੱਤਵਪੂਰਨ ਸੰਖਿਆਵਾਂ ਜਿਵੇਂ ਜ਼ੀਰੋ, ਨੈਗੇਟਿਵ ਨੰਬਰ, ਡੈਸੀਮਲ ਸਿਸਟਮ, ਅਲਜਬਰਾ, ਤਿਕੋਣਮਿਤੀ ਬਾਰੇ ਜਾਣੂ ਕਰਵਾਇਆ ਸੀ। ਬ੍ਰਹਮਗੁਪਤ, ਆਰੀਆਭੱਟ ਅਤੇ ਸ਼੍ਰੀਨਿਵਾਸ ਰਾਮਾਨੁਜਨ ਵਰਗੇ ਕਈ ਮਹਾਨ ਗਣਿਤ ਵਿਗਿਆਨੀ ਭਾਰਤ ਦੀ ਇਸ ਪਵਿੱਤਰ ਧਰਤੀ ਤੇ ਹੀ ਪੈਦਾ ਹੋਏ ਹਨ ਜਿਨ੍ਹਾਂ ਨੇ ਗਣਿਤ ਦੇ ਕਈ ਫਾਰਮੂਲਿਆਂ ਅਤੇ ਸਿਧਾਂਤਾਂ ਨੂੰ ਵਿਕਸਤ ਕਰਨ ਅਤੇ ਉਹਨਾਂ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।ਬਿਨਾਂ ਰਸਮੀ ਡਿਗਰੀ ਦੇ ਰਾਮਾਨੁਜਨ ਨੇ ਭੁੱਖਮਰੀ ਤੇ ਗਰੀਬੀ ਵਿਚ ਰਹਿੰਦੇ ਹੋਏ ਆਪਣੇ ਤੌਰ ਤੇ ਗਣਿਤ ਵਿਚ ਖੋਜ ਕੀਤੀ। ਉਸਦੀ ਸੱਖਤ ਮਿਹਨਤ ਅਤੇ ਜਨੂੰਨ ਨੇ ਉਸਨੂੰ ਖਰਾਬ ਹਾਲਤਾਂ ਦੀ ਪਰਵਾਹ ਕੀਤੇ ਬਿਨਾਂ ਅੱਜ ਸਭ ਤੋਂ ਵੱਧ ਮਾਨਤਾ ਪ੍ਰਾਪਤ ਗਣਿਤ ਵਿਗਿਆਨੀਆਂ ਵਿੱਚੋਂ ਇੱਕ ਬਣਨ ਵਿੱਚ ਮੱਦਦ ਕੀਤੀ। ਰਾਮਾਨੁਜਨ ਨੇ ਆਪਣੇ ਫਾਰਮੂਲਿਆਂ ਅਤੇ ਸਿਧਾਂਤਾਂ ਦੁਆਰਾ ਗਣਿਤ ਦੇ ਖੇਤਰ ਵਿੱਚ ਸ਼ਲਾਘਾਯੋਗ ਪ੍ਰਭਾਵ ਪਾਇਆ ਸੀ। ਇਸ ਮਹਾਨ ਗਣਿਤ-ਸ਼ਾਸਤਰੀ ਨੂੰ ਸ਼ਰਧਾਂਜਲੀ ਵਜੋਂ ਨੈਸ਼ਨਲ ਕੌਂਸਲ ਆਫ਼ ਸਾਇੰਸ ਐਂਡ ਟੈਕਨਾਲੋਜੀ ਕਮਿਊਨੀਕੇਸ਼ਨ, ਵਿਗਿਆਨ ਅਤੇ ਤਕਨਾਲੋਜੀ ਵਿਭਾਗ, ਭਾਰਤ ਸਰਕਾਰ ਨੇ 2012 ਤੋਂ ਹਰ ਸਾਲ ਰਾਮਾਨੁਜਨ ਦੇ ਜਨਮਦਿਵਸ ਨੂੰ ਮਨਾਉਣ ਦਾ ਫੈਸਲਾ ਕੀਤਾ ਹੈ।ਸ਼੍ਰੀਨਿਵਾਸ ਰਾਮਾਨੁਜਨ ਦਾ ਜਨਮ 22 ਦਸੰਬਰ, 1887 ਨੂੰ ਇਰੋਡ ਤਾਮਿਲਨਾਡੂ ਭਾਰਤ ਵਿੱਚ ਹੋਇਆ ਸੀ ਅਤੇ 26 ਅਪ੍ਰੈਲ, 1920 ਨੂੰ ਕੁੰਭਨਮ ਵਿਖੇ ਮੌਤ ਹੋ ਗਈ ਸੀ। ਉਸਦਾ ਪਰਿਵਾਰ ਬਹੁਤ ਹੀ ਗਰੀਬ ਸੀ ਅਤੇ ਉਸ ਨੂੰ ਅਪਣੀ ਸਿੱਖਿਆ ਲਈ ਬਹੁਤ ਸੱਖਤ ਮਿਹਨਤ ਕਰਨੀ ਪਈ। ਉਸਨੇ12 ਸਾਲ ਦੀ ਉਮਰ ਵਿੱਚਤ੍ਰਿਕੋਣਮਿਤੀ ਵਿੱਚ ਗਿਆਨ ਪ੍ਰਾਪਤ ਕੀਤਾ ਸੀ ਅਤੇ ਕਿਸੇ ਦੀ ਮੱਦਦ ਤੋਂ ਬਿਨਾਂ ਆਪਣੇ ਵਿਚਾਰ ਵਿਕਸਿਤ ਕੀਤੇ ਸਨ। ਸਿਰਫ 15 ਸਾਲ ਦੀ ਉਮਰ ਵਿੱਚ ਉਸਨੇ ਸ਼ੁੱਧ ਅਤੇ ਲਾਗੂ ਗਣਿਤ ਵਿੱਚ ਐਲੀਮੈਂਟਰੀ ਨਤੀਜਿਆਂ ਦੇ ਜਾਰਜ ਸ਼ੋਬ੍ਰਿਜ ਕੇਰ ਦੇ ਸੰਖੇਪ ਦੀ ਇੱਕ ਕਾਪੀ ਪ੍ਰਾਪਤ ਕੀਤੀ। ਇੱਕ ਅੰਗਰੇਜ਼ ਨੇ ਉਸ ਦੀਆਂ ਲਿੱਖਤਾਂ ਨੂੰ ਦੇਖਿਆ ਅਤੇ ਉਹ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੂੰ ਆਕਸਫੋਰਡ ਯੂਨੀਵਰਸਿਟੀ ਦੇ ਪ੍ਰੋਫੈਸਰ ਕੋਲ ਪੜ੍ਹਨ ਲਈ ਭੇਜਿਆ। ਉਸ ਤੋਂ ਬਾਅਦ ਉਸ ਨੂੰ ਵਿਸ਼ਵ ਭਰ ਵਿਚ ਪ੍ਰਸਿੱਧੀ ਮਿਲੀ। ਰਾਸ਼ਟਰੀ ਗਣਿਤ ਦਿਵਸ ਮਨਾਉਣ ਦਾ ਮੁੱਖ ਮੰਤਬ ਉਸ ਦੁਆਰਾ ਕੀਤੇ ਗਏ ਕੰਮਾਂ ਨੂੰ ਪ੍ਰੇਰਨਾ ਸਰੋਤ ਵਜੋਂ ਵਰਤਣਾ ਅਤੇ ਗੌਰਵਮਈ ਇਤਿਹਾਸ ਨੂੰ ਅੱਗੇ ਲਿਜਾਉਣਾ ਹੈ। ਗਣਿਤ ਸ਼ਾਸਤਰੀ ਸ਼੍ਰੀਨਿਵਾਸ ਰਾਮਾਨੁਜਨ ਦਾ ਜੀਵਨ ਅੱਜ ਦੀ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਹੈ। ਆਪਣੀ ਪੜ੍ਹਾਈ ਦੇ ਸ਼ੁਰੂਵਿੱਚ ਸ੍ਰੀਨਿਵਾਸ ਰਾਮਾਨੁਜਨ ਦਾ ਪੜ੍ਹਾਈ ਵਿੱਚ ਮਨ ਨਹੀਂ ਲੱਗਦਾ ਸੀ ਪਰ ਉਹ ਬਹੁਤ ਹੀ ਖੋਜੀ ਸੁਭਾਅ ਦੇ ਵਿਦਿਆਰਥੀ ਸੀ ਅਤੇ ਗਣਿਤ ਵਿੱਚ ਬਹੁਤ ਦਿਲਚਸਪੀ ਰੱਖਦਾ ਸੀ। ਗਣਿਤ ਵਿਚ ਜ਼ਿਆਦਾ ਰੁਚੀ ਹੋਣ ਕਾਰਨ ਉਹ ਹੋਰ ਵਿਸ਼ਿਆਂ ਵੱਲ ਬਿਲਕੁਲ ਵੀ ਧਿਆਨ ਨਹੀਂ ਦੇ ਸਕਿਆ। ਨਤੀਜਾ ਇਹ ਹੋਇਆ ਕਿ 11ਵੀਂ ਦੀ ਪ੍ਰੀਖਿਆ ਵਿੱਚ ਉਹ ਗਣਿਤ ਵਿੱਚ ਬੇਸ਼ੱਕ ਪਹਿਲੇ ਨੰਬਰ ਤੇ ਰਿਹਾ ਪਰ ਬਾਕੀ ਵਿਸ਼ਿਆਂ ਵਿੱਚ ਫੇਲ੍ਹ ਹੋ ਗਿਆ ਸੀ। ਉਸਦੀ ਪ੍ਰਤਿਭਾ ਦਾ ਪਤਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦੋਂ ਉਹ ਸੱਤਵੀਂ ਜਮਾਤ ਵਿਚ ਪੜ੍ਹਦਾ ਸੀ ਉਸ ਸਮੇਂ ਬੀ.ਏ ਦੇ ਵਿਦਿਆਰਥੀਆਂ ਨੂੰ ਗਣਿਤ ਪੜ੍ਹਾਉਣ ਲਈ ਭੇਜਿਆ ਜਾਂਦਾ ਸੀ। ਮਸ਼ਹੂਰ ਤਿਕੋਣਮਿਤੀ ਜਿਸ ਨੂੰ ਵੱਡੇ ਗਣਿਤ-ਵਿਗਿਆਨੀ ਹੱਲ ਕਰਨ ਵਿੱਚ ਅਸਫਲ ਰਹਿੰਦੇ ਸਨ ਉਸਨੇ ਸਿਰਫ 13 ਸਾਲ ਦੀ ਛੋਟੀ ਉਮਰ ਵਿੱਚ ਹੱਲ ਕਰਕੇ ਆਪਣੀ ਪ੍ਰਤਿਭਾ ਦਾ ਸਬੂਤ ਦਿੱਤਾ ਅਤੇ 16 ਸਾਲ ਦੀ ਉਮਰ ਵਿੱਚ ਉਸਨੇ ਦੁਨੀਆ ਦੇ ਮਹਾਨ ਗਣਿਤ ਵਿਗਿਆਨੀਆਂ ਵਿੱਚੋਂ ਇੱਕ ਜੀ.ਐਸ.ਸੀ.ਆਰ.ਆਰ. ਦੁਆਰਾ ਲਿਖੀ ਕਿਤਾਬ "ਏ ਸਿਨੋਪਿਸ ਆਫ਼ ਐਲੀਮੈਂਟਰੀ ਰਿਜ਼ਲਟਸ ਇਨ ਪਿਊਰ ਐਂਡ ਅਪਲਾਈਡ ਮੈਥਮੈਟਿਕਸ'' ਵਿੱਚ ਲਿਖੇ 5000 ਤੋਂ ਵੱਧ ਸਿਧਾਂਤਾਂ ਨੂੰ ਸਾਬਤ ਕਰਕੇ ਆਪਣੀ ਪ੍ਰਮਾਣਿਕਤਾ ਨੂੰ ਸਾਬਤ ਕੀਤਾ। ਉਸ ਬਾਰੇ ਕਿਹਾ ਜਾਂਦਾ ਸੀ ਕਿ ਉਹ ਕਿਸੇ ਵੀ ਗਣਿਤ ਦੀ ਸਮੱਸਿਆ ਨੂੰ ਬਹੁਤ ਅਸਾਨ ਤਰੀਕਿਆਂ ਨਾਲ ਹੱਲ ਕਰ ਸਕਦਾ ਸੀ। ਉਸਦੀ ਵਿਲੱਖਣ ਪ੍ਰਤਿਭਾ ਨੇ ਉਸਨੂੰ ਦੁਨੀਆ ਵਿੱਚ ਗਣਿਤ ਦੇ ਮਾਸਟਰ ਹੋਣ ਦਾ ਦਰਜਾ ਦਿਵਾਇਆ ਹੈ। ਉਸ ਦੁਆਰਾ ਦੱਸੇ ਗਏ ਬਹੁਤੇ ਸਿਧਾਂਤ ਸਹੀ ਸਾਬਤ ਹੋਏ ਅਤੇਕਈ ਸਿਧਾਂਤ ਅੱਜ ਤੱਕ ਗਣਿਤ ਵਿਗਿਆਨੀਆਂ ਲਈ ਇੱਕ ਅਣਸੁਲਝੀ ਬੁਝਾਰਤ ਬਣੇ ਹੋਏ ਹਨ। "ਬਰਨੌਲੀ ਨੰਬਰਾਂ ਦੀਆਂ ਕੁਝ ਵਿਸ਼ੇਸ਼ਤਾਵਾਂ'' ਸਿਰਲੇਖ ਵਾਲਾ ਉਸਦਾ ਪਹਿਲਾ ਪੇਪਰ ਇੰਡੀਅਨ ਮੈਥੇਮੈਟੀਕਲ ਸੋਸਾਇਟੀ ਦੇ ਜਰਨਲ ਵਿੱਚ ਪ੍ਰਕਾਸ਼ਿਤ ਹੋਇਆ ਸੀ। ਉਸਨਪੰਜ ਸਾਲ ਇੰਗਲੈਂਡ ਵਿੱਚ ਨੰਬਰ ਥਿਊਰੀ ਤੇ ਕੰਮ ਕੀਤਾ ਸੀ ਜਿਸ ਤੋਂ ਬਾਅਦ ਇੱਕ ਅਨੰਤ ਨਿਰੰਤਰ ਅੰਸ਼ ਦੇ ਜ਼ਰੀਏ ਗਣਿਤ ਦੇ ਦੋ ਸਭ ਤੋਂ ਮਹੱਤਵਪੂਰਨ ਸਥਿਰਾਂਕਾਂ ਦੀ ਸਥਾਪਨਾ ਕੀਤੀ। ਉਸਨੇ ਅਜਿਹੀਆਂ ਕੁਦਰਤੀ ਸੰਖਿਆਵਾਂ ਦੀ ਖੋਜ ਵੀ ਕੀਤੀ ਜਿਨ੍ਹਾਂ ਨੂੰ ਦੋ ਸੰਖਿਆਵਾਂ ਦੇ ਘਣ ਜੋੜ ਕੇ ਦੋ ਵੱਖ-ਵੱਖ ਤਰੀਕਿਆਂ ਨਾਲ ਦਰਸਾਇਆ ਜਾ ਸਕਦਾ ਹੈ। ਉਹ ਇੱਕ ਸਵੈ-ਸਿਖਿਅਤ ਗਣਿਤ-ਵਿਗਿਆਨੀ ਸੀ ਜਿਸਨੇ ਗਣਿਤ ਦੀ ਦੁਨੀਆ ਵਿੱਚ ਅਸਧਾਰਨ ਯੋਗਦਾਨ ਪਾਇਆ। ਉਸਨੇ ਲਗਭਗ 3900 ਨਤੀਜੇ ਮੁੱਖ ਤੌਰ ਤੇ ਪਛਾਣਾਂ ਅਤੇ ਸਮੀਕਰਨਾਂ ਨੂੰ ਸੰਕਲਿਤ ਕੀਤਾ ਸੀ। ਇਹਨਾਂ ਵਿੱਚੋਂ ਕਈ ਨਤੀਜੇ ਅਸਲੀ ਅਤੇ ਨਾਵਲ ਹਨ ਜਿਵੇਂ ਕਿ ਰਾਮਾਨੁਜਨ ਪ੍ਰਾਈਮ, ਦਾ




ਰਾਮਾਨੁਜਨ ਥੀਟਾ ਫੰਕਸ਼ਨ, ਪਾਰਟੀਸ਼ਨ ਫਾਰਮੂਲੇ, ਅਤੇ ਮੌਕ ਥੀਟਾ ਫੰਕਸ਼ਨ ਆਦਿ। ਇਹਨਾਂ ਨਤੀਜਿਆਂ ਨੇ ਹੋਰ ਕਈ ਖੋਜਾਂ ਨੂੰ ਪ੍ਰੇਰਿਤ ਕੀਤਾ ਅਤੇ ਇਸ ਸਬੰਧੀ ਕੰਮ ਦੇ ਕਈ ਨਵੇਂ ਖੇਤਰ ਖੋਲ੍ਹੇ। ਉਸਨੇ ਆਪਣੀ ਵਿਭਿੰਨ ਲੜੀ ਦੇ ਸਿਧਾਂਤ ਦੀ ਖੋਜ ਕੀਤੀ, ਰੀਮੈਨ ਲੜੀ, ਅੰਡਾਕਾਰ ਇੰਟੈਗਰਲ, ਹਾਈਪਰਜੀਓਮੈਟ੍ਰਿਕ ਲੜੀ, ਅਤੇ ਜੀਟਾ ਫੰਕਸ਼ਨ ਦੇ ਕਾਰਜਸ਼ੀਲ ਸਮੀਕਰਨਾਂ ਦੀ ਖੋਜ ਕੀਤੀ।1729 ਨੰਬਰ ਨੂੰ ਹਾਰਡੀ-ਰਾਮਾਨੁਜਨ ਨੰਬਰ ਵਜੋਂ ਜਾਣਿਆ ਜਾਣ ਲੱਗ ਪਿਆ। ਨੌਜਵਾਨ ਪੀੜ੍ਹੀ ਵਿੱਚ ਗਣਿਤ ਸਿੱਖਣ ਪ੍ਰਤੀ ਸਕਾਰਾਤਮਕ ਰਵੱਈਆ ਪੈਦਾ ਕਰਨ, ਉਤਸ਼ਾਹਿਤ ਕਰਨ ਅਤੇ ਉਸਾਰੂ ਰਵੱਈਆ ਪੈਦਾ ਕਰਨ ਲਈ ਕਈ ਪਹਿਲਕਦਮੀਆਂ ਕੀਤੀਆਂ ਜਾਂਦੀਆਂ ਹਨ ਇਹਨਾਂ ਸੰਖਿਆਵਾਂ ਨੂੰ ਰਾਮਾਨੁਜਨ ਨੰਬਰ ਵੀ ਕਿਹਾ ਜਾਂਦਾ ਹੈ। ਉਨ੍ਹਾਂ ਨੇ ਗਣਿਤ ਦੇ ਖੇਤਰ ਵਿੱਚ ਅਜਿਹੇ ਕਈ ਮਹਾਨ ਕਾਰਜ ਕੀਤੇ ਜਿਨ੍ਹਾਂ ਦੀ ਬਦੌਲਤ ਉਨ੍ਹਾਂ ਦਾ ਨਾਂ ਇਤਿਹਾਸ ਦੇ ਪੰਨਿਆਂ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਗਿਆ ਹੈ। ਉਨ੍ਹਾਂ ਨੇ ਆਪਣੀਆਂ ਕਈਰਚਨਾਵਾਂ ਰਾਹੀਂ ਭਾਰਤ ਦੇ ਸਨਮਾਨ ਵਿੱਚ ਚਾਰ ਚੰਦ ਲਗਾ ਦਿੱਤੇ ਸਨ। ਇਨ੍ਹਾਂ ਕਾਰਨਾਂ ਕਰਕੇ ਉਨ੍ਹਾਂ ਦੇ ਜਨਮ ਦਿਨ ਨੂੰ ਭਾਰਤ ਸਰਕਾਰ ਵੱਲੋਂ ਰਾਸ਼ਟਰੀ ਗਣਿਤ ਦਿਵਸ ਵਜੋਂ ਘੋਸ਼ਿਤ ਕੀਤਾ ਗਿਆ ਸੀ ਤਾਂ ਜੋ ਸਮੁੱਚਾ ਭਾਰਤ ਇਸ ਦੇ ਗੌਰਵਮਈ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਇਸੇ ਤਰ੍ਹਾਂ ਵਿਕਾਸ ਦੇ ਰਾਹ ਤੇ ਚੱਲਦਾ ਰਹੇ।ਭਾਰਤ ਵਿੱਚ ਰਾਸ਼ਟਰੀ ਗਣਿਤ ਦਿਵਸ ਪਹਿਲੀ ਵਾਰ 2012 ਵਿੱਚ ਮਨਾਇਆ ਗਿਆ ਸੀ। ਉਸ ਵੇਲੇ ਪ੍ਰਧਾਨ ਮੰਤਰੀ ਉੱਘੇ ਅਰਥਸ਼ਾਸ਼ਤਰੀ ਡਾਕਟਰ ਮਨਮੋਹਨ ਸਿੰਘ ਨੇ 26 ਫਰਵਰੀ 2012 ਨੂੰ ਇਸ ਦਿਨ ਨੂੰ ਰਾਸ਼ਟਰੀ ਗਣਿਤ ਦਿਵਸ ਵਜੋਂ ਘੋਸ਼ਿਤ ਕੀਤਾ ਸੀ ਜਦੋਂ ਉਹ ਰਾਮਾਨੁਜਨ ਦੀਆਂ ਪ੍ਰਾਪਤੀਆਂ ਨੂੰ ਸ਼ਰਧਾਂਜਲੀ ਦੇਣ ਲਈ ਮਦਰਾਸ ਯੂਨੀਵਰਸਿਟੀ ਦਾ ਦੌਰਾ ਕਰ ਰਹੇ ਸਨ ਅਤੇ ਉਨ੍ਹਾਂ ਦੀ 125ਵੀਂ ਜਯੰਤੀ ਮਨਾਈ ਗਈ ਸੀ। ਭਾਰਤ ਸਰਕਾਰ ਨੇ ਇਸ ਮੌਕੇ ਇੱਕ ਡਾਕ ਟਿਕਟਵੀ ਜਾਰੀ ਕੀਤੀ। ਉਸਤੋਂ ਬਾਦ ਹਰ ਸਾਲ 22 ਦਸੰਬਰ ਨੂੰ ਗਣਿਤ ਦੇ ਖੇਤਰ ਵਿੱਚ ਰਾਮਾਨੁਜਨ ਦੇ ਕੰਮ ਨੂੰ ਯਾਦ ਅਤੇ ਸਨਮਾਨਿਤ ਕਰਨ ਲਈ ਮਨਾਇਆ ਜਾਂਦਾ ਹੈ। ਇਸ ਦਿਨ ਵੱਖ ਵੱਖ ਕੈਂਪਾਂ ਰਾਹੀਂ ਗਣਿਤ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸਿਖਲਾਈ ਵੀ ਦਿੱਤੀ ਜਾਂਦੀ ਹੈ ਅਤੇ ਗਣਿਤ ਅਤੇ ਸਬੰਧਤ ਖੇਤਰਾਂ ਵਿੱਚ ਖੋਜ ਲਈ ਅਧਿਆਪਨ ਸਿਖਲਾਈ ਸਮੱਗਰੀ ਦੇ ਵਿਕਾਸ, ਉਤਪਾਦਨ ਅਤੇ ਪ੍ਰਸਾਰ ਨੂੰ ਵੀ ਉਜਾਗਰ ਕੀਤਾ ਜਾਂਦਾ ਹੈ। ਰਾਸ਼ਟਰੀ ਗਣਿਤ ਦਿਵਸ ਭਾਰਤ ਵਿੱਚ ਵੱਖ-ਵੱਖ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਵਿਦਿਅਕ ਸੰਸਥਾਵਾਂ ਵਿੱਚ ਮਨਾਇਆ ਜਾਂਦਾ ਹੈ। ਸੰਯੁਕਤ ਰਾਸ਼ਟਰ ਵਿਦਿਅਕ, ਵਿਗਿਆਨਕ ਅਤੇ ਸੱਭਿਆਚਾਰਕ ਸੰਗਠਨ ਅਤੇ ਭਾਰਤ ਸਰਕਾਰ ਨੇ ਵੀ ਗਣਿਤ ਦੀ ਸਿੱਖਿਆ ਅਤੇ ਸਮਝ ਨੂੰ ਫੈਲਾਉਣ ਲਈ ਮਿਲਕੇ ਕੰਮ ਕਰਨ ਲਈ ਸਹਿਮਤੀ ਦਿੱਤੀ ਹੈ। ਵਿਦਿਆਰਥੀਆਂਨੂੰ ਗਣਿਤ ਵਿੱਚ ਸਿੱਖਿਅਤ ਕਰਨ ਅਤੇ ਵਿਸ਼ਵ ਭਰ ਦੇ ਵਿਦਿਆਰਥੀਆਂ ਅਤੇ ਸਿਖਿਆਰਥੀਆਂ ਤੱਕ ਗਿਆਨ ਫੈਲਾਉਣ ਲਈ ਵੱਖ-ਵੱਖ ਕਦਮ ਚੁੱਕੇ ਗਏ ਹਨ। ਨੈਸ਼ਨਲ ਅਕੈਡਮੀ ਆਫ਼ ਸਾਇੰਸ ਇੰਡੀਆ ਇਲਾਹਾਬਾਦ ਸਭ ਤੋਂ ਪੁਰਾਣੀ ਵਿਗਿਆਨ ਅਕੈਡਮੀ ਹੈ ਜੋਕਿ ਰਾਸ਼ਟਰੀ ਗਣਿਤ ਦਿਵਸ ਮਨਾਉਣ ਲਈ ਗਣਿਤ ਅਤੇ ਸ਼੍ਰੀਨਿਵਾਸ ਰਾਮਾਨੁਜਨ ਦੀਆਂ ਐਪਲੀਕੇਸ਼ਨਾਂ ਵਿੱਚ ਇੱਕ ਵਰਕਸ਼ਾਪ ਦਾ ਆਯੋਜਨ ਕਰਦਾ ਹੈ ਜਿਸ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਤੋਂ ਗਣਿਤ ਦੇ ਖੇਤਰ ਵਿੱਚ ਪ੍ਰਸਿੱਧ ਲੈਕਚਰਾਰਾਂ ਅਤੇ ਮਾਹਿਰ ਭਾਗ ਲੈਂਦੇ ਹਨ ਅਤੇ ਇਸ ਵਿੱਚ ਦੇਸ਼ ਅਤੇ ਵਿਸ਼ਵ ਪੱਧਰ ਤੇ ਬੁਲਾਰੇ ਗਣਿਤ ਵਿੱਚ ਸ਼੍ਰੀ-ਨਿਵਾਸ ਰਾਮਾਨੁਜਨ ਦੇ ਯੋਗਦਾਨ ਦੀ ਚਰਚਾ ਕਰਦੇ ਹਨ। 2015 ਵਿੱਚ, ਮੈਥਿਊ ਬ੍ਰਾਊਨ ਨੇ ਰਾਮਾਨੁਜਨ ਦੇ ਜੀਵਨ ਤੇ ਆਧਾਰਿਤ ਇੱਕ ਫ਼ਿਲਮ ਦਾ ਨਿਰਦੇਸ਼ਨ ਕੀਤਾ ਜਿਸਦਾ ਨਾਮ "ਆਦਮੀ ਜੋ ਅਨੰਤ ਨੂੰ ਜਾਣਦਾ ਸੀ'' ਜਿਸ ਵਿੱਚ ਦੇਵ ਪਟੇਲ ਅਤੇ ਜੇਰੇਮੀ ਆਇਰਨਜ਼ ਸਨ। ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਅਲਗੱਪਾ ਯੂਨੀਵਰਸਿਟੀ ਵਿਖੇ ਰਾਮਾਨੁਜਨ ਦੇ ਨਾਮ ਤੇ ਬਣੇ ਉੱਚ ਗਣਿਤ ਦੇ ਕੇਂਦਰ ਦਾ ਉਦਘਾਟਨ ਕੀਤਾ ਸੀ। ਪ੍ਰਯਾਗਰਾਜ ਵਿੱਚ 30-31 ਦਸੰਬਰ, 2019 ਦੌਰਾਨ 16ਵੀਂ ਸਦੀ ਤੋਂ ਪਹਿਲਾਂ ਭਾਰਤੀ ਗਣਿਤ ਦਾ ਇਤਿਹਾਸ ਵਿਸ਼ੇ ਤੇ ਦੋ ਦਿਨਾਂ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਗਣਿਤ ਦਿਵਸ ਗਣਿਤ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਹੈ। ਲੋਕ ਇਸ ਦਿਨ ਨੂੰ ਇਹ ਸਮਝਣ ਲਈ ਮਨਾਉਂਦੇ ਹਨ ਕਿ ਜ਼ਮੀਨੀ ਪੱਧਰ ਤੋਂ ਮਨੁੱਖਤਾ ਦੇ ਵਿਕਾਸ ਲਈ ਗਣਿਤ ਕਿਵੇਂ ਮਹੱਤਵਪੂਰਨ ਹੈ। ਇਸ ਦਿਨ ਸਰਕਾਰ ਜਨਤਾ ਅਤੇ ਦੇਸ਼ ਦੇ ਨੌਜਵਾਨਾਂ ਨੂੰ ਗਣਿਤ ਪ੍ਰਤੀ ਸਕਾਰਾਤਮਕ ਰਵੱਈਆ ਵਿਕ-ਸਿਤ ਕਰਨ ਲਈ ਉਤਸ਼ਾਹਿਤ ਕਰਨ, ਸਿਖਾਉਣ ਅਤੇ ਪ੍ਰੇਰਿਤ ਕਰਨ ਲਈ ਕਈ ਪਹਿਲਕਦਮੀਆਂ ਕਰਦੀ ਹੈ।ਕੈਂਪਾਂ ਰਾਹੀਂ ਵੱਖ-ਵੱਖ ਵਿਦਿਆਰਥੀਆਂ ਅਤੇ ਗਣਿਤ ਦੇ ਅਧਿਆਪਕਾਂ ਨੂੰ ਮੁਫ਼ਤ ਸਿਖਲਾਈ ਦਿੱਤੀ ਜਾਂਦੀ ਹੈ। ਇਹ ਗਣਿਤ ਦੀ ਸਿੱਖਿਆ-ਸਿਖਲਾਈ ਸਮੱਗਰੀ ਦੇ ਉਤਪਾਦਨ, ਪ੍ਰਸਾਰ ਅਤੇ ਵਿਕਾਸ ਨੂੰ ਉਜਾਗਰ ਕਰਦਾ ਹੈ। ਰਾਸ਼ਟਰੀ ਗਣਿਤ ਦਿਵਸ ਸਿੱਖਿਆ, ਖੋਜ ਅਤੇ ਪ੍ਰੈਕਟੀਕਲ ਐਪਲੀਕੇਸ਼ਨਾਂ ਵਿੱਚ ਗਣਿਤ ਦੇ ਮਹੱਤਵ ਨੂੰ ਉਤਸ਼ਾਹਿਤ ਕਰਨ ਵਿੱਚ ਬਹੁਤ ਮਹੱਤਵ ਰੱਖਦਾ ਹੈ। ਇਹ ਵਿਦਿਆਰਥੀਆਂ, ਸਿੱਖਿਅਕਾਂ ਅਤੇ ਆਮ ਲੋਕਾਂ ਨੂੰ ਗਣਿਤ ਦੀਆਂ ਗਤੀਵਿਧੀਆਂ, ਚਰਚਾਵਾਂ ਅਤੇ ਸਮਾਗਮਾਂ ਵਿੱਚ ਸ਼ਾਮਲ ਕਰਨ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰਦਾ ਹੈ। ਇਸ ਦਿਨ ਦਾ ਉਦੇਸ਼ ਗਣਿਤ ਲਈ ਪਿਆਰ ਪੈਦਾ ਕਰਨਾ ਅਤੇ ਨੌਜਵਾਨ ਪੀੜ੍ਹੀ ਨੂੰ ਇਸ ਖੇਤਰ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕਰਨਾ ਹੈ।ਇਸ ਤੋਂ ਇਲਾਵਾ ਰਾਸ਼ਟਰੀ ਗਣਿਤ ਦਿਵਸ ਗਲੋਬਲ ਗਣਿਤਿਕ ਲੈਂਡਸਕੇਪ ਵਿਚ ਭਾਰਤੀ ਗਣਿਤ-ਸ਼ਾਸਤਰੀਆਂ ਦੇ ਯੋਗਦਾਨ ਤੇ ਪ੍ਰਤੀਬਿੰਬਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਇਹ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ, ਅਤੇ ਅਰਥ ਸ਼ਾਸਤਰ ਸਮੇਤ ਵਿਭਿੰਨ ਖੇਤਰਾਂ ਵਿੱਚ ਗਣਿਤ ਦੀਆਂ ਧਾਰਨਾਵਾਂ ਅਤੇ ਉਹਨਾਂ ਦੇ ਉਪਯੋਗਾਂ ਦੀ ਖੋਜ ਨੂੰ ਉਤਸ਼ਾਹਿਤ ਕਰਦਾ ਹੈ। ਗਣਿਤ ਦਿਵਸ 2023 ਲਈ ਥੀਮ "ਹਰੇਕ ਲਈ ਗਣਿਤ'' ਹੈ ਜੋ ਕਿ ਫਿਲੀਪੀਨਜ਼ ਦੇ ਟਰੇਸ ਮਾਰਟਾਇਰਸ ਸਿਟੀ ਨੈਸ਼ਨਲ-ਹਾਈ ਸਕੂਲ ਦੇ ਮਾਰਕੋਜ਼ਾਰ ਕੋਰੋਟੈਰੋ ਦੁਆਰਾ ਪ੍ਰਸਤਾਵਿਤ ਕੀਤਾ ਗਿਆ ਸੀ। ਇਹ ਥੀਮ ਗਣਿਤ ਨੂੰ ਹਰ ਕਿਸੇ ਲਈ ਪਹੁੰਚਯੋਗ ਅਤੇ ਸਮਾਵੇਸ਼ੀ ਬਣਾਉਣ ਦੀ ਮਹੱਤਤਾ ਤੇ ਜ਼ੋਰ ਦਿੰਦਾ ਹੈ। ਇਹ ਥੀਮ ਲੰਡਨ ਮੈਥੇਮੈਟੀਕਲ ਸੋਸਾਇਟੀ ਦੁਆਰਾ ਗਣਿਤਕ ਭਾਈਚਾਰੇ ਵਿੱਚ ਸਮਾਨਤਾ, ਵਿਭਿੰਨਤਾ ਅਤੇ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਪ੍ਰਸਤਾਵਿਤ ਕੀਤਾ ਗਿਆ ਸੀ। ਰਾਸ਼ਟਰੀ ਗਣਿਤ ਦਿਵਸ ਬੱਚਿਆਂ ਵਿੱਚ ਸੰਖਿਆਵਾਂ ਅਤੇ ਸਮੱਸਿਆ ਹੱਲ ਕਰਨ ਲਈ ਪਿਆਰ ਪੈਦਾ ਕਰਨ ਦਾ ਇੱਕ ਸ਼ਾਨਦਾਰ ਮੌਕਾ ਹੈ।



ਕੁਲਦੀਪ ਚੰਦ
91-9417563054

ਇੱਥੇ ਬੱਚਿਆਂ ਨਾਲ ਦਿਨ ਮਨਾਉਣ ਦੇ ਅਨੰਦਮਈ ਤਰੀਕੇ ਹਨ। ਏਕਾਧਿਕਾਰ ਵਰਗੀਆਂ ਕਲਾਸਿਕ ਬੋਰਡ ਗੇਮਾਂ ਤੋਂ ਲੈ ਕੇ ਡਿਜੀਟਲ ਗੇਮਾਂ ਤੱਕ ਜੋ ਸਿੱਖਣ ਨੂੰ ਮਜ਼ੇਦਾਰ ਬਣਾ ਦਿੰਦੀਆਂ ਹਨ। ਇਹ ਗਤੀਵਿਧੀਆਂ ਬੱਚਿਆਂ ਲਈ ਗਣਿਤ ਦੀਆਂ ਧਾਰਨਾਵਾਂ ਨੂੰ ਮਜ਼ੇਦਾਰ ਬਣਾ ਸਕਦੀਆਂ ਹਨ। ਗਣਿਤ ਦੀਆਂ ਕਲਾਵਾਂ ਅਤੇ ਸ਼ਿਲਪਕਾਰੀ ਪ੍ਰੋਜੈਕਟਾਂ ਵਿੱਚ ਬੱਚਿਆਂ ਨੂੰ ਸ਼ਾਮਲ ਕਰਕੇ ਸੰਖਿਆਵਾਂ ਨਾਲ ਰਚਨਾਤਮਕਤਾ ਨੂੰ ਜੋੜਨਾ ਚਾਹੀਦਾ ਹੈ। ਗਣਿਤਆਧਾਰਿਤ ਸੁਰਾਗ ਦੇ ਨਾਲ ਇੱਕ ਖਜ਼ਾਨਾ ਖੋਜ ਡਿਜ਼ਾਈਨ ਕਰਨਾ ਚਾਹੀਦਾ ਹੈ। ਇਹ ਨਾ ਸਿਰਫ਼ ਸਮੱਸਿਆ ਹੱਲ ਕਰਨ ਦੇ ਹੁਨਰ ਨੂੰ ਉਤਸ਼ਾਹਿਤ ਕਰਦਾ ਹੈ ਬਲਕਿ ਬੱਚਿਆਂ ਵਿੱਚ ਟੀਮ ਵਰਕ ਅਤੇ ਸਹਿਯੋਗ ਨੂੰ ਵੀ ਉਤਸ਼ਾਹਿਤ ਕਰ ਸਕਦਾ ਹੈ। ਗਣਿਤ ਦੀਆਂ ਕਹਾਣੀਆਂ ਅਤੇ ਕਿਤਾਬਾਂ ਪੜਣੀਆਂ ਚਾਹੀਦੀਆਂ ਹਨ ਜੋ ਅੰਕਾਂ ਨੂੰ ਜੀਵਿਤ ਬਣਾਉਂਦੀਆਂ ਹਨ। ਉਹਨਾਂ ਕਹਾਣੀਆਂ ਦੀ ਚੋਣ ਕਰੋ ਜੋ ਗਣਿਤ ਦੇ ਸੰਕਲਪਾਂ ਨੂੰ ਦਿਲਚਸਪ ਬਿਰਤਾਂਤਾਂ ਵਿੱਚ ਬੁਣਦੀਆਂ ਹਨ, ਬੱਚਿਆਂ ਦੀ ਦਿਲਚਸਪੀ ਨੂੰ ਮੋਹਿਤ ਕਰਦੀਆਂ ਹਨ ਅਤੇ ਉਹਨਾਂ ਨੂੰ ਗਣਿਤ ਦੇ ਜਾਦੂ ਬਾਰੇ ਸੂਖਮਤਾ ਨਾਲ ਸਿਖਾਉਂਦੀਆਂ ਹਨ। ਬੱਚਿਆਂ ਨੂੰ ਆਕਾਰ ਲੱਭਣ ਅਤੇ ਪਛਾਣ ਕਰਨ, ਕੁਦਰਤੀ ਤੱਤਾਂ ਦੀ ਗਿਣਤੀ ਕਰਨ ਅਤੇ ਪਾਰਕ ਜਾਂ ਬਗੀਚੇ ਦੀ ਸੈਟਿੰਗ ਵਿੱਚ ਪਹੇਲੀਆਂ ਨੂੰ ਹੱਲ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਮਰ-ਮੁਤਾਬਕ ਗਣਿਤ ਦੀਆਂ ਬੁਝਾਰਤਾਂ ਨਾਲ ਚੁਣੌਤੀ ਸੁਡੋਕੁ, ਕ੍ਰਾਸਵਰਡਸ, ਅਤੇ ਦਿਮਾਗ ਦੇ ਟੀਜ਼ਰ ਸ਼ਾਮਲ ਹੋ ਸਕਦੇ ਹਨ ਜੋ ਗਣਿਤ ਨੂੰ ਇੱਕ ਅਨੰਦਮਈ ਅਤੇ ਦਿਲਚਸਪ ਅਨੁਭਵ ਬਣਾਉਂਦੇ ਹਨ ਦੁਆਰਾ ਰੁਚੀ ਵਧਾਈ ਜਾ ਸਕਦੀ ਹੈ। ਗਣਿਤ ਕਲਾ ਪ੍ਰਦਰਸ਼ਨ ਦੀ ਮੇਜ਼ਬਾਨੀ ਕਰਨੀ ਚਾਹੀਦੀ ਹੈ ਜਿੱਥੇ ਬੱਚੇ ਆਪਣੇ ਗਣਿਤ-ਪ੍ਰੇਰਿਤ ਕਲਾਕਾਰੀ ਦਾ ਪ੍ਰਦਰਸ਼ਨ ਕਰ ਸਕਦੇ ਹਨ।

ਸੰਖਿਆ-ਅਧਾਰਿਤ ਪੇਂਟਿੰਗਾਂ ਤੋਂ ਲੈ ਕੇ ਡਰਾਇੰਗਾਂ ਤੱਕ ਜੋ ਆਕਾਰ ਅਤੇ ਪੈਟਰਨ ਨੂੰ ਸ਼ਾਮਲ ਕਰਦੇ ਹਨ, ਇਹ ਗਤੀਵਿਧੀ ਗਣਿਤਿਕ ਮੋੜ ਦੇ ਨਾਲ ਰਚਨਾਤਮਕ ਸਮੀਕਰਨ ਨੂੰ ਉਤਸ਼ਾਹਿਤ ਕਰਦੀ ਹੈ। ਬੱਚਿਆਂ ਨੂੰ ਉਹਨਾਂ ਦੀਆਂ ਗਣਿਤ ਦੀਆਂ ਕਹਾਣੀਆਂ ਬਣਾਉਣ ਅਤੇ ਸਾਂਝੀਆਂ ਕਰਨ ਲਈ ਉਤਸ਼ਾਹਿਤ ਕਰੋ। ਭਾਵੇਂ ਇਹ ਕਿਸੇ ਜਾਦੂਈ ਗਣਿਤ ਦੀ ਧਰਤੀ ਬਾਰੇ ਕਹਾਣੀ ਹੋਵੇ ਜਾਂ ਸੰਖਿਆਵਾਂ ਨੂੰ ਸ਼ਾਮਲ ਕਰਨ ਵਾਲੇ ਸਾਹਸ ਦੀ ਕਹਾਣੀ ਹੋਵੇ, ਕਹਾਣੀ ਸੁਣਾਉਣਾ ਰਚਨਾਤਮਕਤਾ ਅਤੇ ਗਣਿਤ ਦੀਆਂ ਧਾਰਨਾਵਾਂ ਦੀ ਡੂੰਘੀ ਸਮਝ ਦੋਵਾਂ ਨੂੰ ਉਤਸ਼ਾਹਿਤ ਕਰਦਾ ਹੈ।

ਭਾਰਤ ਵਿੱਚ ਸਾਰੇ ਰਾਜ ਰਾਸ਼ਟਰੀ ਗਣਿਤ ਦਿਵਸ ਨੂੰ ਕਈ ਵੱਖ-ਵੱਖ ਤਰੀਕਿਆਂ ਨਾਲ ਮਨਾਉਂਦੇ ਹਨ। ਗਣਿਤ ਦੇ ਸੰਸਥਾਪਕਾਂ ਦੁਆਰਾ ਸ਼ੁਰੂ ਕੀਤੀ ਗਈ ਵਿਕਾਸ ਦੀ ਵਿਰਾਸਤ ਨੂੰ ਜਾਰੀ ਰੱਖਣ ਲਈ ਖੋਜ ਅਤੇ ਵਿਕਾਸ ਲਈ ਇੱਕ ਪਲੇਟਫਾਰਮ ਬਣਾਉਣ ਲਈ, ਗਣਿਤ ਦੇ ਖੇਤਰ ਵਿੱਚ ਵਿਦਿਆਰਥੀਆਂ ਦੀ ਰੁਚੀ ਨੂੰ ਵਧਾਉਣ ਦੇ ਇਰਾਦੇ ਨਾਲ ਕਈ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਵੱਖ-ਵੱਖ ਕੁਇਜ਼ਾਂ ਅਤੇ ਪ੍ਰਤੀਯੋਗਤਾਵਾਂ ਦਾ ਆਯੋਜਨ ਕਰਦੀਆਂ ਹਨ। ਹਰ ਕਿਸੇ ਨੂੰ ਬ੍ਰਹਮਗੁਪਤਾ, ਆਰੀਆਭੱਟ ਅਤੇ ਸ਼੍ਰੀਨਿਵਾਸ ਰਾਮਾਨੁਜਨ ਵਰਗੇ ਮਹਾਨ ਗਣਿਤ ਵਿਗਿਆਨੀਆਂ ਦੁਆਰਾ ਦਿੱਤੇ ਯੋਗਦਾਨ ਨੂੰ ਪਛਾਣਨਾ ਚਾਹੀਦਾ ਹੈ ਜਿਨ੍ਹਾਂ ਨੇ ਨਾ ਸਿਰਫ ਭਾਰਤੀ ਗਣਿਤ ਨੂੰ ਆਕਾਰ ਦਿੱਤਾ ਬਲਕਿ ਵਿਸ਼ਵ ਭਰ ਵਿੱਚ ਬਹੁਤ ਪ੍ਰਸਿੱਧੀ ਵੀ ਪ੍ਰਾਪਤ ਕੀਤੀ। ਰਾਸ਼ਟਰੀ ਗਣਿਤ ਦਿਵਸ ਮਨਾਕੇ ਅਸੀਂ ਭਾਰਤ ਦੇ ਗਣਿਤ ਸੱਭਿਆਚਾਰ ਨੂੰ ਕਾਇਮ ਰੱਖਣ ਲਈ ਗਣਿਤ ਦੀ ਮਹਾਨ ਪ੍ਰਤਿਭਾ ਨੂੰ ਸ਼ਰਧਾਂਜਲੀ ਭੇਟ ਕਰਾਂਗੇ। ਵਿਦਿਆਰਥੀਆਂ ਵਿੱਚ ਗਣਿਤ ਨੂੰ ਹਰਮਨ ਪਿਆਰਾ ਬਣਾਉਣ ਲਈਵੱਖ ਵੱਖ ਥਾਵਾਂ ਤੇਰਾਸ਼ਟਰੀ ਗਣਿਤ ਦਿਵਸ ਮਨਾਇਆ ਜਾ ਰਿਹਾ ਹੈ।

# ਹੇਸਟਿੰਗਜ਼ ਗੁਰਦੁਆਰਾ ਸਾਹਿਬ ਦੀ ਨਵੀਂ ਕਮੇਟੀ ਸਰਬਸੰਮਤੀ ਨਾਲ ਚੁਣੀ ਗਈ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਗੁਰਦੁਆਰਾ ਸਾਹਿਬ ਹੇਸਟਿੰਗਜ਼ ਦਾ ਅੱਜ ਸਲਾਨਾ ਇਜਲਾਸ ਗੁਰੂ ਸਾਹਿਬ ਅੱਗੇ ਅਰਦਾਸ ਕਰਨ ਉਪਰੰਤ ਸ਼ੁਰੂ ਹੋਇਆ। ਵਿਛੜੇ ਦੋ ਫਾਊਂਡਰ ਮੈਂਬਰਾਂ ਨੂੰ ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਪਿਛਲੇ ਸਾਲ ਦਾ ਲੇਖਾ-ਜੋਖਾ ਕੀਤਾ ਗਿਆ ਅਤੇ ਨਵੇਂ ਗੁਰੂ ਘਰ ਬਾਰੇ ਵਿਚਾਰਾਂ ਵੀ ਹੋਈਆਂ।

ਉਪਰੰਤ ਸਰਬ ਸੰਮਤੀ ਦੇ ਨਾਲ ਨਵੀਂ ਕਮੇਟੀ ਦੀ ਚੋਣ ਕੀਤੀ ਗਈ ਜਿਸ ਦੇ ਵਿਚ ਸ. ਚਮਕੌਰ ਸਿੰਘ ਨੂੰ ਪ੍ਰਧਾਨ, ਸ. ਜਰਨੈਲ ਸਿੰਘ ਹਜ਼ਾਰਾ ਨੂੰ ਮੀਤ ਪ੍ਰਧਾਨ, ਸ. ਲਖਵੀਰ ਸਿੰਘ ਢਿੱਲੋਂ ਨੂੰ ਸਕੱਤਰ, ਸ. ਜਗਦੀਪ ਸਿੰਘ ਜੱਜ ਨੂੰ ਮੀਤ ਸਕੱਤਰ, ਸ. ਬਲਦੇਵ ਸਿੰਘ ਨੂੰ ਖਜ਼ਾਨਚੀ ਅਤੇ ਸ. ਗੁਰਮੀਤ ਸਿੰਘ ਨੂੰ



ਮੀਤ ਖਜ਼ਾਨਚੀ ਦੀਆਂ ਸੇਵਾਵਾਂ ਸੌਂਪੀਆਂ ਗਈਆਂ। ਕਾਰਜਕਾਰੀ ਮੈਂਬਰ ਸਾਹਿਬਾਨਾਂ ਦੇ ਵਿਚੋਂ ਸ. ਹਰਵਿੰਦਰ ਸਿੰਘ ਸੰਘਾ, ਸ। ਮਹਿੰਦਰ ਸਿੰਘ ਨਾਗਰਾ, ਜ। ਜਸਵਿੰਦਰ ਸਿੰਘ, ਸ. ਪਰਮਜੀਤ ਸਿੰਘ ਪੰਮੀ, ਸ. ਦਲਬੀਰ ਸਿੰਘ, ਸ. ਜਸਵਿੰਦਰ ਸਿੰਘ ਬਿੰਦਾ (ਬੁਕਿੰਗ), ਸ. ਬੂਟਾ ਸਿੰਘ ਬਰਾੜ, ਸ. ਸੁਖਵਿੰਦਰ ਸਿੰਘ ਮੰਗਾ ਅਤੇ ਸ. ਬਲਜੀਤ ਸਿੰਘ ਬਾਸੀ ਹੋਰਾਂ ਨੂੰ ਵੱਖ-ਵੱਖ ਹੋਰ ਸਾਹਿਯੋਗੀ ਸੇਵਾਵਾਂ ਸੌਂਪੀਆਂ ਗਈਆਂ। ਗੁਰਦੁਆਰਾ ਸਾਹਿਬ ਹੇਸਟਿੰਗਜ਼ ਸ਼ਹਿਰ ਦੇ ਵਿਚ ਮੌਜੂਦਾ ਹੈ। ਹਫ਼ਤਾਵਾਰੀ ਐਤਵਾਰ ਨੂੰ ਸ਼ਾਮ ਦਾ ਪ੍ਰੋਗਰਾਮ ਹੁੰਦਾ ਹੈ ਜਾਂ ਫਿਰ ਅਖੰਠ ਪਾਠ ਸਾਹਿਬ ਜਾਂ ਵਿਸ਼ੇਸ਼ ਪ੍ਰੋਗਰਾਮ ਹੋਵੇ ਤਾਂ ਦਿਨ ਵੇਲੇ ਹੁੰਦੇ ਹਨ।


# 19 ਦਸੰਬਰ 23- ਕਾਕੋਰੀ ਕਾਂਡ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ



ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਭਾਰਤ ਦੇ ਅਜ਼ਾਦੀ ਦੇ ਇਤਿਹਾਸ ਵਿਚ ਕਾਕੋਰੀ ਕਾਂਡ ਦਾ ਵਿਸ਼ੇਸ਼ ਸਥਾਨ ਹੈ। ਕਾਕੋਰੀ ਗੱਡੀ ਲੁੱਟਣ ਦੀ ਘਟਨਾ ਜੋ 9 ਅਗਸਤ 1925 ਨੂੰ ਘਟੀ, ਹਿੰਦੁਸਤਾਨ ਰੀਪਬਲਿਕਨ ਐਸੋਸੀਏਸ਼ਨ ਦੇ ਕ੍ਰਾਂਤੀਕਾਰੀ ਜੁਝਾਰੂਆਂ ਦੁਆਰਾ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਾਉਣ ਲਈ ਪੈਸੇ ਦੀ ਲੋੜ ਪੂਰੀ ਕਰਨ ਲਈ ਸਰਕਾਰੀ ਖਜ਼ਾਨੇ ਨੂੰ ਲੁੱਟ ਕੇ ਹਥਿਆਰ ਖ਼੍ਰੀਦਣ ਦਾ ਇੱਕ ਉਪਰਾਲਾ ਸੀ। ਇਸ ਰੇਲ ਗੱਡੀ ਦੀ ਡਕੈਤੀ ਵਿੱਚ ਜਰਮਨ ਦੇ ਬਣੇ ਚਾਰ ਮਾਉਜ਼ਰਾਂ ਦੀ ਵਰਤੋਂ ਕੀਤੀ ਗਈ। ਇਨ੍ਹਾਂ ਪਿਸਤੋਲਾਂ ਦੀ ਵਿਸ਼ੇਸ਼ਤਾ ਇਹ ਸੀ ਕਿ ਇਨ੍ਹਾਂ ਦੇ ਪਿਛੇ ਲਕੜ ਦਾ ਇੱਕ ਹੋਰ ਕੁੰਡਾ ਲਾ ਕੇ ਇਨ੍ਹਾਂ ਦੀ ਵਰਤੋਂ ਰਾਇਫਲ ਦੀ ਤਰ੍ਹਾਂ ਕੀਤੀ ਜਾ ਸਕਦੀ ਸੀ। ਇਸ ਕਾਰਵਾਈ ਵਿੱਚ ਹਿੰਦੁਸਤਾਨ ਰੀਪਬਲਿਕਨ ਐਸੋਸੀਏਸ਼ਨ ਦੇ ਕੇਵਲ ਦਸ ਮੈਂਬਰਾਂ ਨੇ ਭਾਗ ਲਿਆ ਸੀ।

ਇਹ ਰੇਲ ਗੱਡੀ ਲਖਨਊ ਜ਼ਿਲ੍ਹੇ ਦੇ ਕੋਕਰੀ ਰੇਲਵੇ





Kakori Case Revolutionaries after execution

ਸਟੇਸ਼ਨ ਤੋਂ ਚੱਲੀ ਅੱਠ ਡਾਊਨ ਸਹਾਰਨਪੁਰ ਲਖਨਊ ਪਸੇਂਜ਼ਰ ਟਰੇਨ ਸੀ। ਇਸ ਵਿਚ ਰਾਮ ਪ੍ਰਸਾਦ ਬਿਸਮਿਲ , ਅਸ਼ਫ਼ਾਕ ਉੱਲਾ ਖ਼ਾਨ, ਕੇਸ਼ਬ ਚੱਕਰਵਰਤੀ, ਮੁਰਾਰੀ ਸ਼ਰਮਾ, ਚੰਦਰ ਸ਼ੇਖਰ ਆਜ਼ਾਦ,ਸਚਿੰਦਰ ਬਖਸ਼ੀ , ਮੁਕੰਦ ਲਾਲ, ਮਨਮਥਨਾਥ ਗੁਪਤਾ ਅਤੇ ਬਨਵਾਰੀ ਲਾਲ ਸ਼ਾਮਲ ਸਨ।ਤਿੰਨ ਕ੍ਰਾਂਤੀਕਾਰੀ ਸਚਿੰਦਰ ਨਾਥ ਬਖ਼ਸ਼ੀ, ਅਸ਼ਫਾਕ ਉੱਲਾ ਖਾਂ ਤੇ ਰਜਿੰਦਰ ਨਾਥ ਲਾਹਿਰੀ ਦੂਜੇ ਦਰਜੇ ਵਿੱਚ ਸਨ ਤੇ ਬਾਕੀ ਦੇ ਇਨਕਲਾਬੀ ਤੀਜੇ ਦਰਜੇ ਦੇ ਡੱਬੇ ਵਿੱਚ ਸਫ਼ਰ ਕਰ ਰਹੇ ਸਨ। ਕਾਕੋਰੀ ਰੇਲਵੇ ਸਟੇਸ਼ਨ ਤੋਂ ਕੁਝ ਦੂਰ ਚੱਲਣ ਪਿੱਛੋਂ ਦੂਜੇ ਦਰਜੇ ਵਾਲਿਆਂ ਗੱਡੀ ਦੀ ਜੰਜੀਰ ਖਿੱਚ ਦਿੱਤੀ। ਗੱਡੀ ਖਲੋਣ ਪਿੱਛੋਂ ਕ੍ਰਾਂਤੀਕਾਰੀ ਪੰਡਿਤ ਰਾਮ ਪ੍ਰਸਾਦਿ ਬਿਸਮਲ ਦੀ ਅਗਵਾਈ ਵਿੱਚ ਕ੍ਰਾਂਤੀਕਾਰੀ ਗਾੱਰਡ ਦੇ ਡੱਬੇ ਵਿੱਚ ਗਏ ਤੇ ਖਜ਼ਾਨੇ ਵਾਲਾ ਟਰੰਕ ਥੱਲੇ ਸੁੱਟ ਲਿਆ। ਦੋ ਕ੍ਰਾਂਤੀਕਾਰੀ ਰੇਲ ਲਾਈਨ ਤੋਂ ਥੋੜੀ ਦੂਰ ਘਾਹ ਵਿੱਚ ਖਲੋ ਕੇ ਪੰਜ ਪੰਜ ਮਿੰਟਾਂ ਪਿੱਛੋਂ ਗੋਲੀ ਚਲਾਉਂਦੇ ਰਹੇ। ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਜਿੰਨੀ ਦੇਰ ਤੀਕ ਕੋਈ ਸਾਹਮਣਿਉਂ ਗੋਲੀ ਨਾ ਚਲਾਏ ਉਸ ਸਮੇਂ ਤੀਕ ਕਿਸੇ ਵੀ ਫਾਇਰ ਨਹੀਂ ਕਰਨਾ। ਉਨ੍ਹਾਂ ਨੇ ਮੁਸਾਫਿਰਾਂ ਨੂੰ ਕਿਹਾ ਕਿ ਅਸੀਂ ਕੇਵਲ ਖਜ਼ਾਨਾ ਲੁਟਣ ਆਏ ਹਾਂ। ਕਿਸੇ ਨੂੰ ਵੀ ਮਾਰਨਾ ਸਾਡਾ ਮਕਸਦ ਨਹੀਂ। ਜਿੱਥੇ ਬੈਠੇ ਹੋ ਉੱਥੇ ਬੈਠੇ ਰਹੋ। ਸਾਰੇ ਮੁਸਾਫਿਰ ਸ਼ਾਂਤ ਆਪੋ ਆਪਣੀ ਥਾਂ 'ਤੇ ਬੈਠੇ ਰਹੇ, ਹਾਲਾਂਕਿ ਉਸ ਗੱਡੀ ਵਿੱਚ 14 ਮੁਸਾਫਰਾਂ ਪਾਸ ਰਇਫਲਾਂ ਸਨ ਤੇ ਦੋ ਅੰਗਰੇਜ਼ ਫੌਜੀ ਅਸਲੇ ਸਮੇਤ ਬੈਠੇ ਹੋਏ ਸਨ। ਇਸ ਡਕੈਤੀ ਵਿੱਚ ਸ਼ਾਮਲ ਨੋਜੁਆਨਾਂ ਦੀ ਉਮਰ 20-25 ਦੇ ਦਰਮਿਆਨ ਸੀ।

ਇਸ ਘਟਨਾ ਪਿੱਛੋਂ ਅੰਗਰੇਜ਼ੀ ਹਕੂਮਤ ਨੇ ਉਨ੍ਹਾਂ ਦੀ ਪਾਰਟੀ ਹਿੰਦੁਸਤਾਨ ਰੀਪਬਲਿਕਨ ਐਸੋਸੀਏਸ਼ਨ ਦੇ ਕੁਲ 40 ਕ੍ਰਾਂਤੀਕਾਰੀਆਂ 'ਤੇ ਸਮਰਾਟ ਦੇ ਵਿਰੁੱਧ ਹਥਿਆਰਬੰਦ ਯੁੱਧ ਛੇੜਨ, ਸਰਕਾਰੀ ਖ਼ਜ਼ਾਨਾ ਲੁੱਟਣ ਤੇ ਯਾਤਰੀਆਂ ਦੀ ਹੱਤਿਆ ਕਰਨ ਦਾ ਯਤਨ ਕਰਨ ਦੇ ਦੋਸ਼ ਅਧੀਨ ਮੁਕੱਦਮਾ ਚਲਾਇਆ ਗਿਆ, ਜਿਸ ਵਿੱਚ ਰਾਜੇਂਦਰ ਨਾਥ ਲਾਹਿਰੀ, ਪੰਡਿਤ ਰਾਮ ਪ੍ਰਸ਼ਾਦਿ ਬਿਸਮਿਲ, ਅਸ਼ਫਾਕ ਉੱਲਾ ਖ਼ਾਨ ਤੇ ਠਾਕੁਰ ਰੋਸ਼ਨ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ ਗਈ, ਬਾਕੀ ਦੇ 16 ਕ੍ਰਾਂਤੀਕਾਰੀਆਂ ਨੂੰ ਘੱਟੋ ਘੱਟ 4 ਸਾਲ ਦੀ ਸਜ਼ਾ ਤੋਂ ਲੈ ਕੇ ਵੱਧ ਤੋਂ ਵੱਧ ਕਾਲੇ ਪਾਣੀ ਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਦੋ ਵਾਅਦਾ ਮੁਆਫ਼ ਬਣ ਗਏ।

ਕਾਕੋਰੀ ਕਾਂਡ ਤੋਂ ਪਹਿਲਾਂ ਦੇ ਸਮੇਂ ਦੇ ਹਾਲਾਤ: ਹਿੰਦੁਸਤਾਨ ਪ੍ਰਜਾਤੰਤਰ ਸੰਘ ਵੱਲੋਂ ਪ੍ਰਕਾਸ਼ਿਤ ਇਸ਼ਤਿਹਾਰ ਅਤੇ ਸੰਵਿਧਾਨ ਨੂੰ ਲੈ ਕੇ ਬੰਗਾਲ ਪਹੁੰਚੇ, ਦਲ ਦੇ ਦੋਵੇਂ ਨੇਤਾ ਸਚਿੰਦਰਨਾਥ ਸਾਨਿਆਲ ਬਾਂਕੁਰਾ ਵਿੱਚ ਉਸ ਸਮੇਂ ਗ੍ਰਿਫਤਾਰ ਕਰ ਲਏ ਗਏ ਜਦ ਉਹ ਵਿਗਿਆਪਨ ਆਪਣੇ ਕਿਸੇ ਸਾਥੀ ਨੂੰ ਡਾਕਖਾਨੇ ਪੋਸਟ ਕਰਨ ਜਾ ਰਹੇ ਸਨ। ਇਸੇ ਤਰ੍ਹਾਂ ਯੋਗੇਸ਼ ਚੰਦਰ ਚੈਟਰਜੀ ਕਾਨਪੁਰ ਤੋਂ ਪਾਰਟੀ ਮੀਟਿੰਗ ਕਰਕੇ ਜਿਵੇਂ ਹੀ ਹਾਵੜਾ ਸਟੇਸ਼ਨ 'ਤੇ ਰੇਲ ਗੱਡੀ ਤੋਂ ਉਤਰੇ ਕਿ ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ (ਐਚ ਆਰ ਏ) ਦੇ ਸੰਵਿਧਾਨ ਦੀਆਂ ਬਹੁਤ ਸਾਰੀਆਂ ਕਾਪੀਆਂ ਸਮੇਤ ਗ੍ਰਿਫਤਾਰ ਕਰ ਲਏ ਗਏ ਅਤੇ ਉਨ੍ਹਾਂ ਨੂੰ ਹਜ਼ਾਰੀ ਬਾਗ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ।

ਸਰਕਾਰੀ ਖਜ਼ਾਨਾ ਲੁੱਟਣ ਦਾ ਫੈਸਲਾ ਦੋਵਾਂ ਉਪਰੋਕਤ ਪ੍ਰਮੁੱਖ ਨੇਤਾਵਾਂ ਦੇ ਗ੍ਰਿਫਤਾਰ ਹੋ ਜਾਣ ਨਾਲ ਰਾਮ ਪ੍ਰਸਾਦਿ ਬਿਸਮਿਲ ਦੇ ਮੋਢਿਆਂ 'ਤੇ ਆ ਪਿਆ ਅਤੇ ਉਤਰ ਪ੍ਰਦੇਸ਼ ਦੇ ਨਾਲ ਨਾਲ ਬੰਗਾਲ ਦੇ ਕ੍ਰਾਂਤੀਕਾਰੀ ਮੈਂਬਰਾਂ ਦੀ ਜ਼ਿੰਮੇਵਾਰੀ ਆ ਪਈ । ਉਹ ਜਿਸ ਕੰਮ ਨੂੰ ਵੀ ਲੈਂਦੇ ਸਨ ਉਸ ਨੂੰ ਪੂਰਾ ਕਰਕੇ ਛੱਡਦੇ ਸਨ। ਪਾਰਟੀ ਦੇ ਕੰਮਕਾਰ ਚਲਾਉਣ ਲਈ ਧਨ ਦੀ ਪਹਿਲਾਂ ਹੀ ਬਹੁਤ ਲੋੜ ਸੀ। ਕਿਸੇ ਤੋਂ ਵੀ ਧਨ ਪ੍ਰਾਪਤ ਹੁੰਦਾ ਨਾ ਵੇਖ ਕੇ ਉਨ੍ਹਾਂ ਨੇ 8 ਮਾਰਚ 1925 ਨੂੰ ਬਿਚਪੁਰੀ ਤੇ 24 ਮਈ 1925 ਨੂੰ ਦਵਾਰਕਾਪੁਰ ਵਿੱਚ ਦੋ ਰਾਜਨੀਤਕ ਡਕੈਤੀਆਂ ਕੀਤੀਆਂ ਪਰ ਇਨ੍ਹਾਂ ਡਾਕਿਆਂ ਵਿਚ ਕੋਈ ਖਾਸ ਧਨ ਨਾ ਪ੍ਰਾਪਤ ਹੋਇਆ। ਇਨ੍ਹਾਂ ਦੋਵਾਂ ਡਕੈਤੀਆਂ ਵਿੱਚ ਇੱਕ ਇੱਕ ਵਿਅਕਤੀ ਮਾਰਿਆ ਗਿਆ। ਇਸ ਨਾਲ ਬਿਸਮਿਲ ਦੀ ਆਤਮਾ ਨੂੰ ਬਹੁਤ ਕਸ਼ਟ ਹੋਇਆ। ਅਖੀਰ ਉਨ੍ਹਾਂ ਨੇ ਫੈਸਲਾ ਕੀਤਾ ਕਿ ਉਹ ਕੇਵਲ ਸਰਕਾਰੀ ਖਜ਼ਾਨੇ ਨੂੰ ਹੀ ਲੁੱਟਣਗੇ ਤੇ ਕਿਸੇ ਵੀ ਅਮੀਰ ਦੇ ਘਰ ਡਾਕਾ ਨਹੀਂ ਮਾਰਨਗੇ।

8 ਅਗਸਤ 1925 ਰਾਮ ਪ੍ਰਸਾਦਿ ਬਿਸਮਿਲ ਦੇ ਘਰ ਹੰਗਾਮੀ ਮੀਟਿੰਗ ਵਿੱਚ ਫੈਸਲਾ ਕੀਤਾ ਕਿ ਅਗਲੇ ਹੀ ਦਿਨ 9 ਅਗਸਤ 1925 ਨੂੰ ਹਰਦੋਈ ਸ਼ਹਿਰ ਦੇ ਰੇਲਵੇ ਸਟੇਸ਼ਨ ਤੋਂ ਬਿਸਮਿਲ ਦੀ ਅਗਵਾਈ ਵਿੱਚ ਕੁਲ 10 ਜਣੇ ਜਿੰਨ੍ਹਾਂ ਵਿੱਚ ਸ਼ਾਹ ਜਹਾਂਪੁਰ ਤੋਂ ਬਿਸਮਿਲ ਦੇ ਇਲਾਵਾ ਅਸ਼ਫਾਕ ਉੱਲਾ ਖਾਂ, ਮੁਰਾਰੀ ਸ਼ਰਮਾ ਤੇ ਬਨਵਾਰੀ ਲਾਲ, ਬੰਗਾਲ ਤੋਂ ਰਾਜੇਂਦਰ ਲਹਿਰੀ, ਸਚਿੰਦਰ ਨਾਥ ਬਖਸ਼ੀ ਤੇ ਕੇਵਲ ਚਕਰਵਰਤੀ, ਬਨਾਰਸ ਤੋਂ ਚੰਦਰ ਸ਼ੇਖਰ ਆਜ਼ਾਦ ਤੇ ਮਨਮਥਨਾਥ ਗੁਪਤਾ ਤੇ ਔਰਿਆ ਤੋਂ ਮੁਕੰਦੀ ਲਾਲ ਮਿਲਕੇ ਇਹ ਕੰਮ ਕਰਨਗੇ ਸਨ। ਉਹ 8 ਡਾਉਨ ਸਹਾਰਨਪੁਰ ਲਖਨਊ ਪੈਂਸਜਰ ਗੱਡੀ ਵਿੱਚ ਸਵਾਰ ਹੋ ਗਏ।

**ਜਰਮਨ ਦੇ ਮਾਊਜਰਾਂ ਦੀ ਵਰਤੋਂ:** ਇਨ੍ਹਾਂ ਕ੍ਰਾਂਤੀਕਾਰੀਆਂ ਪਾਸ ਪਿਸਤੌਲਾਂ ਤੋਂ ਇਲਾਵਾ ਜਰਮਨੀ ਦੇ ਬਣੇ ਮਾਊਜਰ ਸਨ ਜਿਨ੍ਹਾਂ ਨਾਲ ਬਟ ਵਿੱਚ ਕੁੰਢਾ ਲਗਾ ਲੈਣ ਨਾਲ ਇਹ ਛੋਟੀ ਸਵੈਚਾਲਿਕ ਰਾਈਫਲ ਵਾਂਗ ਨਜ਼ਰ ਆਉਂਦਾ ਸੀ। ਇਨ੍ਹਾਂ ਮਾਉਜਰਾਂ ਦੀ ਮਾਰ ਏਨੀ ਸੀ ਕਿ ਜਿਵੇਂ ਅੱਜ ਕੱਲ ਏ ਕੇ 47 ਰਾਈਫਲਾਂ ਦੀ ਹੈ। ਲਖਨਊ ਤੋਂ ਪਹਿਲਾਂ ਕਾਕੋਰੀ ਰੇਲਵੇ ਸਟੇਸ਼ਨ 'ਤੇ ਰੁਕ ਕੇ ਜਿਵੇਂ ਹੀ ਗੱਡੀ ਅੱਗੇ ਵਧੀ ਕ੍ਰਾਂਤੀਕਾਰੀਆਂ ਨੇ ਚੇਨ ਖਿੱਚ ਕੇ ਗੱਡੀ ਨੂੰ ਰੋਕ ਲਿਆ। ਉਹ ਗਾਰਡ ਦੇ ਡੱਬੇ ਵਿਚ ਪਹੁੰਚ ਗਏ, ਜਿੱਥੇ ਕਿ ਸਰਕਾਰੀ ਖਜਾਨੇ ਦਾ ਬਕਸਾ ਰਖਿਆ ਹੋਇਆ ਸੀ। ਉਨ੍ਹਾਂ ਡੱਬੇ ਵਿੱਚ ਸਰਕਾਰੀ ਖਜ਼ਾਨੇ ਦੇ ਬਕਸੇ ਨੂੰ ਹੇਠਾਂ ਡੇਗ ਦਿੱਤਾ। ਪਹਿਲਾਂ ਤਾਂ ਬਕਸੇ ਨੂੰ ਖੋਲਣ ਦੀ ਕੋਸ਼ਿਸ਼ ਕੀਤੀ ਗਈ ਪਰ ਜਦ ਬਕਸਾ ਨਹੀਂ ਖੁੱਲਾ ਤਾਂ ਅਸ਼ਫਾਕ ਉੱਲਾ ਨੇ ਆਪਣਾ ਮਾਊਜਰ ਮਨਮਥਨਾਥ ਗੁਪਤਾ ਨੂੰ ਫੜਾ ਦਿੱਤਾ ਤੇ ਹਥੌੜਾ ਲੈ ਕੇ ਤਾਲਾ ਤੋੜਿਆ।





**ਜਲਦਬਾਜ਼ੀ ਵਿੱਚ ਦੁਰਘਟਨਾ:-** ਮਨਮਥਨਾਥ ਗੁਪਤਾ ਨੇ ਉਤਸੁਕਤਾ ਤੇ ਜਲਦਬਾਜ਼ੀ ਵਿੱਚ ਮਾਊਜਰ ਦਾ ਟ੍ਰੈਗਰ (ਬਟਨ) ਦਬਾ ਦਿੱਤਾ ਜਿਸ ਵਿੱਚੋਂ ਨਿਕਲੀ ਗੋਲੀ ਅਹਿਮਦ ਅਲੀ ਨਾਂ ਦੇ ਵਿਅਕਤੀ ਨੂੰ ਜਾ ਲੱਗੀ ਤੇ ਉਹ ਥਾਂ ਹੀ ਮਰ ਗਿਆ। ਕਾਹਲੀ ਵਿੱਚ ਸਿੱਕਿਆਂ ਅਤੇ ਨੋਟਾਂ ਨਾਲ ਭਰੇ ਚਮੜੇ ਦੇ ਥੈਲੇ ਚਾਦਰਾਂ ਵਿੱਚ ਬੰਨ ਕੇ ਦੌੜਨ ਸਮੇਂ ਉਨ੍ਹਾਂ ਦੀ ਇੱਕ ਚਾਦਰ ਸਿੱਕਿਆਂ ਦੀ ਭਰੀ ਉੱਥੇ ਹੀ ਰਹਿ ਗਈ।

**ਫੜੋ-ਫੜਾਈ ਦਾ ਦੌਰ ਸ਼ੁਰੂ:** ਅਗਲੇ ਦਿਨ ਸਰਕਾਰ ਨੇ ਇਸ ਡਕੈਤੀ ਨੂੰ ਗੰਭੀਰਤਾ ਨਾਲ ਲਿਆ। ਪੁਲਿਸ ਨੇ ਕਾਕੋਰੀ ਡਕੈਤੀ ਬਾਰੇ ਜਾਣਕਾਰੀ ਦੇਣ ਵਾਲੇ ਨੂੰ ਪੁਰਸਕਾਰ ਦੇਣ ਦਾ ਐਲਾਨ ਕਰ ਦਿੱਤਾ ਤੇ ਇਸ਼ਤਿਹਾਰ ਵੀ ਦੇ ਦਿੱਤੇ। ਜਿਵੇਂ ਕਿ ਕਿਹਾ ਜਾਂਦਾ ਹੈ ਕਿ ਚੋਰ ਆਪਣੇ ਪਿੱਛੇ ਕੋਈ ਨਾ ਕੋਈ ਨਿਸ਼ਾਨੀ ਛੱਡ ਜਾਂਦਾ ਹੈ, ਉਹੋ ਗੱਲ ਇੱਥੇ ਵੀ ਹੋਈ ਕਿ ਜਿਹੜੀ ਇੱਕ ਪੈਸਿਆਂ ਵਾਲੀ ਚਾਦਰ ਘਟਨਾ ਸਥਾਨ 'ਤੇ ਰਹਿ ਗਈ ਸੀ ਉਸ ਵਿੱਚ ਧੋਬੀ ਦੇ ਲੱਗੇ ਨਿਸ਼ਾਨ ਤੋਂ ਪੁਲੀਸ ਨੂੰ ਪਤਾ ਲੱਗ ਗਿਆ ਕਿ ਇਹ ਚਾਦਰ ਸ਼ਾਹਜਹਾਂਪੁਰ ਦੇ ਕਿਸੇ ਧੋਬੀ ਦੀ ਹੈ। ਸ਼ਾਹਜਹਾਂਪੁਰ ਧੋਬੀਆਂ ਪਾਸੋਂ ਪਤਾ ਲੱਗਿਆ ਕਿ ਇਹ ਬਨਾਰਸੀ ਲਾਲ ਦੀ ਹੈ।

ਬਿਸਮਿਲ ਦੇ ਭਾਈਵਾਲ ਬਨਾਰਸੀ ਲਾਲ ਨੂੰ ਮਿਲਕੇ ਪੁਲੀਸ ਨੇ ਇਸ ਡਕੈਤੀ ਦਾ ਸਾਰਾ ਭੇਦ ਲੈ ਲਿਆ। ਪੁਲੀਸ ਨੂੰ ਇਹ ਵੀ ਪਤਾ ਲੱਗ ਗਿਆ ਕਿ 9 ਅਗਸਤ 1925 ਨੂੰ ਸ਼ਾਹਜਹਾਂਪੁਰ ਤੋਂ ਰਾਮ ਪ੍ਰਸਾਦਿ ਬਿਸਮਿਲ ਦੀ ਪਾਰਟੀ ਵਿੱਚ ਕਿਹੜੇ ਕਿਹੜੇ ਲੋਕ ਸ਼ਹਿਰ ਤੋਂ ਬਾਹਰ ਗਏ ਸਨ ਤੇ ਉਹ ਕਦੋਂ ਵਾਪਿਸ ਆਏ ਸਨ।

ਜਦੋਂ ਖੁਫੀਆ ਪੁਲੀਸ ਨੂੰ ਇਸ ਦੀ ਪੁਸ਼ਟੀ ਹੋ ਗਈ ਕਿ ਰਾਮ ਪ੍ਰਸਾਦਿ ਬਿਸਮਿਲ ਜੋ ਹਿੰਦੁਸਤਾਨ ਪ੍ਰਜਾਤੰਤਰ ਸੰਘ (ਐਚ ਆਰ ਏ) ਨੇਤਾ ਸਨ, ਉਸ ਦਿਨ ਸ਼ਹਿਰ ਵਿੱਚ ਨਹੀਂ ਸਨ ਤਾਂ 26 ਸਤੰਬਰ 1925 ਦੀ ਰਾਤ ਨੂੰ ਬਿਸਮਿਲ ਦੇ ਨਾਲ ਸਾਰੇ ਦੇਸ਼ ਵਿੱਚ 40 ਲੋਕਾਂ ਨੂੰ ਗ੍ਰਿਫਤਾਰ ਕਰ ਲਿਆ। ਜਿਨ੍ਹਾਂ 40 ਲੋਕਾਂ ਨੂੰ ਫੜਿਆ ਗਿਆ ਸੀ ਉਨ੍ਹਾਂ ਦੇ ਸਥਾਨ ਤੇ ਨਾਂ ਇਸ ਤਰ੍ਹਾਂ ਸਨ:- ਆਗਰਾ ਤੋਂ ਚੰਦਰਧਰ ਜੌਹਰੀ ਤੇ ਚੰਦਰਮਾਲ ਜੌਹਰੀ। ਅਲਾਹਾਬਾਦ ਤੋਂ ਸ਼ੀਤਲਾ ਸਹਾਇ, ਜਓਤਿਸ਼ੰਕਰ ਦੀਖਸ਼ਤ ਤੇ ਭੁਪਿੰਦਰ ਨਾਥ ਸਾਨਇਆਲ। ਉਰਈ ਤੋਂ ਵੀਰ ਭਦਰ ਤਿਵਾੜੀ। ਬਨਾਰਸ ਤੋਂ ਮਨੰਮਥਨਾਥ ਗੁਪਤ , ਦਮੋਦਰ ਸਰੂਪ ਸੇਠ, ਰਾਮ ਨਾਥ ਪਾਂਡੇ, ਦੇਵਦੱਤ ਭਟਾਚਾਰੀਆ ਇੰਦਰ ਵਿਕਰਮ, ਮੁਕੰਦੀ ਲਾਲ। ਬੰਗਾਲ ਤੋਂ ਸਚਿੰਦਰਨਾਥ ਸਨਿਆਲ, ਯੋਗੇਂਦਰ ਚੰਦ ਚੈਟਰਜੀ, ਰਾਜੇਂਦਰਨਾਥ ਲਹਿਰੀ, ਸ਼ਰਤਚੰਦਰ ਗੁਪਤ ਤੇ ਕਾਲੀਦਾਸ ਬੋਸ। ਏਟਾ ਤੋਂ ਬਾਬੂਰਾਮ ਵਰਮਾ। ਹਰਦੋਈ ਤੋਂ ਭੈਰੋ ਸਿੰਘ। ਜਬਲਪੁਰ ਤੋਂ ਰਾਮਦੁਲਾਰੇ ਤ੍ਰਿਵੇਦੀ, ਗੋਪੀ ਮੋਹਨ , ਰਾਜਕੁਮਾਰ ਸਿਨਹਾ, ਸੁਰੇਸ਼ ਚੰਦਰ ਭੱਟਾਚਾਰੀਆ, ਲਾਹੌਰ ਤੋਂ ਮੋਹਨ ਲਾਲ ਗੌਤਮ। ਲਖੀਮਪੁਰ ਤੋਂ ਹਰਨਾਮ ਸੁੰਦਰ ਲਾਲ। ਲਖਨਊ ਤੋਂ ਵਿਜੇ ਗੋਵਿੰਦਚਰਣ ਕਾਰੀਂਦਰ, ਸਚੀਂਦਰਚਰਣ ਵਿਸਵਾਸ, ਮੇਰਠ ਤੋਂ ਵਿਸ਼ਣੂ ਸ਼ਰਣ ਦੁਬਿਲਸ਼, ਪੁਨਾ ਤੋਂ ਰਾਮ ਕ੍ਰਿਸ਼ਣ ਖੱਤਰੀ। ਰਾਇਬ੍ਰੇਲੀ ਤੋਂ ਬਨਵਾਰੀ ਲਾਲ ਸਹਾਰਨਪੁਰ ਤੋਂ ਰਾਮ ਪ੍ਰਸਾਦਿ ਬਿਸਮਿਲ। ਸ਼ਾਹਜਹਾਂਪੁਰ ਤੋਂ ਬਨਾਰਸੀ ਲਾਲ, ਲਾਲਾ ਹਰਗੋਵਿੰਦ, ਪ੍ਰੇਮ ਕ੍ਰਿਸ਼ਣ ਖੰਨਾ, ਇੰਦੂਭੂਸ਼ਣ ਮਿਤਰਾ, ਠਾਕੁਰ ਰੋਸ਼ਨ ਸਿੰਘ, ਰਾਮਦਤ ਸ਼ੁਕਲਾ, ਮਦਨ ਲਾਲ, ਰਾਮਰਤਨ ਸ਼ੁਕਲਾ। ਫਰਾਰ ਹੋਣ ਵਾਲਿਆਂ ਵਿੱਚੋਂ ਦੋ ਨੂੰ ਪੁਲੀਸ ਨੇ ਬਾਅਦ ਵਿੱਚ ਗ੍ਰਿਫਤਾਰ ਕੀਤਾ। ਉਨ੍ਹਾਂ ਵਿੱਚ ਦਿੱਲੀ ਤੋਂ ਅਸ਼ਫਾਕ ਉਲਾ ਖਾਂ ਤੇ ਭਾਗਲਪੁਰ ਤੋਂ ਸਚਿੰਦਰਨਾਥ ਬਖਸ਼ੀ ਉਪਰੋਕਤ 40 ਵਿਅਕਤੀਆਂ ਵਿੱਚੋਂ ਤਿੰਨ ਸਚਿੰਦਰਨਾਥ ਸਾਨਿਆਲ ਬਾਕੂਰਾ ਵਿੱਚ, ਯੋਗੇਸ਼ਚੰਦਰ ਚੈਟਰਜੀ ਹਾਵੜਾ ਵਿੱਚ ਤੇ ਰਾਜੇਂਦਰਨਾਥ ਲਹਿਰੀ ਦਕਸ਼ੀਨੇਸਵਰ ਬੰਬ ਵਿਸਫੋਟ ਮਾਮਲੇ ਵਿੱਚ ਕਲਕੱਤੇ ਵਿੱਚ ਪਹਿਲਾ ਹੀ ਗ੍ਰਿਫਤਾਰ ਹੋ ਚੁੱਕੇ ਸਨ ਅਤੇ ਦੋ ਜਣੇ ਅਸ਼ਫਾਕ ਉਲਾ ਖਾਂ ਅਤੇ ਸਚਿੰਦਰਨਾਥ ਬਖਸ਼ੀ ਨੂੰ ਤਦ ਗ੍ਰਿਫਤਾਰ ਕੀਤਾ ਜਾ ਚੁੱਕਾ ਸੀ ਜਦ ਮੁੱਖ ਕਾਕੋਰੀ ਸਾਜਿਸ਼ ਕੇਸ ਦਾ ਫੈਸਲਾ ਹੋ ਚੁੱਕਾ ਸੀ। ਇਨ੍ਹਾਂ ਦੋਵਾਂ 'ਤੇ ਵੱਖਰੇ ਤੌਰ 'ਤੇ ਸਪਲੀਮੈਂਟਰੀ ਕੇਸ ਦਰਜ ਕੀਤਾ ਗਿਆ।

ਕਾਕੋਰੀ ਕਾਂਡ ਵਿੱਚ ਸ਼ਾਮਲ ਕੇਵਲ 10 ਲੋਕਾਂ ਨੂੰ ਨਾਮਜਦ ਕੀਤਾ ਗਿਆ। ਇਨ੍ਹਾਂ 10 ਵਿੱਚੋਂ ਪੰਜ ਚੰਦਰ ਸ਼ੇਖਰ ਆਜ਼ਾਦ, ਮੁਰਾਰੀ ਸ਼ਰਮਾ, ਕੇਸ਼ਵ ਚਕਰਵਰਤੀ, ਅਸ਼ਫਾਕ ਉਲਾ ਖਾਂ ਤੇ ਸਚਿੰਦਰਨਾਥ ਬਖਸ਼ੀ ਜੋ ਉਸ ਸਮੇਂ ਪੁਲੀਸ ਦੇ ਹੱਥ ਨਹੀਂ ਆਏ ਸਨ, ਬਾਕੀ ਸਾਰਿਆਂ ਉਪਰ ਸਰਕਾਰ ਬਨਾਮ ਰਾਮ ਪ੍ਰਸਾਦਿ ਬਿਸਮਿਲ ਤੇ ਹੋਰ ਦੇ ਨਾਂ ਕੇਸ ਚੱਲਿਆ ਤੇ ਉਨ੍ਹਾਂ ਨੂੰ ਸਾਲ ਤੋਂ ਲੈ ਕੇ ਫਾਂਸੀ ਤੱਕ ਦੀ ਸਜ਼ਾ ਦਿੱਤੀ। ਇਨ੍ਹਾਂ ਨੂੰ ਛੱਡ ਕੇ ਬਾਕੀ ਜਿਨ੍ਹਾਂ ਨੂੰ ਅਖੀਰ ਗ੍ਰਿਫਤਾਰ ਕੀਤਾ ਗਿਆ ਸੀ ਉਨ੍ਹਾਂ ਵਿੱਚੋਂ 14 ਨੂੰ ਰਿਹਾਅ ਕਰ ਦਿੱਤਾ। ਇਸ ਤਰ੍ਹਾਂ ਇਨ੍ਹਾਂ ਇਨਕਲਾਬੀਆਂ ਨੇ ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਕਰਵਾਉਣ ਲਈ ਆਪਣਾ ਆਪ ਕੁਰਬਾਨ ਕਰ ਦਿੱਤਾ, ਜਿਨ੍ਹਾਂ ਸਦਕਾ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਅੱਜ ਲੋੜ ਹੈ ਸਾਨੂ ਨੂੰਸ਼ ਅੰਦਰ ਇਨ੍ਹਾਂ ਆਜ਼ਾਦੀ ਘੁਲਾਟੀਆਂ ਦੇ ਸੁਪਨੇ ਸਾਕਾਰ ਕਰਨ ਦਾ ਉਪਰਾਲਾ ਕਰੀਏ। ਦੇਸ਼ ਅੰਦਰ ਫ਼ਿਰਕਾਪ੍ਰਸਤੀ, ਨਾ ਬਰਾਬਰੀ, ਅਨਪੜ੍ਹਤਾ, ਬੇਰੁਜ਼ਗਾਰੀ, ਜਾਤ ਪਾਤ ਗ਼ਰੀਬੀ ਵਰਗੀਆਂ ਲਾਹਨਤਾਂ ਨੂੰ ਖਤਮ ਕਰੀਏ।

# ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਵੱਲੋਂ ਨੌਵਾਂ ਨਗਰ ਕੀਰਤਨ 14 ਜਨਵਰੀ ਨੂੰ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ (43, Currows Street “auranga) ਜਿੱਥੇ ਪਹਿਲੀ ਵਾਰ 4 ਜਨਵਰੀ 2013 ਨੂੰ ਪਹਿਲਾ ਨਗਰ ਕੀਰਤਨ ਸਜਾਇਆ ਗਿਆ ਸੀ, ਇਸ ਵਾਰ 14 ਜਨਵਰੀ 2024 (ਦਿਨ ਐਤਵਾਰ) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 357ਵੇਂ ਪਵਿੱਤਰ ਪ੍ਰਕਾਸ਼ ਉਤਸਵ ਨੂੰ ਸਮਰਪਿਤ ਨੌਵਾਂ ਨਗਰ ਕੀਰਤਨ ਸਜਾ ਰਿਹਾ ਹੈ। ਇਸ ਗੁਰਪੁਰਬ ਸਬੰਧੀ 12 ਜਨਵਰੀ ਨੂੰ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋ ਜਾਣਗੇ ਜਿਨ੍ਹਾਂ ਦੇ ਭੋਗ 14 ਜਨਵਰੀ ਨੂੰ ਸਵੇਰੇ 9 ਵਜੇ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਸਜੇਗਾ ਅਤੇ ਨਗਰ ਕੀਰਤਨ ਦੀ ਆਰੰਭਤਾ ਦੀ ਅਰਦਾਸ ਹੋਵੇਗੀ। ਗੁਰੂ ਸਾਹਿਬਾਂ ਦੀ ਸਰਪ੍ਰਸਤੀ ਦੇ ਵਿਚ ਇਹ ਵਿਸ਼ਾਲ ਨਗਰ ਕੀਰਤਨ 11 ਤੋਂ 3 ਵਜੇ ਤੱਕ ਸਜਾਏ ਜਾਣਗੇ। ਸੁੰਦਰ ਬਾਣੇ ਦੇ ਵਿਚ ਪੰਜ ਨਿਸ਼ਾਨਚੀ ਕੇਸਰੀ ਨਿਸ਼ਾਨ ਸਾਹਿਬ ਅੱਗੇ ਲੈ ਕੇ ਚੱਲਣਗੇ, ਪੰਜ ਪਿਆਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਦੇ ਵਿਚ ਨਗਰ ਕੀਰਤਨ ਦੀ ਅਗਵਾਈ ਕਰਨਗੇ। ਵੱਡੇ ਟਰੱਕ ਦੇ ਵਿਚ ਪਾਲਕੀ ਸਾਹਿਬ ਨੂੰ ਸਜਾਇਆ ਜਾਵੇਗਾ ਤੇ ਗੁਰੂ ਸਾਹਿਬ ਬਿਰਾਜਮਾਨ ਰਹਿਣਗੇ। ਹਜ਼ੂਰੀ ਰਾਗੀ ਭਾਈ ਤਜੇਸ਼ਵਰ ਸਿੰਘ (ਤਖ਼ਤ ਸ੍ਰੀ ਕੇਸਗੜ੍ਹ ਸਾਹਿਬ) ਵਾਲੇ ਕੀਰਤਨ ਦੇ ਨਾਲ ਸੰਗਤਾਂ ਨੂੰ ਪੂਰੇ ਚਾਲੇ ਦੌਰਾਨ ਨਿਹਾਲ ਕਰਨਗੇ। ਭਾਈ ਮੰਦੀਪ ਸਿੰਘ ਵੱਲੋਂ ਆਪਣੇ ਗਤਕਾ ਟੀਮ ਦੇ ਨਾਲ ਸਿੱਖ ਮਾਰਸ਼ਲ ਆਰਟ ਦਾ ਪ੍ਰਦਰਸ਼ਨ ਕੀਤਾ ਜਾਵੇਗਾ। ਨਗਰ ਕੀਰਤਨ ਦਾ ਮੁੱਖ ਪੜਾਅ ਲੜਕਿਆਂ ਦੇ ਕਾਲਜ ਵਿਚ ਹੋਵੇਗਾ ਜਿੱਥੇ ਆਏ ਮਹਿਮਾਨ ਸੰਗਤਾਂ ਦੇ ਨਾਲ ਵਧਾਈ ਸੰਦੇਸ਼ ਸਾਂਝੇ ਕਰਨਗੇ ਅਤੇ ਗਤਕੇ ਦਾ ਪ੍ਰਦਰਸ਼ਨ ਹੋਵੇਗਾ। ਸਥਾਨਕ ਸੰਸਦ ਮੈਂਬਰ, ਏਥਨਿਕ ਮੰਤਰੀ ਸ੍ਰੀਮਤੀ ਮਲੀਸ਼ਾ





ਲੀਅ, ਕੌਂਸਿਲ ਅਤੇ ਹੋਰ ਕਮਿਊਨਿਟੀ ਆਗੂ ਵੀ ਸ਼ਮੂਲੀਅਤ ਕਰਨਗੇ। ਪੰਜਾਬ ਤੋਂ ਪਥਕ ਸਖਸ਼ੀਅਤਾਂ ਦੇ ਪਹੁੰਚਣ ਦੀ ਵੀ ਉਮੀਦ ਹੈ।

ਰਸਤੇ ਵਿਚ ਸ਼ਰਧਾਵਾਨ ਪਰਿਵਾਰਾਂ ਵੱਲੋਂ ਸੰਗਤ ਦੀ ਸੇਵਾ ਵਿਚ ਪੇਯਜਲ ਅਤੇ ਫਲ ਫਰੂਟ ਹਾਜ਼ਿਰ ਰਹੇਗਾ। ਟ੍ਰੈਫਿਕ ਪੁਲਿਸ ਆਵਾਜਾਈ ਕੰਟਰੋਲ ਕਰੇਗੀ। ਸੰਗਤਾਂ ਨੂੰ ਕੇਸਰੀ ਦਸਤਾਰਾਂ ਅਤੇ ਕੇਸਕੀ ਦੁਪੱਟੇ ਲੈ ਕੇ ਆਉਣ ਦੀ ਬੇਨਤੀ ਕੀਤੀ ਗਈ ਹੈ।

ਗੁਰਦੁਆਰਾ ਸਾਹਿਬ ਵੱਡੇ ਅਸਥਾਨ ਵਿਚ ਤਬਦੀਲ ਹੋਵੇਗਾ: ਜਾਣਕਾਰੀ ਮਿਲੀ ਹੈ ਕਿ ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਅਗਲੇ ਸਾਲ ਤੱਕ ਨਵੇਂ ਅਸਥਾਨ 17 ਸ਼ੇਰਸਨ ਸਟ੍ਰੀਟ ਉਤੇ ਤਬਦੀਲ ਹੋ ਜਾਵੇਗਾ ਜੇਕਰ ਸਾਰੀਆਂ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਜਾ ਸਕਿਆ। ਇਹ ਜਗ੍ਹਾ 4456 ਵਰਗ ਮੀਟਰ ਦੀ ਹੈ ਅਤੇ ਇਥੇ ਦਾ ਫਲੋਰ ਏਰੀਆ 1286 ਦੇ ਕਰੀਬ ਹੈ। ਇਥੇ ਪਾਰਕਿੰਗ ਵਾਸਤੇ ਵੀ ਬਹੁਤ ਸਾਰੀ ਜਗ੍ਹਾ ਹੈ ਅਤੇ ਰਿਹਾਇਸ਼ੀ ਕਮਰਿਆਂ ਆਦਿ ਦਾ ਵੀ ਪ੍ਰਬੰਧ ਹੈ।